@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 26 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 26 ਮਈ 2024, 12 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 186, qpatrika@gmail.com ਫੋਨ : 9971359517 www.qaumipatrika.org

## ਕੇਜਰੀਵਾਲ ਨੇ ਪਾਕਿ ਦੇ ਸਾਬਕਾ ਮੰਤਰੀ ਨੂੰ ਲਾਈ ਫਟਕਾਰ, ਕਿਹਾ- ਅੱਤਵਾਦ ਦੇ ਸਪਾਂਸਰਾਂ ਦਾ ਦਖਲ ਬਰਦਾਸ਼ਤ ਨਹੀਂ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 25 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਨੂੰ ਪਾਕਿਸਤਾਨ ਦੇ ਸਾਬਕਾ ਮੰਤਰੀ ਚੌਧਰੀ ਫਵਾਦ ਹੁਸੈਨ ਨੂੰ ਉਨ੍ਹਾਂ ਦੇ ਉਸ ਬਿਆਨ ਨੂੰ ਲੈ ਕੇ ਫਟਕਾਰ ਲਾਈ ਹੈ, ਜਿਸ ਵਿਚ ਚੌਧਰੀ ਨੇ ਲੋਕ ਸਭਾ ਚੋਣਾਂ 'ਚ ਨਫਰਤ ਫੈਲਾਉਣ ਵਾਲੀ ਅਤੇ ਕੱਟੜਪੰਥੀ ਤਾਕਤਾਂ ਦੀ ਹਾਰ ਦੀ ਅਪੀਲ ਕੀਤੀ ਹੈ। ਕੇਜਰੀਵਾਲ ਨੇ ਕਿਹਾ ਕਿ ਚੋਣਾਂ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਇਹ ਅੱਤਵਾਦ ਦੇ ਸਭ ਤੋਂ ਵੱਡੇ ਸਪਾਂਸਰਾਂ ਦੇ ਦਖਲ ਨੂੰ ਬਰਦਾਸ਼ਤ ਨਹੀਂ ਕਰੇਗਾ। ਕੇਜਰੀਵਾਲ ਦੀ ਪੋਸਟ ਨੂੰ 'ਐਕਸ' 'ਤੇ ਸਾਂਝਾ ਕਰਦਿਆਂ 'ਮੋਰ ਪਾਵਰ' ਅਤੇ 'ਇੰਡੀਆ ਇਲੈਕਸ਼ਨ 2024' ਹੈਸ਼ਟੈਗ ਨਾਲ ਹੁਸੈਨ ਨੇ ਕਿਹਾ ਕਿ ਸ਼ਾਂਤੀ ਅਤੇ ਸਦਭਾਵਨਾ ਨਫਰਤ ਫੈਲਾਉਣ ਵਾਲੀ ਅਤੇ ਕੱਟੜਪੰਥੀ ਤਾਕਤਾਂ ਨੂੰ ਹਰਾ ਦੇਵੇ। ਹੁਸੈਨ ਦੇ ਪੋਸਟ ਦੇ ਕੁਝ ਮਿੰਟ ਬਾਅਦ ਕੇਜਰੀਵਾਲ ਨੇ ਉਨ੍ਹਾਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੋਸਟ ਗੈਰ-ਜਰੂਰੀ ਹੈ। ਕੇਜਰੀਵਾਲ ਨੇ ਆਪਣੀ ਪੋਸਟ ਵਿਚ ਕਿਹਾ ਕਿ ਚੌਧਰੀ ਸਾਹਿਬ, ਮੇਰੇ ਦੇਸ਼ ਦੇ ਲੋਕ ਅਤੇ ਮੈਂ ਆਪਣੇ ਮਸਲਿਆਂ ਨੂੰ ਸੰਭਾਲਣ ਵਿਚ ਪੂਰੀ ਤਰ੍ਹਾਂ ਸਮਰੱਥ ਹਾਂ। ਤੁਹਾਡੀ ਟਿੱਪਣੀ ਦੀ ਲੋੜ ਨਹੀਂ ਹੈ। ਪਾਕਿਸਤਾਨ ਦੇ ਹਾਲਤ ਫ਼ਿਲਹਾਲ ਬਹੁਤ ਖਰਾਬ ਹਨ। ਤੁਸੀਂ ਆਪਣੇ ਦੇਸ਼ ਦਾ ਖਿਆਲ ਰੱਖੋ। ਇਕ ਹੋਰ ਪੋਸਟ ਵਿਚ ਮੁੱਖ ਮੰਤਰੀ ਨੇ ਕਿਹਾ



ਕਿ ਚੋਣਾਂ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਦੇਸ਼ ਅੱਤਵਾਦ ਦੇ ਸਭ ਤੋਂ ਵੱਡੇ ਸਪਾਂਸਰਾਂ ਦੇ ਦਖਲ ਨੂੰ ਬਰਦਾਸ਼ਤ ਨਹੀਂ ਕਰੇਗਾ। ਕੇਜਰੀਵਾਲ ਦੇ ਪੋਸਟ ਦੇ ਜਵਾਬ ਵਿਚ ਹੁਸੈਨ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ! ਅਸਲ ਵਿਚ ਚੋਣਾਂ ਤੁਹਾਡਾ ਆਪਣਾ ਮਾਮਲਾ ਹੈ ਪਰ ਉਮੀਦ ਹੈ ਕਿ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਕੱਟੜਵਾਦ, ਭਾਵੇਂ ਪਾਕਿਸਤਾਨ ਹੋਵੇ ਜਾਂ ਭਾਰਤ 'ਚ, ਇਕ ਸਰਹੱਦ ਰਹਿਤ ਸੰਕਲਪ ਹੈ ਅਤੇ ਹਰ ਕਿਸੇ ਲਈ ਖਤਰਨਾਕ ਹੈ, ਭਾਵੇਂ ਉਹ ਬੰਗਲਾਦੇਸ, ਪਾਕਿਸਤਾਨ ਜਾਂ ਭਾਰਤ ਹੋਵੇ। ਇਸ ਲਈ ਹਰ ਵਿਅਕਤੀ ਜਿਸ ਕੋਲ ਕੁਝ ਚੇਤਨਾ ਹੈ, ਨੂੰ ਚਿੰਤਾ ਕਰਨੀ ਚਾਹੀਦੀ ਹੈ..." ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਹਾਲਾਤ ਆਦਰਸ ਸਥਿਤੀ ਤੋਂ ਦੂਰ ਹਨ ਪਰ ਲੋਕਾਂ ਨੂੰ ਇਕ ਬਿਹਤਰ ਸਮਾਜ ਲਈ ਕੋਸ਼ਿਸ ਕਰਨੀ ਚਾਹੀਦੀ ਹੈ, ਉਹ ਜਿੱਥੇ ਵੀ ਹੋਣ। ਕੇਜਰੀਵਾਲ 'ਤੇ ਨਿਸਾਨਾ ਸਾਧਦੇ ਹੋਏ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੋਸ ਲਗਾਇਆ ਕਿ ਪਾਕਿਸਤਾਨ ਵੀ 'ਆਪ' ਨੇਤਾ ਦੀ ਭ੍ਰਿਸਟਾਚਾਰ ਦੀ ਰਾਜਨੀਤੀ ਦੇ ਸਮਰਥਨ 'ਚ ਆ ਗਿਆ ਹੈ। ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਹਿੰਦੀ ਰਹੀ ਹੈ ਕਿ "ਕੇਜਰੀਵਾਲ ਦੇਸ ਦੇ ਦੁਸਮਣਾਂ ਨਾਲ ਮਿਲੇ ਹੋਏ ਹਨ।" ਉਨ੍ਹਾਂ ਨੇ ਕੇਜਰੀਵਾਲ ਦੀ ਰਿਹਾਈ 'ਤੇ ਸੋਸਲ ਮੀਡੀਆ ਪੋਸਟ ਵੀ ਲਿਖੀ। ਪੰਜ ਪੜਾਵਾਂ ਦੀਆਂ ਚੋਣਾਂ ਹੋ ਚੁੱਕੀਆਂ ਹਨ ਪਰ ਕੋਈ ਟਿੱਪਣੀ ਨਹੀਂ ਕੀਤੀ ਗਈ, ਹੁਣ ਜਦੋਂ ਦਿੱਲੀ ਵਿਚ ਚੋਣਾਂ ਹੋ ਰਹੀਆਂ ਹਨ ਤਾਂ ਪਾਕਿਸਤਾਨ ਤੋਂ ਇਕ ਬਿਆਨ ਆਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਕੇਜਰੀਵਾਲ ਨੂੰ ਪਾਕਿਸਤਾਨ ਦਾ ਸਮਰਥਨ ਹਾਸਲ ਹੈ।

## ਮਹਿਬੂਬਾ ਮੁਫਤੀ ਨੇ ਉਮੀਦਵਾਰਾਂ ਨੂੰ ਕਿਹਾ, ਉਮੀਦ ਹੈ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ

ਸ਼੍ਰੀਨਗਰ 25 ਮਈ। ਅਨੰਤਨਾਗ-ਰਾਜੌਰੀ ਲੋਕ ਸਭਾ ਖੇਤਰ 'ਚ ਚੋਣਾਂ ਤੋਂ ਇਕ ਦਿਨ ਪਹਿਲੇ ਸ਼ੁੱਕਰਵਾਰ ਨੂੰ ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਮੁਖੀ ਮਹਿਬੂਬਾ ਮੁਫਤੀ ਨੇ ਆਪਣੇ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ,"ਉਮੀਦ ਹੈ ਕਿ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ ਅਤੇ ਸੰਸਦ 'ਚ ਤੁਹਾਡੀ ਵਕਾਲਤ ਕਰਨ ਦਾ ਮੌਕਾ ਪ੍ਰਦਾਨ ਕਰੋਗੇ।" ਇਸ ਚੋਣ ਖੇਤਰ 'ਤੇ ਉਨ੍ਹਾਂ ਦਾ ਮੁਕਾਬਲਾ ਨੈਸ਼ਨਲ ਕਾਨਫਰੰਸ ਦੇ ਮੀਆਂ ਅਲਤਾਫ ਅਤੇ 18 ਹੋਰ ਉਮੀਦਵਾਰਾਂ ਨਾਲ ਹੈ। ਇਹ ਚੋਣਾਂ ਚੋਣ ਖੇਤਰ ਦੀ ਵਿਵਾਦਿਤ ਹੱਦਬੰਦੀ ਤੋਂ ਬਾਅਦ ਹੋ ਰਹੀਆਂ ਹਨ। ਇੱਥੇ ਸ਼ਨੀਵਾਰ ਨੂੰ ਵੋਟਿੰਗ ਹੋਵੇਗੀ। ਉਸ ਸਮੇਂ ਜੰਮੂ ਕਸ਼ਮੀਰ ਰਾਜ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਜਾਰੀ ਵੀਡੀਓ ਸੰਦੇਸ਼ 'ਚ ਕਿਹਾ,"ਕੱਲ੍ਹ ਤੁਸੀਂ ਲੋਕ ਵੋਟਿੰਗ ਕਰੋਗੇ। ਮੈਂ ਤੁਹਾਨੂੰ ਅਪੀਲ ਕਰਦੀ ਹਾਂ ਕਿ ਵੋਟਿੰਗ ਕਰਨ ਤੋਂ ਪਹਿਲਾਂ ਸੋਚੋ ਕਿ ਮੁਸ਼ਕਲ ਸਮੇਂ 'ਚ ਤੁਹਾਡਾ ਸਾਥ ਕਿਸ ਨੇ ਦਿੱਤਾ।" ਮਹਿਬੂਬਾ ਮੁਫਤੀ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੀ ਪਾਰਟੀ ਨੇ ਜਨਤਾ ਦੀਆਂ ਸਮੱਸਿਆਵਾਂ ਨੂੰ ਚੁੱਕਣ ਦੀ ਭਾਰੀ ਕੀਮਤ ਚੁਕਾਈ ਹੈ। ਉਨ੍ਹਾਂ ਕਿਹਾ,"ਇਸ ਦੇ ਬਾਵਜੂਦ, ਮੈਂ ਜਾਤੀ ਅਤੇ ਧਰਮ ਤੋਂ ਪਰੇ ਹੋ ਕੇ ਨਿਆਂ ਲਈ ਆਵਾਜ ਚੁੱਕੀ ਅਤੇ ਇਹ ਜਾਰੀ ਰੱਖਾਂਗੀ।" ਸਾਬਕਾ ਮੁੱਖ ਮੰਤਰੀ ਨੇ ਕਿਹਾ,"ਤੁਹਾਡੇ ਸਮਰਥਨ ਅਤੇ ਮੇਰੇ ਪੱਖ 'ਚ ਵੋਟ ਦੇ ਕੇ ਤੁਸੀਂ ਯਕੀਨੀ ਤੌਰ 'ਤੇ ਮੈਨੂੰ ਸੰਸਦ 'ਚ ਤੁਹਾਡਾ ਪੱਖ ਰੱਖਣ ਅਤੇ ਜਿਨ੍ਹਾਂ ਸਮੱਸਿਆਵਾਂ ਦਾ ਅਸੀਂ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨੂੰ ਚੁੱਕਣ ਦਾ ਮੌਕਾ ਦੇਵੋਗੇ।" ਮਹਿਬੂਬਾ ਨੇ ਨਾ ਸਿਰਫ ਗੁੱਜਰ ਨੇਤਾ ਅਤੇ ਸਾਬਕਾ ਮੰਤਰੀ ਮੀਆਂ ਅਲਤਾਫ ਅਹਿਮਦ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸਗੋਂ 'ਆਪਣੀ ਪਾਰਟੀ' ਦੇ ਜਫਰ ਇਕਬਾਲ ਮਨਹਾਸ ਤੋਂ ਵੀ ਸਖਤ ਚੁਣੌਤੀ ਮਿਲ ਰਹੀ ਹੈ। ਮਨਹਾਸ ਨੂੰ ਉਮੀਦ ਹੈ ਕਿ ਪੀਰ ਪੰਜਾਲ 'ਚ ਭਾਜਪਾ ਦੇ ਸਮਰਥਨ ਨਾਲ ਉਹ ਪੀਡੀਪੀ ਅਤੇ ਨੇਕਾਂ ਉਮੀਦਵਾਰ ਨੰ ਹਰਾਉਣ 'ਚ ਸਫਲ ਹੋਣਗੇ। ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜਾਦ ਦੀ ਡੈਮੋਕ੍ਰੇਟਿਕ ਪ੍ਰੋਗ੍ਰੇਸਿਵ ਆਜਾਦ ਪਾਰਟੀ (ਡੀਪੀਏਪੀ) ਨੇ ਮੁਹੰਮਦ ਸਲੀਮ ਪਰੇ ਨੂੰ ਇਸ ਸੀਟ ਤੋਂ ਮੈਦਾਨ 'ਚ ਉਤਾਰਿਆ ਹੈ।

## ਕਾਂਗਰਸ ਦਾ ਦਾਅਵਾ, ਘੱਟੋ-ਘੱਟ 300 ਸੀਟਾਂ ਜਿੱਤੇਗਾ 'ਇੰਡੀਆ' ਗੱਠਜੋੜ

ਨੈਸ਼ਨਲ ਡੈਸਕ 25 ਮਈ। ਕਾਂਗਰਸ ਦੇ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ ਨੇ ਦਾਅਵਾ ਕੀਤਾ ਹੈ ਕਿ 'ਇੰਡੀਆ' ਗੱਠਜੋੜ ਨੂੰ



ਘੱਟੋ-ਘੱਟ 300 ਸੀਟਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ 'ਚ ਅਸੀਂ ਦੱਖਣੀ ਭਾਰਤ 'ਚ ਬਹੁਤ ਵਧੀਆ ਪ੍ਰਦਰਸਨ ਕੀਤਾ ਹੈ। ਸਾਰਿਆਂ ਨੇ ਕਿਹਾ ਕਿ ਭਾਜਪਾ ਉੱਤਰ ਭਾਰਤ 'ਚ ਜਿੱਤ ਦਾ ਝੰਡਾ ਲਹਿਰਾਉਣ ਜਾ ਰਹੀ ਹੈ ਜਾਂ ਉਹੀ ਨੰਬਰ ਦੁਹਰਾਏਗੀ ਪਰ ਅਜਿਹਾ ਬਿਲਕੁਲ ਨਹੀਂ ਹੋਣ ਵਾਲਾ ਹੈ। ਸਾਡੀ ਅੰਦਰੂਨੀ ਰਿਪੋਰਟ ਬਹੁਤ ਸਪੱਸਟ ਹੈ ਕਿ ਰਾਜਸਥਾਨ, ਹਰਿਆਣਾ, ਯੂ. ਪੀ., ਬਿਹਾਰ, ਮਹਾਰਾਸਟਰ, ਦਿੱਲੀ ਆਦਿ ਇਨ੍ਹਾਂ ਸਾਰੀਆਂ ਥਾਵਾਂ 'ਤੇ ਕਾਂਗਰਸ ਅਤੇ 'ਇੰਡੀਆ' ਗੱਠਜੋੜ ਨੂੰ ਵੱਧ ਸੀਟਾਂ ਮਿਲਣਗੀਆਂ। 'ਇੰਡੀਆ' ਗੱਠਜੋੜ ਸਪੱਸਟ ਤੌਰ 'ਤੇ ਜਿੱਤ ਦੀ ਸਥਿਤੀ ਵਿਚ ਹੈ। ਕਾਂਗਰਸ ਦੇ ਜਨਰਲ ਸਕੱਤਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਰਗੇ ਕੱਦ ਦੇ ਕਿਸੇ ਵਿਅਕਤੀ ਵੱਲੋਂ ਕਦੇ ਵੀ ਇਸ ਤਰ੍ਹਾਂ ਦੀ ਨੀਵੇਂ ਪੱਧਰ ਦੀ ਟਿੱਪਣੀ ਨਹੀਂ ਕੀਤੀ ਗਈ ਹੈ। ਸਿਰਫ ਇਕ ਨਿਰਾਸ਼ ਵਿਅਕਤੀ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰ ਸਕਦਾ ਹੈ। ਲੋਕ ਜਾਣਦੇ ਹਨ ਕਿ ਉਹ ਝੂਠ ਬੋਲ ਰਹੇ ਹਨ। ਉਹ ਝੂਠੀਆਂ ਕਹਾਣੀਆਂ ਨਾਲ ਦੇਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ ਕਰ ਰਹੇ ਹਨ। ਤੁਸੀਂ ਹਰ ਵਾਰ ਦੇਸ ਨੂੰ ਗੁੰਮਰਾਹ ਨਹੀਂ ਕਰ ਸਕਦੇ। ਭਾਜਪਾ ਦੇ ਸੰਸਦ ਮੈਂਬਰ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਸੰਵਿਧਾਨ ਬਦਲਣ ਲਈ 400 ਸੀਟਾਂ ਚਾਹੀਦੀਆਂ ਹਨ। ਇਹ ਸਰਕਾਰ ਲੋਕਤੰਤ੍ਰਿਕ ਸਰਕਾਰ ਨਹੀਂ ਹੈ। ਕੇ. ਸੀ. ਵੇਣੂਗੋਪਾਲ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਦੇ ਸੁਕਰਗੁਜਾਰ ਹਾਂ ਕਿਉਂਕਿ ਉਨ੍ਹਾਂ ਸਾਡੇ ਚੋਣ ਮਨੋਰਥ ਪੱਤਰ ਲਈ ਬਹੁਤ ਪ੍ਰਚਾਰ ਕੀਤਾ ਹੈ। ਭਾਵੇਂ ਕਿ ਉਹ ਚੋਣ ਮਨੋਰਥ ਪੱਤਰ ਦੀ ਝੂਠੀ ਕਹਾਣੀ ਘੜ ਰਹੇ ਹੋਣ। ਉਨ੍ਹਾਂ ਕਿਹਾ ਕਿ ਅਸੀਂ ਰਾਏਬਰੇਲੀ ਨੂੰ ਭਾਰੀ ਬਹੁਮਤ ਨਾਲ ਜਿੱਤਾਂਗੇ ਅਤੇ ਯਕੀਨੀ ਤੌਰ 'ਤੇ ਅਮੇਠੀ ਨੂੰ ਵਾਪਸ ਲਿਆਵਾਂਗੇ। ਜਮੀਨੀ ਰਿਪੋਰਟ ਬਹੁਤ ਸਪੱਸਟ ਹੈ ਕਿ ਦੋਵੇਂ ਸੀਟਾਂ ਕਾਂਗਰਸ ਦੀਆਂ ਹੋਣਗੀਆਂ। ਅਸੀਂ ਉੱਤਰ ਪ੍ਰਦੇਸ 'ਚ ਭਾਜਪਾ ਦੀ ਗਿਣਤੀ ਨੂੰ ਬਹੁਤ ਘੱਟ ਕਰਨ ਜਾ ਰਹੇ ਹਾਂ। ਕਾਂਗਰਸ ਦੇ ਜਨਰਲ ਸਕੱਤਰ ਨੇ ਕਿਹਾ ਕਿ ਅਸੀਂ ਉਨ੍ਹਾਂ ਸੀਟਾਂ 'ਤੇ ਬਹੁਤ ਬਾਰੀਕੀ ਨਾਲ ਨਜਰ ਰੱਖ ਰਹੇ ਹਾਂ, ਜਿਨ੍ਹਾਂ 'ਤੇ ਅਗਲੇ ਦੋ ਪੜਾਵਾਂ 'ਚ ਚੋਣ ਹੋਣ ਜਾ ਰਹੀ ਹੈ। ਸਾਡੇ ਉਮੀਦਵਾਰ, ਪਾਰਟੀ ਮਸੀਨਰੀ, ਗੱਠਜੋੜ ਮਸੀਨਰੀ ਵੱਧ ਤੋਂ ਵੱਧ ਸੀਟਾਂ ਜਿੱਤਣ ਲਈ ਵਧੀਆ ਕੰਮ ਕਰ ਰਹੀ ਹੈ। ਸਾਨੂੰ ਵੱਧ ਤੋਂ ਵੱਧ ਸੀਟਾਂ ਜਿੱਤਣ ਦਾ ਭਰੋਸਾ ਹੈ। ਸਾਨੂੰ ਪੂਰਾ ਵਿਸਵਾਸ ਹੈ ਕਿ ਪੰਜਾਬ 'ਚ ਵੀ ਸਾਨੂੰ ਬਹੁਮਤ ਮਿਲੇਗਾ। ਅਸੀਂ ਹਿਮਾਚਲ 'ਚ ਵੀ ਬਿਹਤਰ ਪ੍ਰਦਰਸ਼ਨ ਕਰਨ ਜਾ ਰਹੇ ਹਾਂ। ਅਸੀਂ ਚੰਗੇ ਨਤੀਜੇ ਦੀ ਉਮੀਦ ਕਰ ਰਹੇ ਹਾਂ। ਸਾਡਾ ਉਦੇਸ ਇਸ ਤਾਨਾਸਾਹੀ, ਲੋਕਤੰਤਰ ਵਿਰੋਧੀ ਸਰਕਾਰ ਨੂੰ ਕੇਂਦਰ ਤੋਂ ਹਟਾਉਣਾ ਹੈ।

## ਲੋਕ ਸਭਾ ਚੋਣਾਂ: 6ਵੇਂ ਪੜਾਅ 'ਚ 57.70 ਫੀਸਦੀ ਵੋਟਿੰਗ

**ਏਜੰਸੀਆਂ**

ਨਵੀ ਦਿੱਲੀ 25 ਮਈ। ਲੋਕ ਸਭਾ ਚੋਣਾਂ ਦੇ 6ਵੇਂ ਪੜਾਅ ਲਈ ਅੱਜ ਯਾਨੀ ਕਿ 25 ਮਈ ਵੋਟਾਂ ਪੈ ਰਹੀਆਂ ਹਨ। ਇਸ ਪੜਾਅ ਵਿਚ 6 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 58 ਸੀਟਾਂ 'ਤੇ ਵੋਟਾਂ ਪੈ ਰਹੀਆਂ ਹਨ। ਦਿੱਲੀ ਦੀਆਂ 7 ਅਤੇ ਹਰਿਆਣਾ ਦੀਆਂ 10 ਸੀਟਾਂ ਸਮੇਤ ਉੱਤਰ ਪ੍ਰਦੇਸ਼ ਦੀ 14, ਬਿਹਾਰ ਦੀਆਂ 8, ਪੱਛਮੀ ਬੰਗਾਲ ਦੀਆਂ 8, ਝਾਰਖੰਡ ਦੀਆਂ 4 ਅਤੇ ਓਡੀਸ਼ਾ ਦੀਆਂ 6 ਸੀਟਾਂ ਅਤੇ ਇਸ ਦੇ ਨਾਲ ਹੀ ਜੰਮੂ ਕਸ਼ਮੀਰ ਦੀ ਅਨੰਤਨਾਗ-ਰਾਜੌਰੀ ਸੀਟ ਲਈ ਵੀ ਇਸੇ ਪੜਾਅ 'ਚ ਵੋਟਿੰਗ ਹੋ ਰਹੀ ਹੈ। ਦੱਸ ਦੇਈਏ ਕਿ ਅੱਜ 6ਵੇਂ ਪੜਾਅ ਦੀ ਵੋਟਿੰਗ ਮਗਰੋਂ 7ਵੇਂ ਅਤੇ ਆਖਰੀ ਪੜਾਅ ਲਈ 1 ਜੂਨ ਨੂੰ ਵੋਟਿੰਗ ਹੋਵੇਗੀ ਅਤੇ 4 ਜੂਨ ਨੂੰ ਨਤੀਜੇ ਆਉਣਗੇ। ਚੋਣ ਕਮਿਸ਼ਨ ਮੁਤਾਬਕ, 6ਵੇਂ ਪੜਾਅ 'ਚ 58 ਲੋਕ ਸਭਾ ਸੀਟਾਂ ਲਈ ਸ਼ਾਮਲ 5 ਵਜੇ ਤੱਕ 57.70 ਫੀਸਦੀ ਵੋਟਿੰਗ ਹੋਈ ਹੈ। ਆਓ ਜਾਣਦੇ ਹਾਂ ਵੱਖ-ਵੱਖ ਸੂਬਿਆਂ ਵਿਚ ਵੋਟਿੰਗ ਦਾ ਹਾਲ- ਓਧਰ ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ) ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਸਨੀਵਾਰ ਨੂੰ ਬਿਜਬੇਹਰਾ ਵਿਚ ਆਪਣੀ ਪਾਰਟੀ ਦੇ ਵਰਕਰਾਂ ਅਤੇ ਪੋਲਿੰਗ ਏਜੰਟ ਦੀ ਗ੍ਰਿਫਤਾਰੀ ਖਿਲਾਫ ਪ੍ਰਦਰਸਨ ਕੀਤਾ। ਜ਼ਿਕਰਯੋਗ ਹੈ ਕਿ ਮਹਿਬੂਬਾ ਵੀ ਅਨੰਤਨਾਗ-ਰਾਜੌਰੀ ਸੰਸਦੀ ਹਲਕੇ ਤੋਂ ਚੋਣ



ਲੜ ਰਹੀ ਹੈ ਅਤੇ ਇਸ ਸੀਟ 'ਤੇ ਅੱਜ ਵੋਟਿੰਗ ਹੋ ਰਹੀ ਹੈ। ਅਨੰਤਨਾਗ-ਰਾਜੌਰੀ ਸੰਸਦੀ ਹਲਕੇ 'ਚ 20 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਹਨ। ਮੁਫਤੀ ਨੇ ਦੋਸ ਲਾਇਆ ਕਿ ਅਨੰਤਨਾਗ ਅਤੇ ਦੱਖਣੀ ਕਸਮੀਰ ਦੇ ਹੋਰ ਜ਼ਿਲ੍ਹਿਆਂ ਵਿਚ ਬੀਤੀ ਰਾਤ ਉਨ੍ਹਾਂ ਦੀ ਪਾਰਟੀ ਦੇ ਵਰਕਰਾਂ ਅਤੇ ਪੋਲਿੰਗ ਏਜੰਟਾਂ ਨੂੰ ਬਿਨਾਂ ਕਿਸੇ ਕਾਰਨ ਦੇ ਗ੍ਰਿਫਤਾਰ ਕੀਤਾ ਗਿਆ। ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਦੇ 6ਵੇਂ ਪੜਾਅ 'ਚ ਜਿਨ੍ਹਾਂ ਚਰਚਿਤ ਅਤੇ ਦਿੱਗਜ ਚਿਹਰਿਆਂ ਦੀ ਕਿਸਮਤ ਦਾਅ 'ਤੇ ਲੱਗੀ ਹੈ, ਉਨ੍ਹਾਂ 'ਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ (ਕਰਨਾਲ ਸੰਸਦੀ ਖੇਤਰ), ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ (ਅਨੰਤਨਾਗ-ਰਾਜੌਰੀ), ਕੇਂਦਰੀ ਮੰਤਰੀ ਧਰਮੇਂਦਰ ਪ੍ਰਧਾਨ (ਓਡੀਸ਼ਾ ਦੇ ਸੰਬਲਪੁਰ ਤੋਂ), ਕੇਂਦਰੀ ਮੰਤਰੀ ਰਾਵ ਇੰਦਰਜੀਤ ਅਤੇ ਅਭਿਨੇਤਾ ਰਾਜ ਬੱਬਰ (ਗੁਰੂਗ੍ਰਾਮ), ਕੇਂਦਰੀ ਮੰਤਰੀ ਕ੍ਰਿਸ਼ਨ ਪਾਲ ਗੁੱਜਰ (ਫਰੀਦਾਬਾਦ), ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ (ਸੁਲਤਾਨਪੁਰ), ਮਨੋਜ ਤਿਵਾੜੀ ਅਤੇ ਕਨ੍ਹਈਆ ਕੁਮਾਰ (ਉੱਤਰ ਪੂਰਬੀ ਦਿੱਲੀ), ਨਵੀਨ ਜਿੰਦਲ (ਕੁਰੂਕਸ਼ੇਤਰ) ਆਦਿ ਸ਼ਾਮਲ ਹਨ।

## ਪਟਿਆਲਾ 'ਚ ਕੇਕ ਖਾਣ ਤੋਂ ਬਾਅਦ ਹੋਈ ਬੱਚੀ ਦੀ ਮੌਤ ਦੇ ਮਾਮਲੇ 'ਚ ਨਵਾਂ ਮੋੜ

ਪਟਿਆਲਾ 25 ਮਈ। ਪਟਿਆਲਾ ਵਿਚ 10 ਸਾਲਾ ਬੱਚੀ ਮਾਨਵੀ ਦੀ ਆਪਣੇ ਹੀ ਜਨਮ ਦਿਨ 'ਤੇ ਕੇਕ ਖਾਣ ਨਾਲ ਹੋਈ ਮੌਤ ਦੇ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਪੁਲਸ ਵਲੋਂ ਲੈਬ ਵਿਚ ਭੇਜੇ ਗਏ ਕੇਕ ਦੇ ਸੈਂਪਲਾਂ ਦੀ ਫਾਈਨਲ ਰਿਪੋਰਟ ਆ ਗਈ ਹੈ। ਰਿਪੋਰਟ ਮੁਤਾਬਕ ਕੇਕ ਵਿਚ ਕੋਈ ਵੀ ਜਹਿਰੀਲਾ ਪਦਾਰਥ ਨਹੀਂ ਪਾਇਆ ਗਿਆ ਹੈ। ਦਰਅਸਲ ਪਿਛਲੀ 24 ਮਾਰਚ ਨੂੰ ਪਟਿਆਲਾ 'ਚ ਬੱਚੀ ਮਾਨਵੀ ਦਾ ਜਨਮ ਦਿਨ ਸੀ ਅਤੇ ਪਰਿਵਾਰ ਵਲੋਂ ਆਨਲਾਈਨ ਕੇਕ ਮੰਗਵਾਇਆ ਗਿਆ ਸੀ, ਜਿਸ ਨੂੰ ਖਾਣ ਤੋਂ ਬਾਅਦ ਪੂਰੇ ਪਰਿਵਾਰ ਦੀ ਸਿਹਤ ਵਿਗੜ ਗਈ ਸੀ ਜਿਸ ਵਿਚ 10 ਸਾਲਾ ਮਾਨਵੀ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪਰਿਵਾਰ ਲਗਾਤਾਰ ਇਨਸਾਫ ਦੀ ਮੰਗ ਕਰਦਾ ਆ ਰਿਹਾ ਸੀ ਪਰ ਪਹਿਲਾਂ ਹੀ ਪੁਲਸ ਨੇ ਪਰਿਵਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਕੇਕ ਬਣਾਉਣ ਵਾਲੇ ਸਣੇ 2 ਮੁਲਜਮਾਂ ਨੂੰ ਕਾਬੂ ਕੀਤਾ ਸੀ ਪਰ ਬੇਕਰੀ ਦਾ ਮਾਲਕ ਮਾਮਲਾ ਦਰਜ ਹੋਣ ਮਗਰੋਂ ਫਰਾਰ ਹੋ ਗਿਆ ਸੀ ਜਿਸ ਨੂੰ ਅੱਜ 2 ਮਹੀਨੇ ਦਾ ਸਮਾਂ ਹੋ ਚੁੱਕਾ ਹੈ ਪਰ ਅੱਜ ਇਸ ਮਾਮਲੇ 'ਚ ਖਰੜ ਤੋਂ ਵਿਸਰਾ ਰਿਪੋਰਟ ਸਾਹਮਣੇ ਆਈ ਹੈ ਜਿਸ 'ਚ ਸਾਫ ਆਖਿਆ ਗਿਆ ਹੈ ਕਿ ਕੇਕ ਵਿਚ ਕੁਝ ਵੀ ਜਹਿਰੀਲਾ ਨਹੀਂ ਸੀ। ਦੂਜੇ ਪਾਸੇ ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਸਾਡਾ ਤਾਂ ਸਾਰਾ ਕੁਝ ਬਰਬਾਦ ਹੋ ਗਿਆ ਹੈ, ਸਾਡੀ ਬੱਚੀ ਦੀ ਜਾਨ ਤਕ ਚਲੀ ਗਈ।

## ਪ੍ਰਜਵਲ ਰੇਵੰਨਾ ਮਾਮਲੇ 'ਚ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣ 'ਤੇ ਪ੍ਰਲਹਾਦ ਜੋਸ਼ੀ ਨੇ ਸਿੱਧਰਮਈਆ ਨੂੰ ਘੇਰਿਆ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 25 ਮਈ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਸੈਕਸ ਵੀਡੀਓ ਮਾਮਲੇ ਦੇ ਮੁੱਖ ਦੋਸ਼ੀ ਪ੍ਰਜਵਲ ਰੇਵੰਨਾ ਦੇ ਡਿਪਲੋਮੈਟਿਕ ਪਾਸਪੋਰਟ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ। ਇਸ 'ਤੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸੀ ਨੇ ਇਤਰਾਜ ਜਤਾਉਂਦਿਆਂ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਕਲਬੁਰਗੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਹਿਲਾਦ ਜੋਸੀ ਨੇ ਕਿਹਾ, 'ਡਿਪਲੋਮੈਟਿਕ ਪਾਸਪੋਰਟ ਨੂੰ ਰੱਦ ਕਰਨ ਲਈ ਪਹਿਲਾਂ ਹੀ ਅਦਾਲਤ 'ਚ ਇਕ ਪਟੀਸਨ ਦਾਇਰ ਕੀਤੀ ਜਾ ਚੁੱਕੀ ਹੈ। ਕੇਂਦਰ ਸਰਕਾਰ ਕਾਰਵਾਈ ਸੁਰੂ ਕਰ ਰਹੀ ਹੈ। ਜਿਹੜੇ ਲੋਕ ਵਿਦੇਸ ਭੱਜ ਗਏ ਹਨ, ਉਨ੍ਹਾਂ ਨੂੰ ਵਾਪਸ ਲਿਆਉਣ ਦੀ ਇਕ ਪ੍ਰਕਿਰਿਆ ਹੁੰਦੀ ਹੈ। ਕੇਂਦਰ ਸਰਕਾਰ, ਸੂਬਾ ਸਰਕਾਰ ਨੂੰ ਸਹਿਯੋਗ ਦੇਣ ਲਈ ਤਿਆਰ ਹੈ। ਜੇਕਰ ਉਹ ਉਮੀਦ ਕਰਦੇ ਹਨ ਕਿ ਪੱਤਰ ਲਿਖਣ ਤੋਂ ਤੁਰੰਤ ਬਾਅਦ ਪਾਸਪੋਰਟ ਰੱਦ ਹੋ ਜਾਵੇਗਾ, ਤਾਂ ਇਹ ਕਿਵੇਂ ਸੰਭਵ ਹੈ? ਪ੍ਰਹਿਲਾਦ ਜੋਸੀ ਨੇ ਕਿਹਾ ਕਿ ਸੀ. ਐੱਮ. ਸਿੱਧਰਮਈਆ, ਡਿਪਟੀ ਸੀ. ਐੱਮ. ਡੀ. ਕੇ. ਸ਼ਿਵਕੁਮਾਰ ਅਤੇ ਗ੍ਰਹਿ ਮੰਤਰੀ ਡਾ. ਜੀ.



ਪਰਮੇਸਵਰ ਨੂੰ ਮੇਰੇ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ। ਪ੍ਰਜਵਲ ਰੇਵੰਨਾ ਮਾਮਲੇ ਨਾਲ ਜੁੜੀ ਪੈੱਨ ਡਰਾਈਵ 21 ਅਪ੍ਰੈਲ ਨੂੰ ਸਾਹਮਣੇ ਆਈ ਸੀ। ਹਾਲਾਂਕਿ, ਉਹ 27 ਅਪ੍ਰੈਲ ਨੂੰ ਵਿਦੇਸ ਚਲਾ ਗਿਆ ਸੀ। ਉਦੋਂ ਤੱਕ ਸੂਬਾ ਸਰਕਾਰ ਕੀ ਕਰ ਰਹੀ ਸੀ? ਜੋਸੀ ਨੇ ਦੋਸ ਲਾਇਆ ਕਿ ਚੋਣਾਂ ਖਤਮ ਹੋਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਨੂੰ ਡਰ ਸੀ ਕਿ ਇਸ ਨਾਲ ਵੋਕਾਲਿਗਾ ਵੋਟ ਬੈਂਕ ਪ੍ਰਭਾਵਿਤ ਹੋਵੇਗਾ। ਸੈਕਸ ਵੀਡੀਓ ਸਕੈਂਡਲ ਇਕ ਗੰਭੀਰ ਮਾਮਲਾ ਹੈ। ਪ੍ਰਜਵਲ ਰੇਵੰਨਾ ਨੂੰ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ। ਜੇਕਰ ਉਸ ਨੇ ਕੋਈ ਅਪਰਾਧ ਕੀਤਾ ਹੈ ਤਾਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਸ ਦੇ ਪ੍ਰਤੀ ਹਮਦਰਦੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਸੂਬਾ ਸਰਕਾਰ 'ਤੇ ਜਾਂਚ ਨਾਲੋਂ ਸਿਆਸਤ 'ਤੇ ਜ਼ਿਆਦਾ ਧਿਆਨ ਦੇਣ ਦਾ ਦੋਸ ਲਾਇਆ। ਤੁਹਾਨੂੰ ਦੱਸ ਦੇਈਏ ਕਿ ਕਰਨਾਟਕ ਦੇ ਸੀ. ਐੱਮ. ਸਿਧਰਮਈਆ ਨੇ ਇਕ ਵਾਰ ਫਿਰ ਪੀ. ਐੱਮ. ਮੋਦੀ ਨੂੰ ਪੱਤਰ ਲਿਖ ਕੇ ਪ੍ਰਜਵਲ ਰੇਵੰਨਾ ਦਾ ਡਿਪਲੋਮੈਟਿਕ ਪਾਸਪੋਰਟ ਰੱਦ ਕਰਨ ਦੇ ਨਾਲ-ਨਾਲ ਉਸ ਦੀ ਭਾਰਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਤੁਰੰਤ ਅਤੇ ਠੋਸ ਕਾਰਵਾਈ ਕਰਨ ਦੀ ਬੇਨਤੀ ਕੀਤੀ ਸੀ।

## ਤੇਲੰਗਾਨਾ ਦੇ ਕਾਂਗਰਸੀ ਮੁੱਖ ਮੰਤਰੀ ਰੇਵੰਤ ਰੈੱਡੀ ਦੀ ਰਣਨੀਤਕ ਚਾਲ ਨੇ ਕੀਤਾ ਸਾਰਿਆਂ ਨੂੰ ਹੈਰਾਨ

ਨਵੀਂ ਦਿੱਲੀ 25 ਮਈ। ਤੇਲੰਗਾਨਾ ਦੇ ਕਾਂਗਰਸੀ ਮੁੱਖ ਮੰਤਰੀ ਇਕ ਅਜਿਹੇ ਚਾਲਾਕ ਸਿਆਸਤਦਾਨ ਬਣ ਗਏ ਹਨ ਜਿਨ੍ਹਾਂ ਦੀ ਰਣਨੀਤਕ ਕਾਬਲੀਅਤ ਨੇ ਕਾਂਗਰਸ ਦੇ ਨਾਲ-ਨਾਲ ਭਾਜਪਾ ਦੀ ਉੱਚ ਲੀਡਰਸ਼ਿਪ ਨੂੰ ਵੀ ਹੈਰਾਨ ਕਰ ਦਿੱਤਾ ਹੈ। ਕਾਂਗਰਸ ਲੀਡਰਸ਼ਿਪ ਉਦੋਂ ਹੈਰਾਨ ਰਹਿ ਗਈ ਜਦੋਂ ਇਹ ਰਿਪੋਰਟਾਂ ਆਈਆਂ ਕਿ ਮੁੱਖ ਮੰਤਰੀ ਰੇਵੰਤ ਰੈੱਡੀ ਨੇ 13 ਮਈ ਨੂੰ ਸੰਪੰਨ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਗੁਆਂਢੀ ਸੂਬੇ ਆਂਧਰਾ ਪ੍ਰਦੇਸ਼ ਵਿਚ ਟੀ. ਡੀ. ਪੀ. ਨੇਤਾ ਚੰਦਰਬਾਬੂ ਨਾਇਡੂ ਦੀ ਮਦਦ ਕੀਤੀ। ਇਹ ਖੁਲਾਸਾ ਹੋਇਆ ਕਿ ਰੇਵੰਤ ਰੈੱਡੀ ਵਾਈ. ਐੱਸ. ਆਰ. ਸੀ. ਪੀ. ਨੇਤਾ ਅਤੇ ਆਂਧਰਾ ਪ੍ਰਦੇਸ ਦੇ ਮੁੱਖ ਮੰਤਰੀ ਜਗਨਮੋਹਨ ਰੈੱਡੀ ਦੇ ਆਪਣੇ ਤੇਲੰਗਾਨਾ ਦੇ ਹਮਰੁਤਬਾ ਬੀ. ਆਰ. ਐੱਸ. ਆਗੂ ਕੇ. ਚੰਦਰਸੇਖਰ ਰਾਓ ਨਾਲ ਹੱਥ ਮਿਲਾਉਣ 'ਤੇ ਬੇਹੱਦ ਨਾਰਾਜ ਸਨ। ਵਾਈ. ਐੱਸ. ਆਰ. ਸੀ. ਪੀ.- ਬੀ. ਆਰ. ਐੱਸ. ਦੋਸਤੀ ਦਾ ਕਾਰਨ ਇਹ ਸੀ ਕਿ ਜਗਨਮੋਹਨ ਰੈੱਡੀ ਚਾਹੁੰਦੇ ਸਨ ਕਿ ਕੇ. ਸੀ. ਆਰ. ਹੈਦਰਾਬਾਦ ਵਿਚ ਰਹਿਣ ਵਾਲੇ ਖਾਮਾ ਭਾਈਚਾਰੇ ਨਾਲ ਸਬੰਧਤ ਵਪਾਰੀਆਂ ਨੂੰ ਪ੍ਰੇਸ਼ਾਨ ਕਰਨ। ਖੁਸਹਾਲ ਖਾਮਾ ਭਾਈਚਾਰਾ ਚੰਦਰਬਾਬੂ ਨਾਇਡੂ ਦੀ ਮਦਦ ਕਰਦਾ ਹੈ ਜੋ ਉਨ੍ਹਾਂ ਦੇ ਭਾਈਚਾਰੇ ਦੇ ਸਕਤੀਸਾਲੀ ਨੇਤਾ ਹਨ।ਰੇਵੰਤ ਰੈੱਡੀ ਨੇ ਆਪਣੀ ਪਾਰਟੀ ਹਾਈ ਕਮਾਂਡ ਨੂੰ ਦਲੀਲ ਦਿੱਤੀ ਕਿ ਉਨ੍ਹਾਂ ਨੇ ਵਾਈ. ਐੱਸ. ਆਰ. ਸੀ. ਪੀ. ਨੂੰ ਡੇਗਣ ਵਿਚ ਨਾਇਡੂ ਦੀ ਮਦਦ ਕੀਤੀ ਕਿਉਂਕਿ ਇਹ ਕਾਂਗਰਸ ਦੀ ਸਾਖਾ ਸੀ। ਇਸ ਨਾਲ ਸੂਬੇ ਵਿਚ ਜਗਨਮੋਹਨ ਰੈੱਡੀ ਦੀ ਸਿਆਸੀ ਸਰਦਾਰੀ ਨੂੰ ਢਹਿ-ਢੇਰੀ ਕਰਨ ਵਿਚ ਆਂਧਰਾ ਪ੍ਰਦੇਸ ਕਾਂਗਰਸ ਦੇ ਮੁਖੀ ਵਾਈ. ਐੱਸ. ਸਰਮੀਲਾ ਨੂੰ ਵੀ ਮਦਦ ਮਿਲੇਗੀ। ਨਾਇਡੂ ਨੇ ਸਰਮੀਲਾ ਨੂੰ ਉਨ੍ਹਾਂ ਦੀ ਲੋਕ ਸਭਾ ਸੀਟ ਜਿੱਤਣ 'ਚ ਮਦਦ ਕੀਤੀ ਸੀ। ਦੂਜਾ, ਰੇਵੰਤ ਰੈੱਡੀ ਗੁਆਂਢ ਵਿਚ ਇਕ ਦੋਸਤਾਨਾ ਸਰਕਾਰ ਚਾਹੁੰਦੇ ਸਨ।

## 'ਇੰਡੀਆ' ਗਠਜੋੜ ਆਪਣੇ ਵੋਟ ਬੈਂਕ ਲਈ ਕਰ ਰਿਹਾ ਹੈ 'ਗੁਲਾਮੀ' ਅਤੇ 'ਮੁਜਰਾ' : ਪ੍ਰਧਾਨ ਮੰਤਰੀ ਮੋਦੀ

**ਤੇਜਿੰਦਰ ਕੌਰ ਬੱਬਰ**

ਪਟਨਾ 25 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਗਠਜੋੜ 'ਇੰਡੀਆ' 'ਤੇ ਸ਼ਨੀਵਾਰ ਨੂੰ ਤਿੱਖਾ ਹਮਲਾ ਕੀਤਾ ਅਤੇ ਉਸ 'ਤੇ ਮੁਸਲਿਮ ਵੋਟ ਬੈਂਕ ਲਈ 'ਗੁਲਾਮੀ' ਅਤੇ 'ਮੁਜਰਾ' ਕਰਨ ਦਾ ਦੋਸ਼ ਲਗਾਇਆ। ਪ੍ਰਧਾਨ ਮੰਤਰੀ ਨੇ ਇਥੋਂ ਲਗਭਗ 40 ਕਿਲੋਮੀਟਰ ਦੂਰ ਪਾਟਲੀਪੁੱਤਰ ਲੋਕ ਸਭਾ ਖੇਤਰ 'ਚ ਇਕ ਰੈਲੀ 'ਚ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕੀਤਾ ਅਤੇ ਘੱਟ ਗਿਣਤੀ ਸੰਸਥਾਵਾਂ 'ਚ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਹੋਰ ਪਿਛੜਾ ਵਰਗ ਨੂੰ 'ਰਾਖਵਾਂਕਰਨ ਤੋਂ ਵਾਂਝੇ' ਕਰਨ ਲਈ ਰਾਜਦ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ,"ਬਿਹਾਰ ਉਹ ਜਮੀਨ ਹੈ, ਜਿਸ ਨੇ ਸਮਾਜਿਕ ਨਿਆਂ ਦੀ ਲੜਾਈ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਮੈਂ ਇਸ ਦੀ ਧਰਤੀ 'ਤੇ ਇਹ ਐਲਾਨ ਕਰਨਾ ਚਾਹੁੰਦਾ ਹਾਂ ਕਿ ਮੈਂ ਐੱਸ.ਸੀ., ਐੱਸ.ਟੀ. ਅਤੇ ਓਬੀਸੀ ਦੇ ਅਧਿਕਾਰਾਂ ਨੂੰ ਲੁੱਟਣ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਨੂੰ ਦੇਣ ਨੂੰ 'ਇੰਡੀਆ' ਗਠਜੋੜ ਦੀਆਂ ਯੋਜਨਾਵਾਂ ਨੂੰ ਅਸਫਲ ਕਰ ਦੇਵਾਂਗਾ। ਉਹ ਗੁਲਾਮ ਬਣੇ ਰਹਿ ਸਕਦੇ ਹਨ ਅਤੇ ਆਪਣੇ ਵੋਟ ਬੈਂਕ ਨੂੰ ਖੁਸ਼ ਕਰਨ ਲਈ 'ਮੁਜਰਾ' ਕਰ ਸਕਦੇ



ਹਨ।" ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਵਿਰੋਧੀ ਧਿਰ ਗਠਜੋੜ ਉਨ੍ਹਾਂ ਲੋਕਾਂ ਦੇ ਸਮਰਥਨ 'ਤੇ ਭਰੋਸਾ ਕਰ ਰਿਹਾ ਹੈ, ਜੋ 'ਵੋਟ ਜਿਹਾਦ' 'ਚ ਸ਼ਾਮਲ ਹਨ, ਨਾਲ ਹੀ ਉਨ੍ਹਾਂ ਨੇ ਕਲਕੱਤਾ ਹਾਈ ਕੋਰਟ ਦੇ ਆਦੇਸ਼ ਦਾ ਹਵਾਲਾ ਦਿੱਤਾ, ਜਿਸ 'ਚ ਕਈ ਮੁਸਲਿਮ ਸਮੂਹਾਂ ਨੂੰ ਓਬੀਸੀ ਦੀ ਸੂਚੀ 'ਚ ਸ਼ਾਮਲ ਕਰਨ ਦੇ ਪੱਛਮੀ ਬੰਗਾਲ ਸਰਕਾਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਮੋਦੀ ਭਾਜਪਾ ਸੰਸਦ ਮੈਂਬਰ ਰਾਮ ਕ੍ਰਿਪਾਲ ਯਾਦਵ ਦੇ ਪੱਖ 'ਚ ਪ੍ਰਚਾਰ ਕਰ ਰਹੇ ਸਨ ਅਤੇ ਉਨ੍ਹਾਂ ਨੇ ਵਿਅੰਗਮਈ ਟਿੱਪਣੀ ਕੀਤੀ,"ਕਈ ਲੋਕਾਂ ਦਾ ਭਗਵਾਨ ਰਾਮ ਨਾਲ ਇੰਨਾ ਝਗੜਾ ਹੈ ਕਿ ਉਹ ਰਾਮਕ੍ਰਿਪਾਲ ਦੇ ਨਾਂ 'ਤੇ ਵੀ ਭੜਕ ਰਹੇ ਹਨ।" ਮੋਦੀ ਨੇ ਰਾਜਦ ਮੁਖੀ ਲਾਲੂ ਪ੍ਰਸਾਦ ਯਾਦਵ ਦਾ ਨਾਂ ਲਏ ਬਿਨਾਂ ਅਸਿੱਧੇ ਤੌਰ 'ਤੇ ਮਜਾਕ ਉਡਾਇਆ ਅਤੇ ਕਿਹਾ,"ਐੱਲ.ਈ.ਡੀ. ਬਲਬ ਦੇ ਦੌਰ 'ਚ ਉਹ ਲਾਲਟੈਨ ਲੈ ਕੇ ਘੁੰਮ ਰਹੇ ਹਨ, ਜਿਸ ਨਾਲ ਸਿਰਫ ਉਨ੍ਹਾਂ ਦਾ ਘਰ ਰੌਸ਼ਨ ਹੁੰਦਾ ਹੈ ਅਤੇ ਪੂਰੇ ਬਿਹਾਰ ਨੂੰ ਹਨ੍ਹੇਰੇ 'ਚ ਰੱਖਿਆ ਜਾਂਦਾ ਹੈ।" ਦੱਸਣਯੋਗ ਹੈ ਕਿ ਪ੍ਰਸਾਦ ਦੀ ਧੀ ਮੀਸਾ ਭਾਰਤੀ ਲਗਾਤਾਰ ਤੀਜੀ ਵਾਰ ਪਾਟਲੀਪੁੱਤਰ ਤੋਂ ਆਪਣੀ ਕਿਸਮਤ ਅਜਮਾ ਰਹੀ ਹੈ।

## ਚੀਨ ਨੇ ਸਾਡੀ ਜਮੀਨ 'ਤੇ ਕਬਜਾ ਕਰ ਲਿਆ ਪਰ ਪ੍ਰਧਾਨ ਮੰਤਰੀ ਮੋਦੀ ਚੁੱਪ ਹਨ: ਖੜਗੇ

ਸਿਮਲਾ 25 ਮਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਨੀਵਾਰ ਨੂੰ ਦੋਸ ਲਗਾਇਆ ਕਿ ਚੀਨ ਨੇ ਭਾਰਤੀ ਜਮੀਨ 'ਤੇ ਕਬਜਾ ਕਰ ਲਿਆ ਹੈ ਅਤੇ ਘਰ ਅਤੇ ਸੜਕਾਂ ਬਣਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁੱਪ ਹਨ। ਹਿਮਾਚਲ ਪ੍ਰਦੇਸ ਦੇ ਰੋਹੜੂ 'ਚ ਇਕ ਰੈਲੀ ਨੂੰ ਸੰਬੋਧਿਤ ਕਰਦਿਆਂ ਖੜਗੇ ਨੇ ਪ੍ਰਧਾਨ ਮੰਤਰੀ 'ਤੇ ਚੁਟਕੀ ਲੈਂਦੇ ਹੋਏ ਪੁੱਛਿਆ ਕਿ ਉਨ੍ਹਾਂ ਦੀ 56 ਇੰਚ ਦੀ ਛਾਤੀ ਕਿੱਥੇ ਹੈ? ਕਾਂਗਰਸ ਆਗੂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇਸ ਦੇ ਲੋਕਾਂ ਅਤੇ ਸੰਵਿਧਾਨ ਨੂੰ ਬਚਾਉਣ ਲਈ ਲੜ ਰਹੀ ਹੈ ਅਤੇ ਜੇਕਰ ਉਹ ਲੋਕ ਸਭਾ ਚੋਣਾਂ ਵਿਚ ਸੱਤਾ ਚ ਆਉਂਦੀ ਹੈ ਤਾਂ 30 ਲੱਖ ਸਰਕਾਰੀ ਅਸਾਮੀਆਂ ਨੂੰ ਭਰਿਆ ਜਾਵੇਗਾ। ਖੜਗੇ ਨੇ ਕਿਹਾ, "ਅਸੀਂ ਪਾਕਿਸਤਾਨ ਦੇ ਖਿਲਾਫ ਲੜਾਈ ਲੜੀ ਅਤੇ ਬੰਗਲਾਦੇਸ ਨੂੰ ਆਜਾਦੀ ਦਿਵਾਈ। ਚੀਨ ਨੇ ਸਾਡੀ ਜਮੀਨ 'ਤੇ ਕਬਜਾ ਕਰ ਲਿਆ ਹੈ ਅਤੇ ਘਰ ਅਤੇ ਸੜਕਾਂ ਬਣਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਮੋਦੀ ਚੁੱਪ ਹਨ। 56 ਇੰਚ ਦੀ ਛਾਤੀ ਕਿੱਥੇ ਹੈ?" ਕਾਂਗਰਸ ਪ੍ਰਧਾਨ ਨੇ 2023 ਦੇ ਹੜ੍ਹਾਂ ਤੋਂ ਬਾਅਦ ਹਿਮਾਚਲ ਪ੍ਰਦੇਸ ਸਰਕਾਰ ਨੂੰ ਸਹਾਇਤਾ ਨਾ ਦੇਣ ਲਈ ਕੇਂਦਰ 'ਤੇ ਵੀ ਹਮਲਾ ਕੀਤਾ। ਖੜਗੇ ਨੇ ਦਾਅਵਾ ਕੀਤਾ ਕਿ ਹਿਮਾਚਲ ਪ੍ਰਦੇਸ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਹੜ੍ਹਾਂ ਤੋਂ ਬਾਅਦ ਕੇਂਦਰ ਤੋਂ 10,000 ਕਰੋੜ ਰੁਪਏ ਦੀ ਮਦਦ ਮੰਗੀ ਸੀ ਪਰ ਕੋਈ ਮਦਦ ਨਹੀਂ ਮਿਲੀ।

## ਦੇਸ਼ ਦੀ ਮੌਜੂਦਾ ਸਥਿਤੀ ਲਈ ਕਾਂਗਰਸ ਅਤੇ ਭਾਜਪਾ ਜ਼ਿੰਮੇਵਾਰ : ਮਾਇਆਵਤੀ

ਨਵਾਂਸ਼ਹਿਰ, 25 ਮਈ। ਬਸਪਾ ਸੁਪਰੀਮੋ ਅਤੇ ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਭਾਜਪਾ ਸਰਕਾਰ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ ਅਤੇ ਚੋਣਾਂ ਵਿਚ ਇਨ੍ਹਾਂ ਨੂੰ ਸਬਕ ਸਿਖਾਉਣ ਦੀ ਤਿਆਰੀ ਕਰ ਰਿਹਾ ਹੈ। ਸਾਬਕਾ ਮੁੱਖ ਮੰਤਰੀ ਮਾਇਆਵਤੀ ਸ਼ੁੱਕਰਵਾਰ ਨਵਾਂਸ਼ਹਿਰ ਦੇ ਮਹਾਲੋਂ ਬਾਈਪਾਸ ਨੇੜੇ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਭਾਜਪਾ ਅਤੇ ਕਾਂਗਰਸ 'ਤੇ ਸਿੱਧਾ ਹਮਲਾ ਬੋਲਦਿਆਂ ਕਿਹਾ ਕਿ ਦੇਸ਼ ਅਤੇ ਬਹੁਜਨ ਸਮਾਜ ਪਾਰਟੀ ਦੀ ਹਾਲਤ ਲਈ ਦੋਵੇਂ ਪਾਰਟੀਆਂ ਜ਼ਿੰਮੇਵਾਰ ਹਨ। ਕਾਂਗਰਸ ਅਤੇ ਭਾਜਪਾ ਦਲਿਤਾਂ, ਕਿਸਾਨਾਂ, ਔਰਤਾਂ, ਆਦਿਵਾਸੀਆਂ ਅਤੇ ਨੌਜਵਾਨਾਂ ਦੀਆਂ ਦੁਸ਼ਮਣ ਹਨ। ਅਜਿਹੀਆਂ ਪਾਰਟੀਆਂ ਵੱਲੋਂ ਬਹੁਜਨ ਸਮਾਜ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਨੇ ਚੋਣ ਲੜ ਕੇ ਕਾਰਪੋਰੇਟ ਘਰਾਣਿਆਂ ਤੋਂ ਕਰੋੜਾਂ ਰੁਪਏ ਦਾ ਚੰਦਾ ਲਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹੁਣ ਹੌਲੀ-ਹੌਲੀ ਨਿੱਜੀ ਖੇਤਰ ਰਾਹੀਂ ਰਾਖਵਾਂਕਰਨ ਖ਼ਤਮ ਕਰਨਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਬਸਪਾ ਨੇ ਉਪਰੋਕਤ ਕਿਸੇ ਵੀ ਪਾਰਟੀ ਨਾਲ ਚੋਣ ਗਠਜੋੜ ਕਰਨ ਦੀ ਬਜਾਏ ਇਕੱਲਿਆਂ ਹੀ ਚੋਣ ਲੜਨ ਦਾ ਫੈਸਲਾ ਕੀਤਾ ਹੈ। ਬਸਪਾ ਸੁਪਰੀਮੋ ਨੇ ਕਿਹਾ ਕਿ ਦੇਸ਼ 'ਤੇ ਕਈ ਦਹਾਕਿਆਂ ਤੱਕ ਕਾਂਗਰਸ ਦਾ ਰਾਜ ਰਿਹਾ ਅਤੇ ਹੁਣ ਭਾਜਪਾ




ਪਿਛਲੇ 10 ਸਾਲਾਂ ਤੋਂ ਸੱਤਾ 'ਚ ਹੈ। ਜਿਸਦੇ ਰਾਜ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਹਾਲਤ ਬਦ ਤੋਂ ਬਦਤਰ ਹੋਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹੁਣ ਭਾਜਪਾ ਦੇ ਝੂਠੇ ਵਾਅਦਿਆਂ 'ਤੇ ਭਰੋਸਾ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਗਰੀਬਾਂ ਨੂੰ ਮੁਫਤ ਰਾਸ਼ਨ ਭਾਜਪਾ ਦੀ ਸਕੀਮ ਨਹੀਂ, ਸਗੋਂ ਲੋਕਾਂ ਦੀ ਟੈਕਸ-ਫੰਡ ਸਕੀਮ ਹੈ ਅਤੇ ਗਰੀਬ ਲੋਕਾਂ ਨੂੰ ਇਸ ਸਕੀਮ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

# 30 ਲੱਖ ਲਗਾ ਕੈਨੇਡਾ ਭੇਜੀ ਨੂੰਹ ਦੇ ਬਦਲੇ ਰੰਗ ਦੇਖ ਹੈਰਾਨ ਰਹਿ ਗਏ ਸਹੁਰੇ, ਨਹੀਂ ਪਤਾ ਸੀ ਦੇਖਣਾ ਪਵੇਗਾ ਇਹ ਦਿਨ

ਮੋਗਾ/ਕੈਨੇਡਾ 25 ਮਈ। ਮੋਗਾ ਨਿਵਾਸੀ ਬਲਵਿੰਦਰ ਸਿੰਘ ਦੇ ਬੇਟੇ ਨੂੰ ਵਿਆਹ ਕਰ ਕੇ ਕੈਨੇਡਾ ਲਿਜਾਣ ਦਾ ਝਾਂਸਾ ਦੇ ਕੇ ਕਾਜਲ ਨਿਵਾਸੀ ਗਰੋਵਰ ਇਨਕਲੇਵ ਕਪੂਰਥਲਾ ਨੇ ਆਪਣੇ ਮਾਪਿਆਂ ਨਾਲ ਕਥਿਤ ਮਿਲੀਭੁਗਤ ਕਰ ਕੇ 30 ਲੱਖ ਰੁਪਏ ਹੜੱਪੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਜਾਂਚ ਤੋਂ ਬਾਅਦ ਥਾਣਾ ਸਿਟੀ ਮੋਗਾ ਵਿਚ ਕਾਜਲ, ਉਸ ਦੀ ਮਾਤਾ ਕੀਰਤੀ ਅਤੇ ਪਿਤਾ ਸਤੀਸ਼ ਕੁਮਾਰ ਸਾਰੇ ਨਿਵਾਸੀ ਗਰੋਵਰ ਇਨਕਲੇਵ ਕਰਤਾਰਪੁਰ ਰੋਡ ਕਪੂਰਥਲਾ ਖ਼ਿਲਾਫ਼ ਧੋਖਾਦੇਹੀ ਅਤੇ ਕਥਿਤ ਮਿਲੀਭੁਗਤ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਹਰਮੇਸ਼ ਲਾਲ ਵੱਲੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਬਲਵਿੰਦਰ ਸਿੰਘ ਨੇ ਕਿਹਾ ਕਿ ਉਸ ਦੇ ਬੇਟੇ ਨਵਸ਼ਰਨਦੀਪ ਸਿੰਘ ਦਾ ਵਿਆਹ ਅਕਤੂਬਰ 2019 ਨੂੰ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਕਾਜਲ ਨਿਵਾਸੀ ਕਪੂਰਥਲਾ ਨਾਲ ਹੋਇਆ ਸੀ, ਜਿਸ ਨੇ ਆਈਲੈਟਸ ਵਿਚੋਂ ਸਾਢੇ 6 ਬੈਂਡ ਹਾਸਲ ਕੀਤੇ ਸਨ, ਕਾਜਲ ਦੇ ਮਾਤਾ-ਪਿਤਾ ਨੇ ਸਾਨੂੰ ਕਿਹਾ ਕਿ ਉਹ ਸਾਡੀ ਬੇਟੀ ਨੂੰ ਵਿਆਹ ਕਰਵਾ ਕੇ ਕੈਨੇਡਾ ਭੇਜ ਦੇਣ ਅਤੇ ਸਾਰਾ ਖਰਚਾ ਵੀ ਉਨ੍ਹਾਂ ਵੱਲੋਂ ਕੀਤਾ ਜਾਵੇ, ਜਿਸ ’ਤੇ ਅਸੀਂ ਵਿਸ਼ਵਾਸ਼ ਕਰ ਕੇ ਕਾਜਲ ਦੇ ਵਿਦੇਸ਼ ਜਾਣ ਦੀ ਸਾਰੀ ਫੀਸ ਅਤੇ ਖਰਚਾ ਕਰਕੇ ਉਸ ਨੂੰ ਕੈਨੇਡਾ ਭੇਜ ਦਿੱਤਾ, ਜਿਸ ’ਤੇ ਸਾਡਾ 30 ਲੱਖ ਦੇ ਕਰੀਬ ਖਰਚਾ ਹੋਇਆ ਪਰ ਕਾਜਲ ਨੇ ਆਪਣੇ ਪਤੀ ਨੂੰ ਵਿਦੇਸ਼ ਨਹੀਂ



ਸੱਦਿਆ ਅਤੇ ਜਿਹੜੀ ਫਾਈਲ ਉਸ ਨੇ ਅੰਬੈਸੀ ਵਿਚ ਲਗਾਈ ਸੀ ਉਹ ਅਧੂਰੀ ਹੋਣ ਕਰ ਕੇ ਫਾਈਲ ਰੱਦ ਹੋ ਗਈ। ਜਿਸ ’ਤੇ ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡੇ ਪੈਸੇ ਵਾਪਸ ਕਰ ਦਿਉ ਜਾਂ ਲੜਕੇ ਨੂੰ ਕੈਨੇਡਾ ਸੱਦਣ ਲਈ ਕਾਜਲ ਨੂੰ ਕਹੋ ਪਰ ਕਿਸੇ ਨੇ ਸਾਡੀ ਕੋਈ ਗੱਲ ਨਾ ਸੁਣੀ ਅਤੇ ਸਾਡੇ ਨਾਲ 30 ਲੱਖ ਰੁਪਏ ਦੀ ਠੱਗੀ ਕੀਤੀ ਗਈ। ਬਲਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਅਸੀਂ ਪੰਚਾਇਤੀ ਤੌਰ ’ਤੇ ਕਥਿਤ ਦੋਸ਼ੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਸਾਨੂੰ 30 ਲੱਖ ਰੁਪਏ ਦਾ ਚੈੱਕ ਦਿੱਤਾ, ਜੋ ਅਸੀਂ ਪੰਜਾਬ ਨੈਸ਼ਨਲ ਬੈਂਕ ਅੰਮ੍ਰਿਤਸਰ ਰੋਡ ਮੋਗਾ ਵਿਖੇ ਲਗਾਇਆ ਤਾਂ ਉਹ ਬਾਊਂਸ ਹੋ ਗਿਆ। ਇਸ ਉਪਰੰਤ ਕਥਿਤ ਦੋਸ਼ੀਆਂ ਨੇ ਸਾਡੇ ’ਤੇ ਦਬਾਅ ਪਾਉਣ ਲਈ ਤਲਾਕ ਦਾ ਕੇਸ ਵੀ ਦਾਇਰ ਕਰ ਦਿੱਤਾ। ਇਸ ਤਰ੍ਹਾਂ ਸਾਰੇ ਕਥਿਤ ਦੋਸ਼ੀਆਂ ਨੇ ਕਥਿਤ ਮਿਲੀਭੁਗਤ ਕਰ ਕੇ ਸਾਡੇ ਨਾਲ ਧੋਖਾ ਕੀਤਾ ਹੈ। ਉਧਰ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਐੱਸ.ਪੀ.ਆਈ. ਮੋਗਾ ਨੂੰ ਕਰਨ ਦਾ ਅਦੇਸ਼ ਦਿੱਤਾ। ਜਾਂਚ ਅਧਿਕਾਰੀ ਨੇ ਦੋਹਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ ਅਤੇ ਜਾਂਚ ਉਪਰੰਤ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ ’ਤੇ ਕਾਨੂੰਨੀ ਰਾਇ ਹਾਸਲ ਕਰਨ ਤੋਂ ਬਾਅਦ ਕਥਿਤ ਦੋਸ਼ੀਆਂ ਖਿਲਾਫ਼ ਉਕਤ ਮਾਮਲਾ ਦਰਜ ਕੀਤਾ ਗਿਆ, ਗ੍ਰਿਫਤਾਰੀ ਬਾਕੀ ਹੈ।

## 80 ਹਜ਼ਾਰ ਡਰੱਗ ਮਨੀ ਅਤੇ ਇਕ ਮੋਟਰਸਾਈਕਲ ਸਣੇ 3 ਗ੍ਰਿਫਤਾਰ

ਤਰਨਤਾਰਨ/ਝਬਾਲ 25 ਮਈ। ਥਾਣਾ ਝਬਾਲ ਦੀ ਪੁਲਸ ਨੇ 2 ਮੁਲਜ਼ਮਾਂ ਨੂੰ 1 ਕਿਲੋ 103 ਗ੍ਰਾਮ ਹੈਰੋਇਨ, 80 ਹਜ਼ਾਰ ਡਰੱਗ ਮਨੀ ਅਤੇ ਇਕ ਮੋਟਰਸਾਈਕਲ ਸਣੇ ਗ੍ਰਿਫਤਾਰ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਮੁਲਜ਼ਮਾਂ ਦਾ ਮਾਨਯੋਗ ਅਦਾਲਤ ਪਾਸੋਂ 3 ਦਿਨਾਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ, ਜਿਸ ’ਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ ਅਸ਼ਵਨੀ ਕਪੂਰ ਨੇ ਦੱਸਿਆ ਕਿ ਜ਼ਿਲੇ ਵਿਚ ਨਸ਼ਾ ਤਸਕਰਾਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਸਖਤ ਕਾਰਵਾਈ ਕਰਨ ਦੇ ਕਰਮਚਾਰੀਆਂ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਰਜਿੰਦਰ ਸਿੰਘ ਵਲੋਂ ਸਮੇਤ ਪੁਲਸ ਪਾਰਟੀ ਕਾਰਵਾਈ ਕਰਦੇ ਹੋਏ ਆਨੰਦ ਲਾਲ ਉਰਫ ਨੰਦੂ ਪੁੱਤਰ ਦੇਸਰਾਜ ਵਾਸੀ ਗੁਰੂ ਵਾਲੀ ਗੇਟ ਅੰਮ੍ਰਿਤਸਰ ਅਤੇ ਵੀਰ ਸ਼ੰਭੂ ਪੁੱਤਰ ਰਾਜੂ ਵਾਸੀ ਰਾਮ ਤੀਰਥ ਰੋਡ ਅੰਮ੍ਰਿਤਸਰ ਨੂੰ 1 ਕਿਲੋ 103 ਗ੍ਰਾਮ ਹੈਰੋਇਨ, 80 ਹਜ਼ਾਰ ਰੁਪਏ ਡਰੱਗ ਮਨੀ ਅਤੇ ਇਕ ਬਿਨਾਂ ਨੰਬਰੀ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦਾ ਮਾਣਯੋਗ ਅਦਾਲਤ ਪਾਸੋਂ 3 ਦਿਨਾਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 5 ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ। ਇਸ ਮੌਕੇ ਏ.ਐੱਸ.ਆਈ ਮਨਪ੍ਰੀਤ ਸਿੰਘ ਆਦਿ ਮੌਜੂਦ ਸਨ।

## ਐੱਚ. ਡੀ. ਐੱਫ. ਸੀ. ਬੈਂਕ ਦੇ ਮੁਲਾਜਮ ਨੇ ਦੋਸਤਾਂ ਨਾਲ ਮਿਲ ਗਾਹਕਾਂ ਨਾਲ ਮਾਰੀ ਠੱਗੀ

ਲੁਧਿਆਣਾ 25 ਮਈ। ਐੱਚ. ਡੀ. ਐੱਫ. ਸੀ. ਬੈਂਕ ‘ਚ ਕੰਮ ਕਰਨ ਵਾਲੇ ਇਕ ਮੁਲਾਜਮ ਨੇ ਦੋਸਤਾਂ ਨਾਲ ਮਿਲ ਕੇ ਆਪਣੇ ਗਾਹਕਾਂ ਦੀ ਲਾਈਫ ਇੰਸ਼ੋਰੈਂਸ ਪਾਲਿਸੀ ਦੇ ਜਾਅਲੀ ਦਸਤਾਵੇਜ ਤਿਆਰ ਕਰਕੇ ਉਨ੍ਹਾਂ ਦੇ ਨਾਲ ਠੱਗੀ ਕਰ ਲਈ। ਇਸ ਲਈ ਮਾਮਲੇ ‘ਚ ਥਾਣਾ ਡਵੀਜ਼ਨ ਨੰਬਰ-5 ਦੀ ਪੁਲਸ ਨੇ ਫਿਰੋਜ਼ ਗਾਂਧੀ ਮਾਰਕੀਟ ਸਥਿਤ ਬ੍ਰਾਂਚ ਦੇ ਸੀਨੀਅਰ ਮੈਨੇਜਰ ਜਤਿੰਦਰ ਕਤਿਆਲ ਦੀ ਸ਼ਿਕਾਇਤ ’ਤੇ ਬੈਂਕ ਕਰਮਚਾਰੀ ਸਾਹਿਲ ਕੌੜਾ ਨਿਵਾਸੀ ਜਗਰਾਓਂ ਅਤੇ ਉਸਦੇ ਦੋਸਤਾਂ ਜਤਿੰਦਰ ਅਰੋੜਾ, ਗੁਰਪ੍ਰੀਤ ਸਿੰਘ ਨਿਵਾਸੀ ਸ਼ਿਮਲਾਪੁਰੀ ਦੇ ਖ਼?ਲਾਫ ਧੋਖਾਦੇਹੀ ਸਮੇਤ ਵੱਖ-ਵੱਖ ਧਰਾਵਾਂ ਦੇ ਅਧੀਨ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ‘ਚ ਮੈਨੇਜਰ ਕਤਿਆਲ ਨੇ ਦੱਸਿਆ ਕਿ ਮੁਲਜ਼ਮ ਸਾਹਿਲ ਬੈਂਕ ਦੇ ਸੇਲ ਡਿਪਾਟਮੈਂਟ ‘ਚ ਕੰਮ ਕਰਦਾ ਸੀ। ਉਸ ਕਾਫੀ ਸਮੇਂ ਤੋਂ ਬੰਦ ਪਈ ਪੂਨਮ ਸ਼ਰਮਾ, ਸਤਵੀਰ ਸਿੰਘ ਅਤੇ ਅਮਨਦੀਪ ਕੌਰ ਦੀ ਪਾਲਿਸੀ ਦੇ ਜਾਅਲੀ ਦਸਤਾਵੇਜ ਤਿਆਰ ਕਰਵਾ ਲਏ। ਜਿਸਦੇ ਬਾਅਦ ਖੁਦ ਜਾਅਲੀ ਦਸਤਾਵੇਜ ਤਿਆਰ ਕਰਕੇ ਸਰੈਂਡਰ ਕਰ ਦਿੱਤੇ। ਮੁਲਜ਼ਮਾਂ ਵਲੋ ਜਾਅਲੀ ਸਰੈਂਡਰ ਫਾਰਮ ਤਿਆਰ ਕਰਕੇ ਉਸ ’ਤੇ ਪਾਲਿਸੀ ਹੋਲਡਰ ਦੇ ਜਾਅਲੀ ਹਸਤਾਖਰ ਕਰਕੇ ਵੱਖ-ਵੱਖ ਖਾਤਿਆਂ ਵਿਚ 16 ਲੱਖ, 18 ਹਜ਼ਾਰ ਰੁਪਏ ਟਰਾਂਸਫਰ ਕਰਵਾ ਲਏ, ਫਿਰ ਇਸ ਵਿਚ 5 ਲੱਖ 6 ਹਜ਼ਾਰ ਰੁਪਏ ਕਢਵਾਏ। ਇਸ ਦੇ ਬਾਅਦ ਬੈਂਕ ਨੂੰ ਉਨ੍ਹਾਂ ਦੇ ਬਾਰੇ ਪਤਾ ਲੱਗ ਗਿਆ ਅਤੇ ਪੁਲਸ ਨੂੰ ਸੂਚਨਾ ਦਿੱਤੀ।

## ਕੇਂਦਰੀ ਜੇਲ੍ਹ ਫਿਰ ਸੁਰਖੀਆਂ ’ਚ, 2 ਮੋਬਾਇਲ ਫੋਨ ਤੇ ਨਸ਼ੀਲੇ ਪਦਾਰਥ ਸਣੇ 9 ਹੀਟਰ ਬਰਾਮਦ

ਤਰਨਤਾਰਨ 25 ਮਈ। ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਇਕ ਵਾਰ ਫਿਰ ਸੁਰਖੀਆਂ ਵਿਚ ਆ ਗਈ ਹੈ, ਜਿਸ ਵਿਚ ਪ੍ਰਸ਼ਾਸਨ ਵਲੋਂ ਜੇਲ ਅੰਦਰ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ 2 ਮੋਬਾਇਲ ਫੋਨ, ਇਕ ਸਿਮ, 24 ਤੰਬਾਕੂ ਦੀਆਂ ਪੁੜੀਆਂ, 30 ਬੀੜੀਆਂ ਦੇ ਬੰਡਲ ਅਤੇ 9 ਹੀਟਰ ਬਰਾਮਦ ਕੀਤੇ ਗਏ ਹਨ। ਇਸ ਦੌਰਾਨ ਪੁਲਸ ਨੇ ਅਣਪਛਾਤੇ 2 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਹਰੀਸ਼ ਕੁਮਾਰ ਅਤੇ ਸੁਖਵਿੰਦਰ ਰਾਮ ਵਲੋਂ ਅਚਾਨਕ ਜੇਲ੍ਹ ਅੰਦਰ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ 2 ਮੋਬਾਈਲ ਫੋਨ, ਇਕ ਸਿਮ, 24 ਤੰਬਾਕੂ ਦੀਆਂ ਪੁੜੀਆਂ, 30 ਬੀੜੀਆਂ ਦੇ ਬੰਡਲ ਅਤੇ 9 ਹੀਟਰ ਬਰਾਮਦ ਸ਼ਾਮਲ ਸਨ। ਇਸ ਬਾਬਤ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸ੍ਰੀ ਗੋਇੰਦਵਾਲ ਸਾਹਿਬ ਰਵੀ ਸ਼ੇਰ



ਸਿੰਘ ਨੇ ਦੱਸਿਆ ਕਿ ਰਵਿੰਦਰ ਸਿੰਘ ਪੁੱਤਰ ਗੁਰਵਿੰਦਰ ਸਿੰਘ ਵਾਸੀ ਬੂੰਗਾ ਤਰਨਤਰਨ ਅਤੇ ਗਗਨਦੀਪ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਭਿੱਖੀਵਿੰਡ ਖ਼?ਲਾਫ ਮਾਮਲਾ ਦਰਜ ਕਰਦੇ ਹੋਏ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜ਼?ਕਰਯੋਗ ਹੈ ਕਿ ਬੀਤੇ ਦਿਨ ਵੀ ਕੇਂਦਰੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਭਗਵੰਤ ਸਿੰਘ ਅਤੇ ਸੁਖਵਿੰਦਰ ਸਿੰਘ ਵਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ 58 ਗ੍ਰਾਮ 158 ਮਿਲੀ ਗ੍ਰਾਮ ਹੈਰੋਇਨ, 4 ਮੋਬਾਇਲ ਫੋਨ,1 ਹੈੱਡ ਫੋਨ, 1 ਡਾਟਾ ਕੇਬਲ, 1 ਚਾਰਜਰ ਬਰਾਮਦ ਕੀਤਾ ਗਿਆ ਸੀ।

## ਸੜਕ ਹਾਦਸੇ ਵਿਚ ਗੰਭੀਰ ਜਖਮੀ ਹੋਈ ਕੁੜੀ ਨੇ ਇਲਾਜ ਦੌਰਾਨ ਤੋੜਿਆ ਦਮ

ਕਾਠਗੜ੍ਹ 25 ਮਈ। ਬੀਤੇ ਦਿਨੀਂ ਇਕ ਸੜਕ ਹਾਦਸੇ ’ਚ ਗੰਭੀਰ ਜਖਮੀ ਹੋਈ ਪਿੰਡ ਭੋਲੇਵਾਲ ਦੀ ਲੜਕੀ ਨੇ ਜ਼ੇਰੇ ਇਲਾਜ ਦਮ ਤੋੜ ਦਿੱਤਾ ਹੈ। ਦਰਜ ਐੱਫ. ਆਈ. ਆਰ. ਮੁਤਾਬਕ ਪੁਲਸ ਨੂੰ ਦਿੱਤੇ ਬਿਆਨਾਂ ’ਚ ਸ਼?ਕਾਇਤ ਕਰਤਾ ਸੋਮਨਾਥ ਪੁੱਤਰ ਸੰਤ ਰਾਮ ਵਾਸੀ ਭੋਲੇਵਾਲ (ਟੌਂਸਾ) ਨੇ ਦੱਸਿਆ ਕਿ ਉਸ ਦੀ ਛੋਟੀ ਲੜਕੀ ਮੁਸਕਾਨ ਨੇੜੇ ਹੀ ਦੋਆਬਾ ਕਾਲਜ ਮਾਜਰਾ ਜੱਟਾਂ ਵਿਖੇ ਪੜ੍ਹਦੀ ਸੀ ਅਤੇ ਬੀਤੇ 27 ਸਤੰਬਰ ਨੂੰ ਉਸ ਦੀ ਲੜਕੀ ਉਸ ਨਾਲ ਸਕੂਟਰੀ ’ਤੇ ਪੜ੍ਹਣ ਗਈ। ਕਰੀਬ ਸਵੇਰੇ 9 ਵਜੇ ਜਦੋਂ ਉਹ ਮੋੜ ਮਾਜਰਾ ਜੱਟਾਂ ਵਿਖੇ ਪਹੁੰਚੇ ਤਾਂ ਰੋਪੜ ਸਾਈਡ ਤੋਂ ਇਕ ਇਨੋਵਾ ਗੱਡੀ ਆਈ ਜਿਸ ਦੇ ਚਾਲਕ ਨੇ ਲਾਪਰਵਾਹੀ ਨਾਲ ਗੱਡੀ ਨੂੰ ਸਕੂਟਰੀ




ਦੇ ਪਿੱਛੇ ਮਾਰਿਆ, ਜਿਸ ਨਾਲ ਉਸ ਦੀ ਲੜਕੀ ਸੜਕ ’ਤੇ ਡਿੱਗ ਪਈ ਅਤੇ ਆਪ ਉਹ ਨਾਲ ਲੱਗਦੇ ਫੁੱਟਪਾਥ ’ਤੇ ਜਾ ਡਿਗਿਆ ਪਰ ਇੰਨੇ ’ਚ ਇਨੋਵਾ ਗੱਡੀ ਦਾ ਚਾਲਕ ਗੱਡੀ ਲੈ ਕੇ ਮੌਕੇ ਤੋਂ ਭੱਜ ਗਿਆ। ਉਸ ਨੇ ਤੁਰੰਤ ਗੰਭੀਰ ਜਖਮੀ ਕੁੜੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਪਹੁੰਚਾਇਆ ਪਰ ਹਾਲਤ ਗੰਭੀਰ ਹੋਣ ਕਰਕੇ ਉਸ ਦੀ ਲੜਕੀ ਦੀ ਜ਼ੇਰੇ ਇਲਾਜ ਮੌਤ ਹੋ ਗਈ। ਇਸ ਦੌਰਾਨ ਕਾਠਗੜ੍ਹ ਦੀ ਪੁਲਸ ਨੇ ਦਾਖਲ ਕੁੜੀ ਦੇ ਬਿਆਨ ਵੀ ਲੈਣ ਦੀ ਕੋਸ਼?ਸ਼ ਕੀਤੀ ਪਰ ਉਹ ਬਿਆਨ ਦੇਣ ਦੇ ਕਾਬਿਲ ਨਹੀਂ ਸੀ। ਥਾਣਾ ਕਾਠਗੜ੍ਹ ਦੀ ਪੁਲਸ ਨੇ ਇਨੋਵਾ ਗੱਡੀ ਦੇ ਅਣਪਛਾਤੇ ਚਾਲਕ ਖ਼?ਲਾਫ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਜਾਂਚ ਪੜਤਾਲ ਸੁਰੂ ਕਰ ਦਿੱਤੀ ਹੈ। ਇਨੋਵਾ ਗੱਡੀ ਦਾ ਨੰਬਰ ਹਰਿਆਣੇ ਦਾ ਦੱਸਿਆ ਗਿਆ ਹੈ।

# ਨਕਸ਼ੇ ਪਾਸ ਕਰਨ ‘ਚ ਹੁਣ ਨਹੀਂ ਚੱਲੇਗੀ ਬਹਾਨੇਬਾਜੀ

ਲੁਧਿਆਣਾ 25 ਮਈ। ਨਗਰ ਨਿਗਮ ’ਚ ਹੁਣ ਆਨਲਾਈਨ ਸਿਸਟਮ ਜਰੀਏ ਨਕਸ਼ੇ ਪਾਸ ਕਰਨ ’ਚ ਦੇਰੀ ਨਹੀਂ ਹੋਵੇਗੀ, ਜਿਸ ਦੇ ਲਈ ਬਿਲਡਿੰਗ ਇੰਸਪੈਕਟਰਾਂ ਦੇ ਹੱਥ ਵਿਚ ਟੈਬ ਨਜ਼ਰ ਆਉਣਗੇ। ਇੱਥੇ ਜ਼?ਕਰਯੋਗ ਹੈ ਹੋਵੇਗਾ ਕਿ ਬਿਲਡਿੰਗ ਬਣਾਉਣ ਲਈ ਨਕਸ਼ੇ ਪਾਸ ਕਰਨ ਦਾ ਸਾਰਾ ਕੰਮ ਆਨਲਾਈਨ ਸਿਸਟਮ ਜਰੀਏ ਹੋ ਰਿਹਾ ਹੈ। ਭਾਵੇਂ ਇਸ ਕੰਮ ਲਈ ਸਰਕਾਰ ਵੱਲੋਂ ਬਾਕਾਇਦਾ ਡੈੱਡਲਾਈਨ ਫਿਕਸ ਕੀਤੀ ਗਈ ਹੈ ਪਰ ਆਨਲਾਈਨ ਸਿਸਟਮ ਜਰੀਏ ਨਕਸ਼ੇ ਪਾਸ ਕਰਨ ਦੇ ਕੇਸ ਕਾਫੀ ਦੇਰ ਤੱਕ ਪੈਂਡਿੰਗ ਰਹਿੰਦੇ ਹਨ, ਜਿਸ ਦੇ ਲਈ ਭਾਵੇਂ ਮੁਲਾਜ਼ਮਾਂ ਵੱਲੋਂ ਵਾਰ-ਵਾਰ ਇਤਰਾਜ ਲਗਾਉਣ ਨੂੰ ਵਜ੍ਹਾ ਮੰਨਿਆ ਜਾਂਦਾ ਹੈ। ਉੱਥੇ ਮੁਲਾਜ਼ਮ ਜ਼ਿਆਦਾਤਰ ਫੀਲਡ ਵਿਚ ਹੋਣ ਦੌਰਾਨ ਆਨਲਾਈਨ ਸਿਸਟਮ ਜਰੀਏ ਨਕਸ਼ੇ ਪਾਸ ਕਰਨ ਦਾ ਕੰਮ ਆਫਿਸ ’ਚ ਜਾ ਕੇ ਕਰਨ ਦਾ ਬਹਾਨਾ ਬਣਾਉਂਦੇ ਹਨ। ਇਸ ਸਬੰਧੀ ਫੀਡਬੈਕ ਮਿਲਣ ’ਤੇ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਮੁਲਾਜ਼ਮਾਂ ਨੂੰ ਹਾਈਟੈਕ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਜਾਰੀ ਆਰਡਰ ਮੁਤਾਬਕ ਉਨ੍ਹਾਂ ਨੇ ਬਿਲਡਿੰਗ ਇੰਸਪੈਕਟਰਾਂ ਨੂੰ ਟੈਬ ਲੈ ਕੇ ਦੇਣ ਦੀ ਹਦਾਇਤ ਦਿੱਤੀ ਗਈ ਹੈ, ਜਿਸ ਤੋਂ ਬਾਅਦ ਮੁਲਾਜ਼ਮ ਕਿਤੇ ਵੀ ਬੈਠ ਕੇ ਆਨਲਾਈਨ ਸਿਸਟਮ ਜਰੀਏ ਨਕਸ਼ੇ ਪਾਸ ਦਾ ਕੰਮ ਕਰ ਸਕਦੇ ਹਨ। ਨਾਜਾਇਜ਼ ਤੌਰ ’ਤੇ ਬਣ ਰਹੀਆਂ ਬਿਲਡਿੰਗਾਂ ਖਿਲਾਫ ਕਾਰਵਾਈ ਅਤੇ ਰਿਕਵਰੀ ਲਈ ਨਹੀਂ ਹੋਵੇਗੀ ਜੇ. ਸੀ. ਬੀ. ਮਸ਼ੀਨ ਜਾਂ ਗੱਡੀਆਂ ਦੀ ਕਮੀ ਲੋਕਲ ਬਾਡੀ ਮੰਤਰੀ ਦੀ ਘੁਰਕੀ ਤੋਂ ਬਾਅਦ ਨਗਰ ਨਿਗਮ ਕਮਿਸ਼ਨਰ ਵੱਲੋਂ ਨਾਜਾਇਜ਼ ਤੌਰ ’ਤੇ ਬਣ ਰਹੀਆਂ ਬਿਲਡਿੰਗਾਂ ਖਿਲਾਫ ਕਾਰਵਾਈ ਕਰਨ ਨੂੰ ਲੈ ਕੇ ਫੋਕਸ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਜੋਨਲ ਕਮਿਸ਼ਨਰ ਦੀ ਅਗਵਾਈ ’ਚ ਟੀਮ ਦਾ ਗਠਨ ਕੀਤਾ ਗਿਆ ਹੈ। ਜਿਨ੍ਹਾਂ ਵਲੋਂ ਡਰਾਈਵ ਸ਼ੁਰੂ ਕਰਨ ਤੋਂ ਪਹਿਲਾਂ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਵੱਲੋਂ ਗਿਣਾਈਆਂ ਗਈਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਦਿਸ਼ਾ ਵਿਚ ਵੀ ਕਮਿਸ਼ਨਰ ਨੇ ਕਦਮ ਵਧਾਇਆ ਹੈ। ਇਸ ਵਿਚ ਮੁੱਖ ਰੂਪ ’ਚ ਨਾਜਾਇਜ਼ ਤੌਰ ’ਤੇ ਬਣ ਰਹੀਆਂ ਬਿਲਡਿੰਗਾਂ ਖਿਲਾਫ ਕਾਰਵਾਈ ਲਈ ਜੇ. ਸੀ. ਬੀ. ਮਸ਼ੀਨ ਨਾ ਮਿਲਣ ਦਾ ਪਹਿਲੂ ਮੁੱਖ ਤੌਰ ’ਤੇ ਸ਼ਾਮਲ ਹੈ, ਜਿਸ ਦੇ ਮੱਦੇਨਜ਼ਰ ਕਮਿਸ਼ਨਰ ਨੇ ਚਾਰੇ ਜ਼ੋਨਾਂ ’ਚ ਨਾਜਾਇਜ਼ ਤੌਰ ’ਤੇ ਬਣ ਰਹੀਆਂ ਬਿਲਡਿੰਗਾਂ ਖਿਲਾਫ ਕਾਰਵਾਈ ਕਰਨ ਲਈ ਪੱਕੇ ਤੌਰ ’ਤੇ ਇਕ ਇਕ ਜੇ. ਸੀ. ਬੀ. ਮਸ਼ੀਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਾਜਾਇਜ਼ ਤੌਰ ’ਤੇ ਬਣ ਰਹੀਆਂ ਬਿਲਡਿੰਗਾਂ ਦੀ ਚੈਕਿੰਗ ਕਰਨ ਜਾਂ ਬਕਾਇਆ ਰੈਵੇਨਿਊ ਦੀ ਵਸੂਲੀ ਲਈ ਫੀਲਡ ਵਿਚ ਜਾਣ ਲਈ ਵਾਹਨਾਂ ਦੀ ਕਮੀ ਹੋਣ ਦਾ ਜੋ ਮੁੱਦਾ ਸਟਾਫ ਵੱਲੋਂ ਚੁੱਕਿਆ ਗਿਆ ਹੈ, ਉਸ ਨੂੰ ਹੱਲ ਕਰਨ ਲਈ ਹਫਤੇ ਵਿਚ 3 ਦਿਨ ਬਿਲਡਿੰਗ ਬ੍ਰਾਂਚ ਨੂੰ ਗੱਡੀਆਂ ਦੇਣ ਲਈ ਬੋਲਿਆ ਗਿਆ ਹੈ।

# ਪੰਜਾਬ ‘ਚ ਰਿਟਾਇਰ ਹੋਣ ਵਾਲੇ ਅਧਿਆਪਕਾਂ ਲਈ ਆਈ ਅਹਿਮ ਖਬਰ, ਸਰਕਾਰ ਨੇ ਲਿਆ ਇਹ ਫੈਸਲਾ

ਲੁਧਿਆਣਾ 25 ਮਈ। ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ ‘ਦਿ ਪੰਜਾਬ ਸਕੂਲ ਟੀਚਰਸ ਐਕਸਟੈਂਸ਼ਨ ਇਨ ਸਰਵਿਸ ਐਕਟ-2015’ ਲਾਗੂ ਕੀਤਾ ਗਿਆ ਸੀ ਤਾਂ ਕਿ ਸਕੂਲੀ ਬੱਚਿਆਂ ਦਾ ਵਿੱਦਿਅਕ ਸਾਲ ਖਰਾਬ ਨਾ ਹੋਵੇ। ਹੁਣ ਇਕ ਵਾਰ ਫਿਰ ਪੰਜਾਬ ਸਰਕਾਰ ਨੇ ਬੱਚਿਆਂ ਦੀ ਸਿੱਖਿਆ ਨੂੰ ਧਿਆਨ ’ਚ ਰੱਖਦੇ ਹੋਏ ਇਸ ਐਕਟ ਤਹਿਤ 31 ਅਗਸਤ ਤੋਂ ਬਾਅਦ ਰਿਟਾਇਰ ਹੋਣ ਵਾਲੇ ਅਧਿਆਪਕਾਂ ਨੂੰ 31 ਮਾਰਚ ਤੱਕ ਦੀ ਸੇਵਾ ’ਚ ਵਾਧਾ ਦੇਣ ਦਾ ਫੈਸਲਾ ਕੀਤਾ ਹੈ। ਇਸ ਐਕਟ ਤਹਿਤ ਪਹਿਲਾਂ ਵੀ ਉਨ੍ਹਾਂ ਪ੍ਰਿੰਸੀਪਲਾਂ ਨੂੰ ਸੇਵਾ ’ਚ ਵਾਧਾ ਦਿੱਤਾ ਗਿਆ ਹੈ, ਜੋ ਪ੍ਰਸ਼ਾਸਨਿਕ ਕਾਰਜਾਂ ਤੋਂ ਇਲਾਵਾ ਵਿੱਦਿਅਕ ਕਾਰਜ ਵੀ ਦੇਖਦੇ ਹਨ। ਸਰਕਾਰ ਵੱਲੋਂ ਜਾਰੀ ਪੱਤਰ ਮੁਤਾਬਕ ਇਸ ਤਰ੍ਹਾਂ ਦੇਖਿਆ ਗਿਆ ਹੈ ਕਿ ਵਿੱਦਿਅਕ ਸੈਸ਼ਨ ਦੌਰਾਨ ਜਦੋਂ ਪ੍ਰਿੰਸੀਪਲ ਸੇਵਾਮੁਕਤ ਹੋ ਜਾਂਦੇ ਹਨ ਤਾਂ ਬੱਚਿਆਂ ਦੀ ਸਿੱਖਿਆ ’ਤੇ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ‘ਚ ਪ੍ਰਿੰਸੀਪਲਾਂ ਦੇ ਲਗਭਗ 500 ਆਹੁਦੇ ਖਾਲੀ ਹਨ। ਇਸ ਦੌਰਾਨ ਵਿਭਾਗ ’ਚ ਪ੍ਰਿੰਸੀਪਲਾਂ ਦੀ ਕਮੀ ਅਤੇ ਬੱਚਿਆਂ ਦੀ ਪੜ੍ਹਾਈ ਨੂੰ ਦੇਖਦੇ ਹੋਏ ਫੈਸਲਾ ਲਿਆ ਗਿਆ ਹੈ। ਉਕਤ ਐਕਟ ਤਹਿਤ ਜੋ ਪ੍ਰਿੰਸੀਪਲ 31 ਅਗਸਤ ਤੋਂ 28 ਜਨਵਰੀ ਵਿਚਕਾਰ ਸੇਵਾਮੁਕਤ ਹੋਣਗੇ ਤਾਂ ਆਪਸ਼ਨ ਦੇਣ ’ਤੇ ਉਹ 31 ਮਾਰਚ ਤੱਕ ਸੇਵਾ ਵਾਧੇ ਦੇ ਪਾਤਰ ਹੋਣਗੇ। ਚਾਹੇ ਉਨ੍ਹਾਂ ਵੱਲੋਂ ਸਕੂਲ ਵਿਚ ਪੀਰੀਅਡ ਲਗਾਏ ਜਾਂਦੇ ਹਨ ਜਾਂ ਨਹੀਂ।

## ਜਲੰਧਰ ‘ਚ ਚਲਾਈ ਗਈ ਸੱਵਛਤਾ ਹੀ ਸੇਵਾ ਦੇ ਤਹਿਤ ਸਫਾਈ ਮੁਹਿੰਮ

ਜਲੰਧਰ 25 ਮਈ। ਜਲੰਧਰ ‘ਚ ਅੱਜ ਨਗਰ ਨਿਗਮ ਨੇ ਸਵੱਛਤਾ ਹੀ ਸੇਵਾ ਦੇ ਤਹਿਤ ਜਲੰਧਰ ‘ਚ ਵੱਖ-ਵੱਖ ਥਾਵਾਂ ‘ਤੇ ਸਫਾਈ ਮੁਹਿੰਮ ਚਲਾਈ ਗਈ। ਇਹ ਮੁਹਿੰਮ ਪੂਰੀ ਤਰ੍ਹਾਂ ਮਹਾਤਮਾ ਗਾਂਧੀ ਜੀ ਨੂੰ ਸਮਰਪਿਤ ਹੈ। ਇਸ ਮੌਕੇ ਕਾਲਜ ਦੇ ਐੱਨ. ਸੀ. ਸੀ. ਬੱਚਿਆਂ ਅਤੇ ਆਮ ਲੋਕਾਂ ਨੇ ਵੀ ਇਸ ਮੁਹਿੰਮ ਦਾ ਸਮਰਥਨ ਕੀਤਾ। ਇਸ ਮੌਕੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸਾ-ਨਿਰਦੇਸਾਂ ‘ਤੇ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਹ ਸਾਡੇ ਵੱਲੋਂ ਮਹਾਤਮਾ ਗਾਂਧੀ ਨੂੰ ਸਰਧਾਂਜਲੀ ਹੈ। ਸਹਿਰ ਦੀ ਸਫਾਈ ਮੁਹਿੰਮ ਵਿੱਚ ਆਮ ਲੋਕਾਂ ਦੇ ਨਾਲ-ਨਾਲ ਕਾਲਜ ਦੇ ਬੱਚੇ ਵੀ ਸਾਡਾ ਸਾਥ ਦੇ ਰਹੇ ਹਨ। ਅਸੀਂ ਸਾਰਿਆਂ ਨੂੰ ਇਹ ਸੰਦੇਸ ਦੇਣਾ ਚਾਹਾਂਗੇ ਕਿ ਹਰ ਕੋਈ ਸਫਾਈ ਦਾ ਧਿਆਨ ਰੱਖੇ ਅਤੇ ਆਪਣੇ ਸਹਿਰ ਅਤੇ ਦੇਸ ਨੂੰ ਹੋਰ ਵੀ ਸੁੰਦਰ ਬਣਾਉਣ।

# ਵਕੀਲ ਨਾਲ ਅਣਮਨੁੱਖਾ ਵਤੀਰਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ, ਮੁਲਜਮ 4 ਦਿਨ ਦੇ ਪੁਲਸ ਰਿਮਾਂਡ ‘ਤੇ

ਸ੍ਰੀ ਮੁਕਤਸਰ ਸਾਹਿਬ 25 ਮਈ। ਜ਼?ਲ੍ਹਾ ਪੁਲਸ ਵੱਲੋਂ ਵਕੀਲ ਨਾਲ ਅਣਮਨੁੱਖੀ ਵਿਵਹਾਰ ਦੇ ਮਾਮਲੇ ਵਿਚ ਗ੍ਰਿਫ਼ਤਾਰ ਮੁਲਜਮ ਐੱਸ. ਪੀ. ਰਮਨਦੀਪ ਸਿੰਘ ਭੁੱਲਰ, ਸੀ. ਆਈ. ਏ. ਸਟਾਫ਼ ਦੇ ਇੰਚਾਰਜ ਰਮਨ ਕੁਮਾਰ ਅਤੇ ਸੀਨੀਅਰ ਕਾਂਸਟੇਬਲ ਹਰਬੰਸ ਸਿੰਘ ਨੂੰ ਵੀਰਵਾਰ ਦੀ ਦੇਰ ਸ਼ਾਮ ਏ. ਸੀ. ਜੇ. ਐੱਮ. ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਪੁਲਸ ਨੇ ਉਨ੍ਹਾਂ ਦਾ ਚਾਰ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਮੰਗਲਵਾਰ ਨੂੰ ਤਿੰਨਾਂ ਨੂੰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਉੱਥੇ ਹੀ ਪੀੜਤ ਵਰਿੰਦਰ ਸੰਧੂ ਨੂੰ ਸੀ. ਜੇ. ਐੱਮ. ਕੋਰਟ ਨੇ ਡਿਸਚਾਰਜ ਕਰ ਦਿੱਤਾ ਹੈ, ਜਿਸ ਦੇ ਬਾਅਦ ਉਹ ਰਿਹਾਅ ਹੋ ਕੇ ਬਾਹਰ ਆ ਗਏ ਹਨ। ਐੱਸ. ਐੱਸ. ਪੀ. ਹਰਮਨਬੀਰ ਸਿੰਘ ਗਿੱਲ ’ਤੇ ਤਬਾਦਲੇ ਦੀ ਗਾਜ ਡਿੱਗਣ ਦੇ ਬਾਅਦ ਹੁਣ ਮੁਕਤਸਰ ਦੇ ਨਵੇਂ ਐੱਸ. ਐੱਸ. ਪੀ. ਭਗੀਰਥ ਮੀਨਾ ਲਾਏ ਗਏ ਹਨ। ਬਾਰ



ਐਸੋਸੀਏਸ਼ਨ ਮੁਕਤਸਰ ਦੇ ਮੈਂਬਰਾਂ ਨੇ ਦੱਸਿਆ ਕਿ ਵਕੀਲ ਦੇ ਨਾਲ ਅਣਮਨੁੱਖੀ ਵਿਵਹਾਰ ਦੇ ਮਾਮਲੇ ਦੀ ਜਾਂਚ ਲਈ ਗਠਿਤ ਕਮੇਟੀ ਦੇ ਮੈਂਬਰ ਡਿਪਟੀ ਕਮਿਸ਼ਨਰ ਆਫ਼ ਪੁਲਸ ਇਨਵੈਸਟੀਗੇਸ਼ਨ ਲੁਧਿਆਣਾ ਹਰਮੀਤ ਸਿਘ ਹੁੰਦਲ ਨੂੰ ਵੀਰਵਾਰ ਨੂੰ ਮਿਲੇ ਹਨ। ਉਨ੍ਹਾਂ ਨੇ ਮਾਮਲੇ ਨੂੰ ਲੈ ਕੇ ਉਸ ਉਨ੍ਹਾਂ ਨਾਲ ਪੁੱਛਗਿੱਛ ਕੀਤੀ ਹੈ। ਹੁੰਦਲ ਨੇ ਮਾਮਲੇ ਦੀ ਪੂਰੀ ਜਾਣਕਾਰੀ ਅਧਿਕਾਰੀ ਨੂੰ ਦੇ ਦਿੱਤੀ ਹੈ। ਵੀਰਵਾਰ ਨੂੰ ਪੀੜਤ ਵਕੀਲ ਵਰਿੰਦਰ ਸਿੰਘ ਸੰਧੂ ਨੂੰ ਅਦਾਲਤ ਨੇ ਡਿਸਚਾਰਜ ਕਰ ਦਿੱਤਾ, ਜਿਸ ਤੋਂ ਬਾਅਦ ਉਸ ਨੂੰ ਜ਼?ਲ੍ਹਾ ਜੇਲ੍ਹ ਮੁਕਤਸਰ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਦੋਸ਼ੀ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਰਮਨ ਕੁਮਾਰ ਨੇ ਇਕ ਆਡੀਓ ਜਾਰੀ ਕਰਦੇ ਹੋਏ ਉਨ੍ਹਾਂ ਦਾ ਸਾਥ ਦੇਣ ਵਾਲੇ ਲੋਕਾਂ ਦਾ ਧੰਨਵਾਦ ਜਤਾਇਆ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਨਸ਼ੇ ਖਿਲਾਫ਼ ਜੰਗ ਲੜ ਰਹੇ ਸਨ ਅਤੇ ਅਦਾਲਤ ਦਾ ਜੋ ਵੀ ਫੈਸਲਾ ਹੋਵੇਗਾ ਉਸ ਦੇ ਬਾਅਦ ਵੀ ਨਸ਼ੇ ਦੇ ਖਿਲਾਫ਼ ਜੰਗ ਜਾਰੀ ਰਹੇਗੀ।

## ਲੁਧਿਆਣਾ ‘ਚ ਦਿਲ ਵਲੂੰਧਰਣ ਵਾਲੀ ਘਟਨਾ, ਪੁੱਤਾਂ ਨੂੰ ਲੜਦਿਆਂ ਦੇਖ ਬਰਦਾਸ਼ਤ ਨਾ ਕਰ ਸਕਿਆ ਪਿਓ ਹੋਈ ਮੌਤ

ਲੁਧਿਆਣਾ 25 ਮਈ। ਲੁਧਿਆਣਾ ਦੀ ਇਕ ਦਰਦਨਾਕ ਘਟਨਾ ਸਾਹਮਣੇ ਆਇਆ ਹੈ, ਜਿਸ ਵਿਚ ਦੋ ਸਕੇ ਭਰਾਵਾਂ ਦੀ ਆਪਸ ਵਿਚ ਲੜਾਈ ਹੋ ਗਈ। ਇਸ ਮੌਕੇ ਜਦੋਂ ਪਿਓ ਨੇ ਪੁੱਤਰਾਂ ਨੂੰ ਲੜਦਿਆਂ ਵੇਖਿਆ ਤਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ। ਘਟਨਾ ਕੈਲਾਸ ਨਗਰ ਰੋਡ ਦੀ ਹੈ, ਜਿੱਥੇ ਦੋ ਭਰਾਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਲੜਾਈ ਹੋ ਗਈ। ਇਹ ਸਦਮਾ ਪਿਤਾ ਬਰਦਾਸ਼ਤ ਨਹੀਂ ਕਰ ਸਕਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਗੁਰਦਿਆਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕੈਲਾਸ਼ ਨਗਰ ਰੋਡ ‘ਤੇ ਦੋ ਸਕੇ ਭਰਾ ਆਪਸ ਵਿਚ ਲੜ ਪਏ, ਜਿਸ ਦੇ ਚੱਲਦੇ ਜਦੋਂ ਪਿਤਾ ਨੇ ਭਰਾਵਾਂ ਦੀ ਲੜਾਈ ਦੇਖੀ ਤਾਂ ਉਨ੍ਹਾਂ ਨੂੰ ਦੌਰਾ ਪੈ ਗਿਆ, ਜਿਸ ਤੋਂ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਇੰਚਾਰਜ ਨੇ ਦੱਸਿਆ ਕਿ ਹੁਣ ਤਕ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਬਾਕੀ ਜਾਂਚ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਵਰਿੰਦਰ ਸਹਿਵਾਗ ਦੇ ਭਰਾ ਦੀਆਂ ਵਧੀਆਂ ਮੁਸ਼ਕਿਲਾਂ, ਚੰਡੀਗੜ੍ਹ ਪੁਲਸ ਵਲੋਂ ਪਰਚਾ ਦਰਜ

ਚੰਡੀਗੜ੍ਹ 25 ਮਈ। ਪੁਲਸ ਨੇ ਕ੍ਰਿਕਟਰ ਵਰਿੰਦਰ ਸਹਿਵਾਗ ਦੇ ਭਰਾ ਅਤੇ ਉਸ ਦੇ ਦੋ ਸਾਥੀਆਂ ਖ਼?ਲਾਫ ਅਦਾਲਤ ਦੇ ਹੁਕਮਾਂ ’ਤੇ ਆਈਪੀਸੀ ਦੀ ਧਾਰਾ 174ਏ ਤਹਿਤ ਕੇਸ ਦਰਜ ਕੀਤਾ ਹੈ। ਮੁਲਜਮਾਂ ਦੀ ਪਛਾਣ ਵਰਿੰਦਰ ਸਹਿਵਾਗ ਦੇ ਭਰਾ ਵਿਨੋਦ ਸਹਿਵਾਗ, ਸੁਧੀਰ ਮਲਹੋਤਰਾ ਅਤੇ ਵਿਸਨੂੰ ਮਿੱਤਲ ਵਜੋਂ ਹੋਈ ਹੈ। ਤਿੰਨੋਂ ਦਿੱਲੀ ਦੇ ਰਹਿਣ ਵਾਲੇ ਹਨ। ਵਰਿੰਦਰ ਸਹਿਵਾਗ ਦੇ ਭਰਾ ਵਿਨੋਦ ਸਹਿਵਾਗ ਆਪਣੇ ਦੋ ਸਾਥੀਆਂ ਸੁਧੀਰ ਮਲਹੋਤਰਾ ਅਤੇ ਵਿਸਨੂੰ ਮਿੱਤਲ ਨਾਲ ਮਿਲ ਕੇ ਜਾਲਤਾ ਫੂਡ ਐਂਡ ਬੇਵਰੇਜ ਨਾਂ ਦੀ ਫੈਕਟਰੀ ਚਲਾਉਂਦੇ ਸਨ। ਇਸ ਫੈਕਟਰੀ ਲਈ ਉਹ ਬੱਦੀ ਦੀ ਫੈਕਟਰੀ ਨੈਨਾ ਪਲਾਸਟਿਕ ਤੋਂ ਖਾਲੀ ਬੋਤਲਾਂ ਖਰੀਦਦੇ ਸਨ। ਇਹ ਕਾਰਵਾਈ ਇਨ੍ਹਾਂ ਬੋਤਲਾਂ ਦੇ ਬਕਾਇਆ ਪੈਸਿਆਂ ਦੇ ਸਬੰਧ ਵਿੱਚ ਕੀਤੀ ਗਈ ਹੈ। ਸ੍ਰੀ ਨੈਨਾ ਪਲਾਸਟਿਕ ਫੈਕਟਰੀ ਦੇ ਮਾਲਕ ਕ੍ਰਿਸਨ ਮੋਹਨ ਵਾਸੀ ਸੈਕਟਰ 12 ਪੰਚਕੂਲਾ ਨੇ ਮੁਲਜਮਾਂ ਵੱਲੋਂ




ਦਿੱਤਾ ਚੈੱਕ ਮਨੀਮਾਜਰਾ ਬੈਂਕ ਵਿੱਚ ਜਮ੍ਹਾਂ ਕਰਵਾਇਆ ਸੀ ਪਰ ਚੈੱਕ ਬਾਊਂਸ ਹੋ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਤਿੰਨਾਂ ਖ਼?ਲਾਫ ਧਾਰਾ 138 ਤਹਿਤ ਜ਼?ਲ੍ਹਾ ਅਦਾਲਤ ਵਿੱਚ ਸ਼?ਕਾਇਤ ਦਰਜ ਕਰਵਾਈ। ਇੱਥੇ ਤਿੰਨੋਂ ਮੁਲਜਮ ਅਦਾਲਤ ਵਿੱਚ ਪੇਸ ਨਹੀਂ ਹੋਏ। ਇਸ ਤੋਂ ਬਾਅਦ ਅਦਾਲਤ ਨੇ ਤਿੰਨਾਂ ਨੂੰ 2022 ਵਿੱਚ ਭਗੌੜਾ ਕਰਾਰ ਦਿੱਤਾ ਸੀ। ਅਦਾਲਤ ਤੋਂ ਭਗੌੜਾ ਐਲਾਨੇ ਜਾਣ ਤੋਂ ਬਾਅਦ ਵੀ ਚੰਡੀਗੜ੍ਹ ਪੁਲਸ ਨੇ ਮੁਲਜਮਾਂ ਖ਼?ਲਾਫ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਪੀੜਤ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸਨ ਦਾਇਰ ਕੀਤੀ ਸੀ।

## ਕਤਲ ਦੇ ਮਾਮਲੇ ’ਚ ਲੋੜੀਂਦਾ ਮੁਲਜਮ ਅਸਲੇ ਅਤੇ ਕਾਰ ਸਮੇਤ ਕਾਬੂ

ਬਟਾਲਾ 25 ਮਈ। ਪੁਲਸ ਜ਼ਿਲ੍ਹਾ ਬਟਾਲਾ ਅਧੀਨ ਆਉਂਦੀ ਪੁਲਸ ਚੌਕੀ ਧਰਮਕੋਟ ਰੰਧਾਵਾ ਵੱਲੋਂ ਕਤਲ ਦੇ ਮਾਮਲੇ ’ਚ ਲੋੜੀਂਦੇ ਕਥਿਤ ਦੋਸ਼ੀ ਨੂੰ ਕਾਰ ਅਤੇ ਅਸਲੇ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਚੌਕੀ ਇੰਚਾਰਜ ਏ. ਐੱਸ. ਆਈ. ਜਗਤਾਰ ਸਿੰਘ ਨੇ ਦੱਸਿਆ ਕਿ ਥਾਣਾ ਡੇਰਾ ਬਾਬਾ ਨਾਨਕ ਵਿਖੇ ਦਰਜ ਮੁਕੱਦਮੇ ਤਹਿਤ ਲੋੜੀਂਦੇ ਕਥਿਤ ਦੋਸ਼ੀ ਸਾਜਨ ਮਸੀਹ



ਪੁੱਤਰ ਸ਼ਿੰਦਾ ਮਸੀਹ ਵਾਸੀ ਵੈਰੋਕੇ ਨੂੰ ਡੀ. ਐੱਸ. ਪੀ. ਡੇਰਾ ਬਾਬਾ ਨਾਨਕ ਦੇ ਆਦੇਸ਼ਾਂ ਮੁਤਾਬਕ ਗੁਪਤ ਸੂਚਨਾ ਦੇ ਆਧਾਰ ’ਤੇ ਪਿੰਡ ਦੇ ਨੇੜਿਓਂ ਉਨ੍ਹਾਂ ਨੇ ਪੁਲਸ ਪਾਰਟੀ ਦੀ ਮਦਦ ਨਾਲ ਗ੍ਰਿਫਤਾਰ ਕਰ ਕੇ ਉਸ ਕੋਲੋਂ ਵਰਨਾ ਕਾਰ ਅਤੇ ਇਕ ਦੇਸੀ ਪਿਸਤੌਲ ਬਰਾਮਦ ਕੀਤਾ ਹੈ। ਸੰਗਰੂਰ ਵਾਸੀਆਂ ਨੂੰ ਮਾਨ ਸਰਕਾਰ ਦਾ ਵੱਡਾ ਤੋਹਫਾ, ਨਾਲ ਹੀ ਕਰ ਦਿੱਤਾ ਇਕ ਹੋਰ ਐਲਾਨ ਚੌਕੀ ਇੰਚਾਰਜ ਨੇ ਦੱਸਿਆ ਕਿ ਉਕਤ ਵਿਅਕਤੀ ਨੇ ਸਾਥੀਆਂ ਨਾਲ ਮਿਲ ਕੇ ਹਰਮਨਜੋਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਮੇਘਾਂ ਨੂੰ ਅੱਡਾ ਧਰਮਕੋਟ ਰੰਧਾਵਾ ਵਿਖੇ ਗੋਲੀਆਂ ਕੇ ਗੰਭੀਰ ਕਰ ਦਿੱਤਾ ਸੀ ਅਤੇ ਇਸ ਸਬੰਧੀ ਚਾਰ ਕਥਿਤ ਦੋਸ਼ੀਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਗੁਰਦਾਸਪੁਰ ਵਾਸੀਆਂ ਨੂੰ ਮੰਨੋਰੰਜਨ ਲਈ ਮਿਲਿਆ ਇਕਲੌਤਾ ਸਿਨੇਮਾ, ਦੁਕਾਨਦਾਰਾਂ ਨੇ ਲਿਆ ਸੁੱਖ ਦਾ ਸਾਹ

ਗੁਰਦਾਸਪੁਰ 25 ਮਈ। ਗੁਰਦਾਸਪੁਰ ਸ਼ਹਿਰ ਪਿਛਲੇ ਕਰੀਬ 6 ਸਾਲ ਤੋਂ ਕਾਨੂੰਨੀ ਲੜਾਈ ਵਿਚ ਉਲਝਿਆ ਏ. ਜੀ. ਐੱਮ. ਮਾਲ ਆਖਿਰਕਾਰ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਇਸ ਮਾਲ ਬਣੇ ਸਿਨੇਮਾ ਚੱਲਣ ਲਈ ਸਾਰੇ ਕਾਨੂੰਨੀ ਪੱਖ ਕਲੀਅਰ ਹੋਣ ਦੇ ਬਾਅਦ ਹੁਣ ਗੁਰਦਾਸਪੁਰ ਦੇ ਲੋਕਾਂ ਨੂੰ ਇਕਲੌਤੇ ਸਿਨੇਮੇ ਦੇ ਰੂਪ ਵਿਚ ਮੰਨੋਰੰਜਨ ਦਾ ਸਾਧਨ ਮਿਲ ਗਿਆ ਹੈ। ਇਹ ਦੱਸਣਯੋਗ ਹੈ ਕਿ ਉਕਤ ਮਾਲ ਅਕਾਲੀ ਦਲ ਨਾਲ ਸਬੰਧਤ ਸਾਬਕਾ ਮੁੱਖ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਦਾ ਹੈ, ਜਿਨ੍ਹਾਂ ਨੇ ਪੁਰਾਣਾ ਸਿਨੇਮਾ ਤੋੜ ਕੇ ਤਿੱਬੜੀ ਰੋਡ ’ਤੇ ਨਵਾਂ ਮਾਲ ਉਸਾਰਿਆ ਸੀ ਪਰ ਪਿਛਲੀ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ ਉਕਤ ਮਾਲ ਦੀ ਉਸਾਰੀ ਨੂੰ ਲੈ ਕੇ ਕਈ ਤਰ੍ਹਾਂ ਦੇ ਇਤਰਾਜ ਉਠਾਏ ਸਨ ਅਤੇ ਨਗਰ ਕੌਂਸਲ ਵੱਲੋਂ ਲਗਾਏ ਇਤਰਾਜਾਂ ਤੋਂ ਬਾਅਦ ਉਕਤ ਮਾਮਲਾ ਪਹਿਲਾਂ ਹੇਠਲੀ ਅਦਾਲਤ ਵਿਚ ਗਿਆ ਸੀ, ਜਿਸ ਤੋਂ ਬਾਅਦ ਬੱਬੇਹਾਲੀ ਵੱਲੋਂ ਸ਼ੈਸ਼ਨ ਕੋਰਟ ਵਿਚ ਮੁੜ ਅਪੀਲ ਕੀਤੀ ਗਈ ਸੀ ਅਤੇ ਸ਼ੈਸ਼ਨ ਕੋਰਟ ਨੇ ਬੱਬੇਹਾਲੀ ਨੂੰ ਰਾਹਤ ਦਿੱਤੀ ਸੀ। ਐਡੋਵੋਕੇਟ ਅਮਰਜੋਤ ਸਿੰਘ ਨੇ ਦੱਸਿਆ ਕਿ ਸ਼ੈਸ਼ਨ ਕੋਰਟ ਵਿਚ ਰਾਹਤ ਮਿਲਣ ਤੋਂ ਬਾਅਦ ਨਗਰ ਕੌਂਸਲ ਨੇ ਹਾਈਕੋਰਟ ਦਾ ਦਰਵਾਜਾ ਖਟਕਾਇਆ ਸੀ ਅਤੇ ਹਾਈਕੋਰਟ ਨੇ ਉਸ ਸਮੇਂ ਮੁੜ ਉਕਤ ਮਾਲ ਅੰਦਰ ਉਕਤ ਸਿਨੇਮਾ ਚਲਾਉਣ ’ਤੇ ਰੋਕ ਲਗਾ ਦਿੱਤੀ ਸੀ ਪਰ ਨਾਲ ਹੀ ਹੇਠਲੀ ਅਦਾਲਤ ਨੂੰ ਕਿਹਾ ਸੀ ਕਿ ਉਕਤ ਮਾਲ ਸਬੰਧੀ ਸਾਰੇ ਤੱਥਾਂ ਦੀ ਬਾਰੀਕੀ ਨਾਲ ਘੋਖ ਪੜਤਾਲ ਕਰ ਕੇ ਬਣਦੇ ਹੁਕਮ ਜਾਰੀ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਕਰੀਬ 5 ਸਾਲ ਦੀ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਉਨ੍ਹਾਂ ਨੂੰ ਹੇਠਲੀ ਅਦਾਲਤ ਨੇ ਵੀ ਰਾਹਤ ਦਿੱਤੀ ਹੈ




ਅਤੇ ਇਸ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਮਾਨਯੋਗ ਹਾਈਕੋਰਟ ਨੇ ਵੀ ਆਪਣੀ ਰੋਕ ਹਟਾ ਕੇ ਮਾਲ ਤੇ ਸਿਨੇਮਾ ਚਲਾਉਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਅਦਾਲਤ ਵੱਲੋਂ ਮਿਲੀ ਪ੍ਰਵਾਨਗੀ ਤੋਂ ਬਾਅਦ ਮਾਲ ਅੰਦਰ ਲਿਫਟਾਂ ਤੇ ਹੋਰ ਸਾਜੋ ਸਾਮਾਨ ਨੂੰ ਦਰੁਸਤ ਕਰ ਕੇ ਹੁਣ ਸਿਨੇਮਾ ਸ਼ੁਰੂ ਕਰ ਦਿੱਤਾ ਹੈ। ਇਸ ਕਾਰਨ ਹੁਣ ਜਿਥੇ ਆਮ ਲੋਕ ਕਾਫੀ ਰਾਹਤ ਮਹਿਸੂਸ ਕਰ ਰਹੇ ਹਨ, ਨਾਲ ਹੀ ਜਿਹੜੇ ਲੋਕਾਂ ਨੇ ਮਾਲ ਦੇ ਅੰਦਰ ਦੁਕਾਨਾਂ ਲਈਆਂ ਸਨ, ਉਨ੍ਹਾਂ ਨੇ ਵੀ ਦੁਕਾਨਾਂ ਸ਼ੁਰੂ ਕਰਨ ਲਈ ਫਿੰਟਿੰਗ ਕਰਨੀ ਸ਼ੁਰੂ ਕਰ ਦਿੱਤੀ ਹੈ।

## ਅਜਨਾਲਾ ਦੇ ਸਕੂਲ ਬਾਹਰ ਕੁੜੀਆਂ ਨੂੰ ਤੰਗ ਕਰਨ ਵਾਲੇ ਨੌਜਵਾਨਾਂ ਦੀ ਆਈ ਸਾਮਤ

ਅਜਨਾਲਾ 25 ਮਈ। ਅਜਨਾਲਾ ਸਹਿਰ ਅੰਦਰ ਭੂੰਡ ਆਸ਼ਕਾਂ ਨੂੰ ਉਸ ਵੇਲੇ ਭਾਜੜਾਂ ਪੈ ਗਈਆਂ ਜਦ ਸਕੂਲ ‘ਚ ਛੁੱਟੀ ਸਮੇਂ ਘਰ ਜਾਂਦੀਆਂ ਕੁੜੀਆਂ ਨੂੰ ਤੰਗ ਪਰੇਸਾਨ ਕਰਨ ਵਾਲੇ ਨੌਜਵਾਨਾਂ ਨੂੰ ਪੁਲਸ ਨੇ ਕਾਬੂ ਕਰ ਲਿਆ। ਇਨ੍ਹਾਂ ਨੌਜਵਾਨਾਂ ਨੂੰ ਪੁਲਸ ਨੇ ਕਾਬੂ ਕਰ ਕੇ ਹਿਰਾਸਤ ‘ਚ ਲੈ ਲਿਆ ਹੈ। ਇਸ ਮੌਕੇ ਐੱਸ. ਐੱਚ. ਓ. ਸੁਖਜਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਪੁਲਸ ਪਾਰਟੀ ਵੱਲੋਂ ਨੌਜਵਾਨਾਂ ਨੂੰ ਹਿਰਾਸਤ ‘ਚ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਬਾਜਾਰ ਦੇ ਵਾਸੀਆਂ ਵੱਲੋਂ ਭੂੰਡ ਆਸ਼ਕਾਂ ਨੂੰ ਲੈ ਕੇ ਕਾਫੀ ਸ਼ਿਕਾਇਤਾਂ ਆ ਰਹੀਆਂ ਸਨ ਕਿ ਸਕੂਲਾਂ ‘ਚ ਛੁੱਟੀ ਟਾਈਮ ਇਨ੍ਹਾਂ ਨੌਜਵਾਨਾਂ ਵੱਲੋਂ ਬੱਚੀਆਂ ਨੂੰ ਪਰੇਸਾਨ ਕੀਤਾ ਜਾਂਦਾ ਸੀ। ਜਿਸ ਤੋਂ ਬਾਅਦ ਪੁਲਸ ਨੇ ਅੱਜ ਕੁਝ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਕੇ ਵਾਹਨਾਂ ਨੂੰ ਵੀ ਬਾਊਂਡ ਕੀਤਾ ਗਿਆ ਹੈ। ਲੋਕਾਂ ਨੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਅਜਿਹੇ ਨੌਜਵਾਨਾਂ ਨੂੰ ਕਿਹਾ ਜਾਵੇ ਸੁਧਰ ਜਾਓ ਨਹੀਂ ‘ਤੇ ਬਖਸ਼?ਆ ਨਹੀਂ ਜਾਵੇਗਾ ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਕੈਬ ਡਰਾਈਵਰ ਦੀ ਧੌਣ ਵੱਢ ਕੇ ਬੇਰਹਿਮੀ ਨਾਲ ਕੀਤਾ ਕਤਲ

ਨਵਾਂਗਾਓਂ 25 ਮਈ। ਨਿਊ ਚੰਡੀਗੜ੍ਹ ਬੈਰੀਅਰ ਕੋਲ ਕੈਬ ਡਰਾਈਵਰ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਕੈਬ ਡਰਾਈਵਰ ਗੱਡੀ 'ਚ ਲਹੂ-ਲੁਹਾਨ ਹਾਲਤ 'ਚ ਪਿਆ ਹੋਇਆ ਸੀ, ਜਿਸ ਦੀ ਜਾਣਕਾਰੀ ਪੁਲਸ ਨੂੰ ਮਿਲੀ। ਪੁਲਸ ਜਦੋਂ ਮੌਕੇ 'ਤੇ ਪਹੁੰਚੀ ਤਾਂ ਕੈਬ ਡਰਾਈਵਰ ਦੀ ਧੌਣ 'ਤੇ ਕਿਸੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤੇ ਹੋਏ ਸਨ। ਨਿਊ ਚੰਡੀਗੜ੍ਹ ਥਾਣੇ ਦੇ ਐੱਸ. ਐੱਚ. ਓ. ਸਤਿੰਦਰ ਸਿੰਘ ਮੌਕੇ 'ਤੇ ਪੁਲਸ ਪਾਰਟੀ ਨਾਲ ਪਹੁੰਚੇ ਅਤੇ ਕੈਬ ਡਰਾਈਵਰ ਨੂੰ ਪੀ. ਜੀ. ਆਈ. ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੀ ਪਛਾਣ ਧਰਮਪਾਲ (40) ਵਜੋਂ ਹੋਈ ਹੈ, ਜੋ ਕਿ ਮੂਲਰੂਪ ਤੋਂ ਰਾਜਸਥਾਨ ਦਾ ਰਹਿਣ ਵਾਲਾ ਸੀ ਅਤੇ ਮੌਜੂਦਾ ਸਮੇਂ 'ਚ ਜ਼ੀਰਕਪੁਰ 'ਚ ਰਹਿੰਦਾ ਸੀ। ਪੁਲਸ ਨੇ ਅਣਪਛਾਤੇ ਖ਼ਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉੱਥੇ ਹੀ ਦੇਰ ਰਾਤ ਲਗਭਗ 12.30 ਵਜੇ ਮ੍ਰਿਤਕ ਦਾ ਪਰਿਵਾਰ ਨਿਊ ਚੰਡੀਗੜ੍ਹ ਥਾਣੇ 'ਚ ਪਹੁੰਚ ਗਿਆ ਸੀ ਅਤੇ ਪੁਲਸ ਉਨ੍ਹਾਂ ਤੋਂ ਵੀ ਜਾਣਕਾਰੀ ਜੁਟਾਉਣ 'ਚ ਜੁੱਟੀ ਹੋਈ ਸੀ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਕੈਬ ਡਰਾਈਵਰ ਚਿੱਟੇ ਰੰਗ ਦੀ ਈਟੀਓਸ ਗੱਡੀ 'ਚ ਲਹੂ-ਲੁਹਾਨ ਹਾਲਤ 'ਚ ਪਿਆ ਹੋਇਆ ਸੀ। ਉੱਥੇ ਹੀ ਉਸਦੀ ਧੌਣ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਹੋਏ ਸਨ। ਸੂਤਰਾਂ ਅਨੁਸਾਰ ਸਵਾਰੀ ਨੇ ਹੀ ਇਸ ਕਤਲ ਨੂੰ ਅੰਜਾਮ ਦਿੱਤਾ ਲੱਗਦਾ ਹੈ। ਸੂਤਰ ਦੱਸਦੇ ਹਨ ਕਿ ਇਹ ਕੈਬ ਸੈਕਟਰ-43 ਚੰਡੀਗੜ੍ਹ ਤੋਂ ਨਿਊ ਚੰਡੀਗੜ੍ਹ ਲਈ ਬੁੱਕ ਹੋਈ ਸੀ ਅਤੇ ਬੈਰੀਅਰ ਕੋਲ ਸਵਾਰੀ ਨੇ ਡਰਾਈਵਰ ਦੀ ਧੌਣ 'ਤੇ ਪਿੱਛੋਂ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਦਿੱਤੇ। ਪੁਲਸ ਵੱਖ-ਵੱਖ ਪਹਿਲੂਆਂ ਤੋਂ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਉੱਥੇ ਹੀ ਪੁਲਸ ਵਲੋਂ ਇਹ ਵੀ ਵੇਖਿਆ ਜਾ ਰਿਹਾ ਹੈ ਕਿ ਇਹ ਕੈਬ ਇੱਥੇ ਕਿਵੇਂ ਪਹੁੰਚੀ ਅਤੇ ਸਵਾਰੀ ਸੀ ਤਾਂ ਉਹ ਕਿੱਥੇ ਗਾਇਬ ਹੋ ਗਈ? ਕੈਬ ਡਰਾਈਵਰ ਦੇ ਕਤਲ ਦੇ ਇਸ ਮਾਮਲੇ ਨੂੰ ਸੁਲਝਾਉਣ ਲਈ ਪੁਲਸ ਆਸ-ਪਾਸ ਦੇ ਇਲਾਕੇ 'ਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਘਾਲਣ 'ਚ ਲੱਗੀ ਹੋਈ ਸੀ।

# ਗੋਇੰਦਵਾਲ ਸਾਹਿਬ ਵਿਖੇ ਨਸ਼ਿਆਂ ਦਾ ਧੰਦਾ ਜ਼ੋਰਾਂ 'ਤੇ, ਲੋਕਾਂ ਨੂੰ ਕਰਨਾ ਪੈ ਰਿਹੈ ਮੁਸ਼ਕਿਲਾਂ ਦਾ ਸਾਹਮਣਾ

ਗੋਇੰਦਵਾਲ ਸਾਹਿਬ 25 ਮਈ। ਪੰਜਾਬ 'ਚ ਨਸ਼ਿਆਂ ਦੇ ਸੇਵਨ ਨਾਲ ਦਿਨੋਂ-ਦਿਨ ਹਜ਼ਾਰਾਂ ਨੌਜਵਾਨ ਮੌਤ ਦੇ ਮੂੰਹ 'ਚ ਜਾ ਰਹੇ ਹਨ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਨਸ਼ਿਆਂ ਨੂੰ ਰੋਕਣ ਲਈ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਕਈ ਅਹਿਮ ਫੈਸਲੇ ਲਏ ਪਰ ਉਹ ਨਸ਼ੇ ਦੀ ਤਸਕਰੀ ਨੂੰ ਪੂਰੀ ਤਰ੍ਹਾਂ ਰੋਕਣ 'ਚ ਨਾਕਾਮ ਰਹੇ ਅਤੇ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ 'ਚ ਵੱਡੇ ਫੇਰ ਬਦਲ ਦੇਖਣ ਨੂੰ ਮਿਲੇ। ਪੰਜਾਬ ਵਿਚਲੀ ਸੱਤਾਧਾਰੀ ਪਾਰਟੀ ਵਲੋਂ ਵੀ ਇਹ ਦਾਅਵਾ ਕੀਤਾ ਗਿਆ ਸੀ ਕਿ ਨਸ਼ਿਆਂ ਦੇ ਕਾਰੋਬਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ ਪਰ ਇਨ੍ਹਾਂ ਦਾਅਵਿਆਂ ਦੀ ਫੂਕ ਨਿਕਲਦੀ ਦਿਖਾਈ ਦੇ ਰਹੀ ਹੈ, ਜਿਸ ਦੀ ਮਿਸਾਲ ਜ਼ਿਲ੍ਹਾ ਤਰਨਤਾਰਨ ਦੇ ਕਸਬਾ ਗੋਇੰਦਵਾਲ ਸਾਹਿਬ ਤੋਂ ਮਿਲਦੀ ਹੈ, ਜਿੱਥੇ ਸ਼ਰੇਆਮ ਵੱਖ-ਵੱਖ ਮੁਹੱਲਿਆਂ 'ਚ ਘਰਾਂ ਤੋਂ ਹੀ ਨਸ਼ਿਆਂ ਦੀ ਤਸਕਰੀ ਕੀਤੀ ਜਾ ਰਹੀ ਹੈ। ਕਸਬੇ ਅੰਦਰ ਦੂਰੋਂ-ਨੇੜਿਓਂ ਸਾਰਾ ਦਿਨ ਨਸ਼ੇੜੀਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਅਨੁਸਾਰ ਮੁਹੱਲਾ ਨਿੰਮ ਵਾਲੀ ਘਾਟੀ, ਗੁਰਦੁਆਰਾ ਚੁਬਾਰਾ ਸਾਹਿਬ ਨੇੜੇ, ਪ੍ਰਾਇਮਰੀ ਸਕੂਲ, ਮੁਹੱਲਾ ਭੰਡਾਣੀਆਂ, ਮੁਹੱਲਾ ਰਾਠੌਰ ਸਿੰਘ, ਮੰਦਰ ਵਾਲੀ ਗਲੀ, ਮੁਹੱਲਾ ਅਕਬਰਪੁਰਾ ਆਦਿ ਥਾਵਾਂ 'ਤੇ ਸ਼ਰੇਆਮ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਹੈ। ਨਸ਼ਾ ਵੇਚਣ ਵਾਲੇ ਤਸਕਰ ਸ਼ਰੇਆਮ ਆਪੋ-ਆਪਣੇ ਘਰਾਂ 'ਚ ਬਿਨਾਂ ਕਿਸੇ ਰੁਕਾਵਟ 'ਤੇ ਸਵੇਰੇ ਅੱਠ ਵਜੇ ਤੋਂ ਲੈ ਕੇ ਰਾਤ ਤੱਕ ਬੇਖੌਫ਼ ਹੋ ਕੇ ਨਸ਼ਾ ਵੇਚ ਰਹੇ ਹਨ। ਇਲਾਕੇ ਵਿਚ ਨਸ਼ੇੜੀਆਂ ਵਲੋਂ ਸ਼ਰੇਆਮ ਨਸ਼ੇ ਦਾ ਸੇਵਨ ਕਰਕੇ ਦਰਸ਼ਨ ਕਰਨ ਆਏ ਯਾਤਰੂਆਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਤੇ ਕਈ ਵਾਰੀ ਯਾਤਰੂਆਂ ਕੋਲੋਂ ਮੋਬਾਇਲ ਫੋਨ ਖੋਹੇ ਜਾਂਦੇ ਹਨ ਅਤੇ ਦਿਨ-ਦਿਹਾੜੇ ਲੁੱਟਾਂ-ਖੋਹਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਪੁਲਸ ਪ੍ਰਸ਼ਾਸਨ ਵਲੋਂ ਇਸ ਸਾਰੇ ਮਾਮਲੇ ਦੀ ਜਾਣਕਾਰੀ ਹੋਣ ਕਾਰਣ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਲਾਕੇ ਅੰਦਰ ਸਾਰਾ ਦਿਨ ਨਸ਼ੇ ਦਾ ਸੇਵਨ ਕਰਨ ਵਾਲੇ ਨਸ਼ੇੜੀਆਂ ਵਲੋਂ ਮੋਟਰਸਾਈਕਲ ਤੇਜ਼ ਰਫ਼ਤਾਰ 'ਤੇ ਚਲਾਏ ਜਾਂਦੇ ਹਨ ਤਾਂ ਜੋ ਸਕੂਲ ਆਉਣ-ਜਾਣ ਵਾਲੇ ਬੱਚਿਆਂ ਤੇ ਰਾਹਗੀਰਾਂ ਨੂੰ ਬਾਜ਼ਾਰ ਵਿਚੋਂ ਲੰਘਣਾ ਵੀ ਔਖਾ ਹੋਇਆ ਪਿਆ ਹੈ। ਇੱਥੇ ਦੱਸਣਯੋਗ ਹੈ ਕਿ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਇਕ ਘਰ ਵਿਚ ਇਕ ਵਿਅਕਤੀ ਵਲੋਂ ਸ਼ਰੇਆਮ ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲ ਅਤੇ ਹੋਰ ਨਸ਼ੀਲੇ ਪਦਾਰਥ ਬੇਖੌਫ਼ ਹੋ ਕੇ ਵੇਚੇ ਜਾ ਰਹੇ ਹਨ। ਗੋਇੰਦਵਾਲ ਸਾਹਿਬ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਨਸ਼ਾ ਤਸਕਰਾਂ ਵਲੋਂ ਸ਼ਰੇਆਮ ਗੁਰਦੁਆਰਾ ਸਾਹਿਬਾਨਾਂ ਨਜ਼ਦੀਕ ਨਸ਼ੇ ਵੇਚੇ ਜਾ ਰਹੇ ਹਨ ਅਤੇ ਨਸ਼ੇੜੀਆਂ ਵਲੋਂ ਨਸ਼ਿਆਂ ਦਾ ਸੇਵਨ ਕਰਕੇ ਯਾਤਰੂਆਂ ਦੇ ਵਹੀਕਲਾਂ ਵਿਚੋਂ ਸਾਮਾਨ ਆਦਿ ਚੋਰੀ ਕਰਕੇ ਨਸ਼ਾ ਤਸਕਰਾਂ ਨੂੰ ਵੇਚਿਆ ਜਾ ਰਿਹਾ ਹੈ। ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਅਤੇ ਮੋਹਤਬਰਾਂ ਨੇ ਪੁਲਸ ਜ਼ਿਲ੍ਹਾ ਤਰਨਤਾਰਨ ਦੇ ਐੱਸ.ਐੱਸ.ਪੀ ਕੋਲੋਂ ਮੰਗ ਕੀਤੀ ਕਿ ਨਸ਼ਾ ਤਸਕਰਾਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਦਰਸ਼ਨ ਕਰਨ ਵਾਲੀਆਂ ਸੰਗਤਾਂ ਬੇਖੌਫ਼ ਹੋ ਕੇ ਦਰਸ਼ਨ ਕਰ ਸਕਣ।



# ਜੋੜੇ ਨੇ ਪੰਜ ਸਾਲਾਂ 'ਚ ਨਸੇ 'ਤੇ ਖਰਚੇ ਇਕ ਕਰੋੜ ਰੁਪਏ, ਕੰਗਾਲ ਹੋਣ 'ਤੇ ਆਇਆ ਹੋਸ, ਜਾਣੋ ਕੀ ਰਹੀ ਨਸ਼ਾ ਕਰਨ ਦੀ ਵਜ੍ਹ

ਗੁਰਦਾਸਪੁਰ 25 ਮਈ। ਇਕ ਪਿੰਡ 'ਚ ਰਹਿਣ ਵਾਲੇ ਜੋੜੇ ਨੇ ਪੰਜ ਸਾਲਾਂ 'ਚ ਹੈਰੋਇਨ ਦੇ ਨਸੇ 'ਚ ਕਰੀਬ ਇੱਕ ਕਰੋੜ ਰੁਪਏ ਖਰਚ ਕੀਤੇ। ਜਦੋਂ ਉਹ ਕੰਗਾਲੀ ਦੀ ਹਾਲਤ 'ਚ ਆਇਆ ਤਾਂ ਉਸਨੂੰ ਇਸ ਗੱਲ ਦਾ ਅਹਿਸਾਸ ਹੋਇਆ ਅਤੇ ਉਸਨੇ ਬੱਚਿਆਂ ਦੀ ਭਲਾਈ ਲਈ ਨਸਾ ਛੱਡਣ ਦਾ ਫੈਸਲਾ ਕੀਤਾ। ਪਹਿਲਾਂ ਪਤੀ ਨੇ ਰੈੱਡ ਕਰਾਸ ਨਸਾ ਛੁਡਾਊ ਕੇਂਦਰ ਪਹੁੰਚ ਕੇ ਇਲਾਜ ਕਰਵਾਇਆ। ਹੁਣ ਪਤਨੀ ਦਾ ਵੀ ਇਲਾਜ ਚੱਲ ਰਿਹਾ ਹੈ। ਔਰਤ ਦਾ ਕਹਿਣਾ ਹੈ ਕਿ ਜਦੋਂ ਉਹ ਅਣਵਿਆਹੀ ਸੀ ਤਾਂ ਉਸ ਦੇ ਸਹੇਲੀ ਨੇ ਉਸ ਨੂੰ ਨਸੇ ਦਾ ਆਦੀ ਬਣਾਇਆ ਅਤੇ ਵਿਆਹ ਤੋਂ ਬਾਅਦ ਉਸ ਨੇ ਆਪਣੇ ਪਤੀ ਨੂੰ ਨਸ਼ੇ ਦਾ ਆਦੀ ਬਣਾ ਦਿੱਤਾ। ਇਸ ਜੋੜੇ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜ ਸਾਲਾਂ 'ਚ ਨਸ?ਿਆਂ 'ਤੇ ਇਕ ਕਰੋੜ ਤੋਂ ਵੱਧ ਖਰਚ ਕੀਤੇ ਹਨ। ਹੁਣ ਉਹ ਨਸਾ ਛੱਡਣ ਤੋਂ ਬਾਅਦ ਲੋਕਾਂ ਨੂੰ ਇਸ ਨੂੰ ਛੱਡਣ ਲਈ ਜਾਗਰੂਕ ਕਰੇਗਾ। ਔਰਤ ਅਨੁਸਾਰ ਉਸ ਦੇ ਪਿਤਾ ਦੀ ਸਾਲ 2017 ਵਿਚ ਬੀਮਾਰੀ ਕਾਰਨ ਮੌਤ ਹੋ ਗਈ ਸੀ। ਉਸ ਨੇ ਦੱਸਿਆ ਕਿ ਜਦੋਂ ਮੇਰੇ ਪਿਤਾ ਜੀ ਬੀਮਾਰ ਸੀ ਤਾਂ ਉਦੋਂ ਉਹ ਅਣਵਿਆਹੀ ਸੀ। ਉਸ ਨੇ ਕਰੀਬ ਦੋ ਲੱਖ ਰੁਪਏ ਦਾ ਕਰਜਾ ਲੈਣ ਤੋਂ ਇਲਾਵਾ ਆਪਣੇ ਪਿਤਾ ਦੇ ਇਲਾਜ ਲਈ ਘਰ ਗਿਰਵੀ ਰੱਖ ਲਿਆ ਪਰ ਕਰਜੇ ਦਾ ਬੋਝ ਵਧਦਾ ਜਾ ਰਿਹਾ ਸੀ। ਇਸ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗੀ। ਉਸਦੀ ਇਕ ਸਹੇਲੀ ਹੈਰੋਇਨ ਦਾ ਨਸ਼ਾ ਕਰਦੀ ਸੀ, ਉਸਨੇ ਉਸਨੂੰ ਕਿਹਾ ਕਿ ਉਹ ਵੀ ਹੈਰੋਇਨ ਲੈ ਲਵੇ, ਸਾਰੀ ਟੈਂਸਨ ਦੂਰ ਹੋ ਜਾਵੇਗੀ। ਜਿਸ ਤੋਂ ਫਿਰ ਉਸ ਨੇ ਵੀ ਨਸਾ ਕਰਨਾ ਸੂਰੂ ਕਰ ਦਿੱਤਾ। 100 ਰੁਪਏ ਦੇ ਨਸੇ ਨਾਲ ਸੂਰੂ ਹੋਇਆ ਇਹ ਸਿਲਸਿਲਾ ਕਦੋਂ ਹਜਾਰਾਂ ਰੁਪਏ ਤੱਕ ਪਹੁੰਚ ਗਿਆ। ਔਰਤ ਦਾ ਵਿਆਹ ਸਾਲ 2018 'ਚ ਹੋਇਆ ਸੀ। ਉਸ ਦਾ ਪਤੀ ਸਿਵਲ ਇੰਜੀਨੀਅਰ ਸੀ ਪਰ ਵਿਆਹ ਤੋਂ ਬਾਅਦ ਵੀ ਉਸ ਨੇ ਨਸਾ ਕਰਨਾ ਨਹੀਂ ਛੱਡਿਆ ਸਗੋਂ ਉਸ ਦੇ ਪਤੀ ਨੂੰ ਵੀ ਨਸ਼ੇ ਦੀ ਲਤ ਲੱਗ ਗਈ। ਇਸ ਸਭ ਤੋਂ ਬਾਅਦ ਫਿਰ ਪਤੀ-ਪਤਨੀ ਇਕੱਠੇ ਨਸਾ ਕਰਨ ਲੱਗੇ। ਪਤੀ ਦੇ ਪਿਤਾ ਅਤੇ ਭੈਣ-ਭਰਾ ਵਿਦੇਸ ਰਹਿੰਦੇ ਹਨ, ਇਸ ਲਈ ਪੈਸੇ ਦੀ ਕੋਈ ਕਮੀ ਨਹੀਂ ਸੀ। ਦੋਵੇਂ ਰੋਜਾਨਾ ਕਰੀਬ ਅੱਠ ਹਜਾਰ ਰੁਪਏ ਨਸੇ 'ਤੇ ਖਰਚ ਕਰਦੇ ਸਨ। ਪਤੀ ਨੇ ਵੀ ਨੌਕਰੀ ਛੱਡ ਦਿੱਤੀ। ਜਦੋਂ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗਾ ਕਿ ਦੋਵੇਂ ਨਸੇੜੀ ਹਨ ਤਾਂ ਉਨ੍ਹਾਂ ਨੇ ਮਦਦ ਕਰਨੀ ਬੰਦ ਕਰ ਦਿੱਤੀ। ਨਸੇ ਲਈ ਪੈਸਾ ਇਕੱਠਾ ਕਰਨ ਲਈ ਜੋੜੇ ਨੇ ਗਹਿਣੇ ਅਤੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਔਰਤ ਨੇ ਦੱਸਿਆ ਕਿ ਉਸ ਦੀ ਤਿੰਨ ਸਾਲ ਦੀ ਧੀ ਅਤੇ ਡੇਢ ਸਾਲ ਦਾ ਪੁੱਤ ਹੈ। ਬੱਚਿਆਂ ਦੀ ਖਾਤਰ ਦੋਵਾਂ ਨੇ ਨਸਾ ਛੱਡਣ ਦਾ ਫੈਸਲਾ ਕੀਤਾ। ਪਤੀ ਨੇ ਪਹਿਲਾਂ ਖੁਦ ਕੇਂਦਰ 'ਚ ਇਲਾਜ ਲਈ ਦਾਖਲ ਹੋਇਆ ਤੇ ਪੂਰੀ ਤਰ੍ਹਾਂ ਠੀਕ ਹੋਣ ਤੋਂ ਬਾਅਦ ਹੁਣ ਉਸ ਨੇ ਪਤਨੀ ਨੂੰ ਇੱਥੇ ਦਾਖਲ ਕਰਵਾਇਆ। ਜੋੜੇ ਨੇ ਨੌਜਵਾਨਾਂ ਨੂੰ ਨਸ?ਿਆਂ ਦੀ ਦਲਦਲ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ?ਿਆਂ ਦੇ ਚੁੰਗਲ 'ਚ ਫਸ ਕੇ ਉਨ੍ਹਾਂ ਨੇ ਜਿਸ ਤਰ੍ਹਾਂ ਆਪਣੀ ਜ?ਿੰਦਗੀ ਬਰਬਾਦ ਕੀਤੀ ਹੈ, ਉਸ ਤੋਂ ਦੂਰ ਰਹੋ।



# ਪੁਲਸ ਨੂੰ ਮਿਲੀ ਵੱਡੀ ਸਫਲਤਾ, ਫਿਰੋਜਪੁਰ 'ਚ ਪਾਕਿਸਤਾਨੀ ਡਰੋਨ ਵੱਲੋਂ ਸੁੱਟੀ 7 ਕਿਲੋ ਹੈਰੋਇਨ ਬਰਾਮਦ

ਫਿਰੋਜ਼ਪੁਰ 25 ਮਈ। ਬੀ. ਐੱਸ. ਐੱਫ. ਦੀ 182 ਬਟਾਲੀਅਨ ਅਧੀਨ ਸਰਹੱਦੀ ਸੀਮਾ ਚੌਕੀ ਗੁੱਟੀ ਮਸਤਾ ਨੰਬਰ-2 ਦੇ ਏਰੀਏ ਅਤੇ ਪੁਲਸ ਥਾਣਾ ਮਮਦੋਟ ਅਧੀਨ ਆਉਂਦੇ ਪਿੰਡ ਚੱਕ ਦੋਨਾ ਰਹੀਮੇ ਕੇ ਦੇ ਰਕਬੇ 'ਚ ਪੁਲਸ ਨੂੰ ਹੈਰੋਇਨ ਦੇ 7 ਪੈਕੇਟ ਬਰਾਮਦ ਹੋਏ ਹਨ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸਬ-ਇੰਸਪੈਕਟਰ ਜੱਜਪਾਲ ਸਿੰਘ ਕੰਗ ਨੇ ਦੱਸਿਆ ਕਿ ਹਰਵਿੰਦਰ ਸਿੰਘ ਕਪਤਾਨ ਪੁਲਸ ਇਨਵੈਸਟੀਗੇਸਨ ਕਪੂਰਥਲਾ ਅਤੇ ਮੁਖਤਿਆਰ ਰਾਏ ਕਪਤਾਨ ਪੁਲਸ ਫਗਵਾੜਾ ਨੇ ਪੁਲਸ ਪਾਰਟੀ ਸਮੇਤ ਪਹੁੰਚ ਕੇ ਆਈ. ਪੀ. ਐੱਸ. ਰਣਧੀਰ ਕੁਮਾਰ ਕਪਤਾਨ ਪੁਲਸ ਇਨਵੈਸਟੀਗੇਸ਼ਨ ਫ?ਿਰੋਜ਼ਪੁਰ ਅਤੇ ਸੰਦੀਪ ਸਿੰਘ ਉਪ ਕਪਤਾਨ ਪੁਲਸ ਫ?ਿਰੋਜ਼ਪੁਰ ਦਿਹਾਤੀ ਨੂੰ ਸੂਚਨਾ ਦਿੱਤੀ ਕਿ ਗੱਟੀ ਮਸਤਾ ਨੰਬਰ 2 ਦੇ ਏਰੀਏ 'ਚ ਮਿਤੀ 14-15 ਮਾਰਚ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਵੱਲੋਂ ਇਕ ਡਰੋਨ ਆਇਆ, ਜੋ ਕੋਈ ਸ਼ੱਕੀ ਵਸਤੂ ਇਸ ਇਲਾਕੇ 'ਚ ਸੁੱਟ ਕੇ ਵਾਪਸ ਚਲਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮਿਲੀ ਸੂਚਨਾ ਦੇ ਆਧਾਰ 'ਤੇ ਉਪਰੋਕਤ ਉੱਚ ਅਧਿਕਾਰੀਆਂ ਨਾਲ ਉਹ ਆਪਣੀ ਪੂਰੀ ਪੁਲਸ ਟੀਮ ਸਮੇਤ ਸਰਹੱਦੀ ਚੌਕੀ ਗੱਟੀ ਮਸਤਾ ਨੰਬਰ 2 ਦੇ ਇਲਾਕੇ ਵਿਚ ਪੈਂਦੇ ਪਿੰਡ ਚੱਕ ਦੋਨਾ, ਰਹੀਮੇ ਕੇ ਵਿਖੇ ਪਹੁੰਚੇ। ਇਸ ਦੌਰਾਨ ਕਿਸਾਨ ਹੱਸਾ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਚੱਕ ਦੋਨਾ ਰਹੀਮੇ ਕੇ ਉਤਾੜ ਘੋੜਾ ਚੱਕ ਨੇ ਇਤਲਾਹ ਦਿੱਤੀ ਕਿ ਉਸ ਦੀ ਮੋਟਰ ਦੇ ਨਾਲ ਲੱਗਦੇ ਕਣਕ ਦੇ ਖੇਤ ਵਿਚ ਚਿੱਟੇ ਰੰਗ ਦੇ ਕੱਪੜੇ 'ਚ ਕੋਈ ਸ਼ੱਕੀ ਵਸਤੂ ਪਈ ਜਾਪਦੀ ਹੈ, ਜਿਸ ਤੋਂ ਬਾਅਦ ਸਾਰੇ ਅਫਸਰਾਂ ਅਤੇ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਕੱਪੜੇ ਦੇ ਪੁਲੰਦੇ ਨੂੰ ਖੋਲ੍ਹ ਕੇ ਦੇਖਿਆ ਤਾਂ ਉਸ 'ਚੋਂ 7 ਪੈਕੇਟ ਬਰਾਮਦ ਹੋਏ, ਜਿਨ੍ਹਾਂ ਉਪਰ ਪੀਲੇ ਰੰਗ ਦੀਆਂ ਟੇਪਾਂ ਲਪੇਟੀਆਂ ਹੋਈਆਂ ਸਨ। ਪੁਲਸ ਨੇ ਦੱਸਿਆ ਕਿ ਇਸ ਦਾ ਭਾਰ 7 ਕਿਲੋ ਹੈ। ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖ?ਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।



# ਮੁੰਬਈ 'ਚ ਉਸਾਰੀ ਅਧੀਨ ਇਮਾਰਤ ਦੀ 12ਵੀਂ ਮੰਜਿਲ 'ਤੇ ਮਿਲੀ ਨੌਜਵਾਨ ਦੀ ਹੱਥ-ਪੈਰ ਬੰਨ੍ਹੀ ਲਾਸ

ਮੁੰਬਈ 25 ਮਈ। ਮੁੰਬਈ ਦੇ ਲਾਲਬਾਗ ਇਲਾਕੇ 'ਚ ਇਕ ਉਸਾਰੀ ਅਧੀਨ ਇਮਾਰਤ ਦੀ 12ਵੀਂ ਮੰਜ?ਿਲ 'ਤੇ ਇਕ 19 ਸਾਲਾ ਮੁੰਡੇ ਦੀ ਲਾਸ਼ ਮਿਲੀ ਹੈ। ਪੁਲਸ ਨੇ ਮੰਗਲਵਾਰ ਨੂੰ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਮਸੂਦਮੀਆ ਰਮਜਾਨ ਵਜੋਂ ਹੋਈ ਹੈ।ਘਟਨਾ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਕਿਹਾ ਕਿ ਮੁਲਜਮ ਨੇ ਨੌਜਵਾਨ ਨੂੰ ਫਾਂਸੀ ਦੇਣ ਤੋਂ ਪਹਿਲਾਂ ਉਸ ਦੇ ਹੱਥ-ਪੈਰ ਬੰਨ੍ਹ ਦਿੱਤੇ ਸਨ। ਕਾਲਾਚੌਂਕੀ ਪੁਲਸ



ਸਟੇਸਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਇਕ ਅਣਪਛਾਤੇ ਵਿਅਕਤੀ ਦੇ ਖਿਲਾਫ ਆਈ. ਪੀ. ਸੀ. 302 ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਇਮਾਰਤ 45 ਮੰਜ?ਿਲਾਂ ਦੀ ਬਣਾਈ ਜਾ ਰਹੀ ਹੈ ਅਤੇ ਮ੍ਰਿਤਕ ਉੱਥੇ ਕੰਮ ਕਰਦਾ ਸੀ। ਉਹ ਪੱਛਮੀ ਬੰਗਾਲ ਦਾ ਵਸਨੀਕ ਹੈ। ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਦੱਸਿਆ ਕਿ ਪਿਛਲੇ ਹਫਤੇ ਬੁੱਧਵਾਰ ਨੂੰ ਮੁੰਬਈ ਦੇ ਘਾਟਕੋਪਰ ਖੇਤਰ 'ਚ ਇਕ ਜੋੜਾ ਆਪਣੀ ਰਿਹਾਇਸ ਦੇ ਬਾਥਰੂਮ ਦੇ ਅੰਦਰ ਰਹੱਸਮਈ ਹਲਾਤਾਂ 'ਚ ਮ੍ਰਿਤਕ ਪਾਇਆ ਗਿਆ ਸੀ। ਇਹ ਜੋੜਾ ਘਾਟਕੋਪਰ ਇਲਾਕੇ ਵਿਚ ਕੁਕਰੇਜਾ ਇਮਾਰਤ 'ਚ ਰਹਿੰਦਾ ਸੀ। ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਦੀ ਨੌਕਰਾਣੀ ਨੇ ਲਾਸਾਂ ਦੇਖੀਆਂ ਅਤੇ ਤੁਰੰਤ ਰਿਸਤੇਦਾਰਾਂ ਨੂੰ ਬੁਲਾਇਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜੋੜਾ ਇਮਾਰਤ ਦੀ 5ਵੀਂ ਮੰਜ?ਿਲ 'ਤੇ ਰਹਿੰਦਾ ਸੀ। ਉਨ੍ਹਾਂ ਦੇ ਕੁਝ ਰਿਸਤੇਦਾਰ ਨੇੜੇ ਦੀਆਂ ਇਮਾਰਤਾਂ ਵਿਚ ਰਹਿੰਦੇ ਹਨ। ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਕੈਨੇਡਾ ਤੋਂ ਆਈ ਮੰਦਭਾਗੀ ਖਬਰ, ਇਕ ਹੋਰ ਪੰਜਾਬੀ ਗੱਭਰੂ ਦੀ ਹੋਈ ਮੌਤ

ਸ਼ੇਰਪੁਰ 25 ਮਈ। ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਰਾਇਸਰ (ਪਟਿਆਲਾ) ਦੇ ਇਕ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਨੌਜਵਾਨ ਗੁਰਪ੍ਰੀਤ ਸਿੰਘ ਉਰਫ ਡਿੰਪਲ (32) ਪੁੱਤਰ ਸਰਬਜੀਤ ਸਿੰਘ ਦੀ ਬਰੈਂਪਟਨ (ਕੈਨੇਡਾ) 'ਚ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੇ ਪਿਤਾ ਸਰਬਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ ਤਿੰਨ ਸਾਲ ਪਹਿਲਾਂ ਗੁਰਪ੍ਰੀਤ ਸਿੰਘ ਰੋਜੀ ਰੋਟੀ ਕਮਾਉਣ ਲਈ ਆਪਣੀ ਡੇਢ ਏਕੜ ਜਮੀਨ ਵੇਚ ਕੇ ਕੈਨੇਡਾ ਵਿਖੇ ਭੇਜਿਆ ਸੀ। ਲੰਘੀ 11 ਮਾਰਚ ਨੂੰ ਅਚਾਨਕ ਬੀਮਾਰ ਹੋਣ 'ਤੇ ਇਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ ਪਰ ਉਸ ਦੇ ਦੋਸਤਾਂ ਨੇ ਉਸ ਦੀ ਮੌਤ ਹੋ ਜਾਣ ਦੀ ਖ਼ਬਰ ਫੋਨ 'ਤੇ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਘਰ ਦਾ ਗੁਜਾਰਾ ਗੁਰਪ੍ਰੀਤ ਸਿੰਘ ਦੇ ਸਿਰ 'ਤੇ ਹੀ ਚੱਲਦਾ ਸੀ, ਉਸ ਦੀ ਮੌਤ ਨਾਲ ਸਾਡੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ, ਜਿਸ ਕਰਕੇ ਅਸੀਂ ਉਸ ਦੀ ਮ੍ਰਿਤਕ ਦੇਹ ਵੀ ਭਾਰਤ ਲਿਆਉਣ ਤੋਂ ਅਸਮਰੱਥ ਹਾਂ। ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਭਾਰਤ ਲਿਆਉਣ 'ਚ ਮਦਦ ਕਰੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਜ?ਿਲ੍ਹਾ ਪ੍ਰਧਾਨ ਜਗਸੀਰ ਸਿੰਘ ਸੀਰਾ ਛੀਨੀਵਾਲ, ਜ?ਿਲ੍ਹਾ ਮੀਤ ਪ੍ਰਧਾਨ ਸਤਨਾਮ ਸਿੰਘ ਰਾਏਸਰ, ਸਰਪੰਚ ਗੁਰਪ੍ਰੀਤ ਸਿੰਘ ਗਿੱਲ, ਗੁਰਬਾਜ ਸਿੰਘ ਵਿਰਕ ਸਾਬਕਾ ਸਰਪੰਚ, ਜਸਵਿੰਦਰ ਸਿੰਘ ਕੈਨੇਡੀਅਨ, ਨੰਬਰਦਾਰ ਅਮਰਜੀਤ ਸਿੰਘ, ਪਿੰਥੀਪਾਲ ਸਿੰਘ ਆਦਿ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦੀ ਲਾਸ਼ ਭਾਰਤ ਲਿਆਉਣ ਲਈ ਕਦਮ ਚੁੱਕੇ।

# ਨਾਬਾਲਗ ਕੁੜੀ ਨਾਲ ਜਬਰ-ਜਿਨਾਹ ਮਾਮਲੇ 'ਚ ਦੋਸ਼ੀ ਨੂੰ 10 ਸਾਲ ਦੀ ਕੈਦ

ਚੰਡੀਗੜ੍ਹ 25 ਮਈ। ਨਾਬਾਲਗ ਕੁੜੀ ਨਾਲ ਜਬਰ-ਜ?ਿਨਾਹ ਮਾਮਲੇ 'ਚ ਜ਼ਿਲ੍ਹਾ ਅਦਾਲਤ ਨੇ ਦੋਸ਼ੀ ਲੇਖਰਾਜ ਨੂੰ 10 ਸਾਲ ਦੀ ਸਜ਼ਾ ਸੁਣਾਉਂਦੇ ਹੋਏ ਉਸ 'ਤੇ 20 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਪੁਲਸ ਨੇ ਪੀੜਤਾ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਜੁਲਾਈ 2019 'ਚ ਮੁਲਜ਼ਮ ਖ?ਿਲਾਫ ਕੇਸ ਦਰਜ ਕੀਤਾ ਸੀ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਪੀੜਤਾ ਦੀ ਮਾਂ ਨੇ ਦੱਸਿਆ ਕਿ ਕੁੱਝ ਦਿਨਾਂ ਤੋਂ ਉਨ੍ਹਾਂ ਦੀ ਧੀ ਦਾ ਵਰਤਾਓ ਅਜੀਬ ਜਿਹਾ ਸੀ। ਉਸ ਨੇ ਧੀ ਤੋਂ ਪੁੱਛਿਆ ਤਾਂ ਉਸਨੇ ਦੱਸਿਆ ਕਿ ਮੁਲਜ਼ਮ 2 ਸਾਲਾਂ ਤੋਂ ਉਸ ਨਾਲ ਜਬਰ-ਜ?ਿਨਾਹ ਕਰ ਰਿਹਾ ਸੀ। ਉਹ ਉਸਨੂੰ ਡਰਾ-ਧਮਕਾ ਕੇ ਉਸ ਨਾਲ ਜਬਰ-ਜ?ਿਨਾਹ ਕਰਦਾ ਰਿਹਾ, ਜਿਸ ਕਾਰਨ ਉਹ ਗਰਭਵਤੀ ਕੁੱਝ ਦਿਨਾਂ ਤੋਂ ਉਨ੍ਹਾਂ ਦੀ ਧੀ ਦਾ ਵਰਤਾਓ ਅਜੀਬ ਜਿਹਾ ਸੀ। ਉਸ ਨੇ ਧੀ ਤੋਂ ਪੁੱਛਿਆ ਤਾਂ ਉਸਨੇ ਦੱਸਿਆ ਕਿ ਮੁਲਜ਼ਮ 2 ਸਾਲਾਂ ਤੋਂ ਉਸ ਨਾਲ ਜਬਰ-ਜ?ਿਨਾਹ ਵੀ ਹੋ ਗਈ ਸੀ। ਉੱਥੇ ਹੀ ਮੁਲਜ਼ਮ ਨੇ ਕਿਹਾ ਕਿ ਉਸ ਨੂੰ ਫਸਾਇਆ ਗਿਆ ਹੈ। ਉਸਦਾ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੈ। ਉਸ 'ਤੇ ਪਰਿਵਾਰ ਦੀ ਜ?ਿੰਮੇਵਾਰੀ ਹੈ।

## ਭੈਣ ਨੂੰ ਮਿਲਣ ਜਾ ਰਹੇ ਭਰਾ ਦੀ ਸੜਕ ਹਾਦਸੇ 'ਚ ਮੌਤ, ਤਿੰਨ ਮਹੀਨੇ ਪਹਿਲਾਂ ਹੋਇਆ ਸੀ ਵਿਆਹ

ਤਰਨਤਾਰਨ 25 ਮਈ। ਤਿੰਨ ਮਹੀਨੇ ਪਹਿਲਾ ਵਿਆਹੇ ਮੁੰਡੇ ਦੀ ਕਾਰ ਨਾਲ ਆਹਮੋ-ਸਾਹਮਣੇ ਹੋਈ ਭਿਆਨਕ ਟੱਕਰ ਦੌਰਾਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਆਪਣੀ ਕਾਰ ਨੂੰ ਮੌਕੇ 'ਤੇ ਛੱਡ ਚਾਲਕ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ, ਜਿਸ ਸਬੰਧੀ ਥਾਣਾ ਵਲਟੋਹਾ ਦੀ ਪੁਲਸ ਨੇ ਅਣਪਛਾਤੇ ਕਾਰ ਚਾਲਕ ਖ?ਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ?ਿਕਰਯੋਗ ਹੈ ਕਿ ਮ੍ਰਿਤਕ ਆਪਣੀ ਨਵ ਵਿਆਹੁਤਾ ਪਤਨੀ ਨੂੰ ਪੇ ਕੇ ਘਰ ਛੱਡਣ ਤੋਂ ਬਾਅਦ ਆਪਣੀ ਭੈਣ ਨੂੰ ਮਿਲਣ ਲਈ ਸਹੁਰੇ ਘਰ ਜਾ ਰਿਹਾ ਸੀ। ਕਪਿਲ ਦੇਵ ਸ਼ਰਮਾ ਪੁੱਤਰ ਸੁਖਦੇਵ ਰਾਜ ਸ਼ਰਮਾ ਵਾਸੀ ਅਮਰਕੋਟ ਨੇ ਦੱਸਿਆ ਕਿ ਉਸਦੇ ਸਾਲੇ ਲਵਪ੍ਰੀਤ ਸਿੰਘ (23) ਪੁੱਤਰ ਮਨਜੀਤ ਸਿੰਘ ਵਾਸੀ ਬਟਾਲਾ ਰੋਡ ਅੰਮ੍ਰਿਤਸਰ ਦਾ ਵਿਆਹ ਕਰੀਬ ਤਿੰਨ ਮਹੀਨੇ ਪਹਿਲਾਂ ਦਵਿੰਦਰ ਕੌਰ ਨਾਲ ਹੋਇਆ ਸੀ। ਬੀਤੀ 24 ਦਸੰਬਰ ਦੀ ਰਾਤ ਕਰੀਬ 8 ਵਜੇ ਉਸਨੂੰ ਸਾਲੇ ਲਵਪ੍ਰੀਤ ਸਿੰਘ ਨੇ ਫੋਨ ਕਰਦੇ ਹੋਏ ਦੱਸਿਆ ਕਿ ਉਸ ਦੀ ਪਤਨੀ ਕੁਝ ਦਿਨ ਆਪਣੇ ਪੇਕੇ ਘਰ ਰਹਿਣ ਲਈ ਗਈ ਹੋਈ ਹੈ ਅਤੇ ਉਹ ਆਪਣੀ ਭੈਣ ਰਮਨ ਸ਼ਰਮਾ ਨੂੰ ਮਿਲਣ ਲਈ ਅਮਰਕੋਟ ਵਿਖੇ ਆ ਰਿਹਾ ਹੈ। ਇਸ ਦੌਰਾਨ ਜਦੋਂ ਲਵਪ੍ਰੀਤ ਸਿੰਘ ਆਪਣੀ ਐਕਟੀਵਾ ਉੱਪਰ ਸਵਾਰ ਹੋ ਅਮਰਕੋਟ ਆ ਰਿਹਾ ਸੀ ਤਾਂ ਖੇਮਕਰਨ ਰੋਡ ਨਜ਼ਦੀਕ ਖਹਿਰਾ ਫਾਰਮ ਵਿਖੇ ਇਕ ਫੋਰਡ ਫੀਗੋ ਸਿਲਵਰ ਰੰਗ ਕਾਰ ਵੱਲੋਂ ਤੇਜ਼ ਰਫਤਾਰ ਆਹਮੋ-ਸਾਹਮਣੇ ਟੱਕਰ ਮਾਰ ਦਿੱਤੀ ਗਈ। ਟੱਕਰ ਇੰਨੀ ਭਿਆਨਕ ਸੀ ਕਿ ਲਵਪ੍ਰੀਤ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਐਕਟੀਵਾ ਚੂਰ-ਚੂਰ ਹੋ ਗਈ। ਕਪਿਲ ਦੇਵ ਨੇ ਦੱਸਿਆ ਕਿ ਜਖਮੀ ਹਾਲਤ ਵਿਚ ਤੁਰੰਤ ਲਵਪ੍ਰੀਤ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਘਟਨਾ ਨੂੰ ਅੰਜਾਮ ਦੇਣ ਵਾਲਾ ਕਾਰ ਚਾਲਕ ਕਾਰਨ ਮੌਕੇ 'ਤੇ ਛੱਡ ਫਰਾਰ ਹੋ ਗਿਆ। ਇਸ ਸਬੰਧੀ ਥਾਣਾ ਵਲਟੋਹਾ ਦੇ ਮੁਖੀ ਇੰਸਪੈਕਟਰ ਉਪਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਾ ਸਿਵਲ ਹਸਪਤਾਲ ਪੱਟੀ ਤੋਂ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਗਈ ਹੈ ਅਤੇ ਅਣਪਛਾਤੇ ਕਾਰ ਚਾਲਕ ਖ?ਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਵਿਆਹ ਦੇ ਸੁਫਨੇ ਦਿਖਾ ਪ੍ਰੇਮੀ ਨੇ ਦੂਜੀ ਕੁੜੀ ਨਾਲ ਲਈਆਂ ਲਾਵਾਂ

ਅੰਮ੍ਰਿਤਸਰ 25 ਮਈ। ਅੰਮ੍ਰਿਤਸਰ ਤੋਂ ਇਕ ਦੁਖਦਾਈ ਖਬਰ ਸਾਹਮਣੇ ਆਈ ਹੈ, ਜਿਥੇ ਪ੍ਰੇਮੀ ਵੱਲੋਂ ਦੂਜੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਦੁਖੀ ਪ੍ਰੇਮਿਕਾ ਨੇ ਖੁਦਕੁਸ਼ੀ ਕਰ ਲਈ ਗਈ ਹੈ। ਮ੍ਰਿਤਕਾ ਦੀ ਪਛਾਣ ਉੱਤਰ ਪ੍ਰਦੇਸ ਦੇ ਲਖਨਊ ਦੀ ਰਹਿਣ ਵਾਲੀ ਰੇਚਲ ਮੈਥਿਊ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਉਕਤ ਨੌਜਵਾਨ ਨੇ ਦੁਬਈ 'ਚ ਲੱਖਾਂ ਰੁਪਏ ਦੀ ਠੱਗੀ ਮਾਰਨ ਤੇ ਸਰੀਰਕ ਸ਼ੋਸਣ ਕਰ ਕੁੜੀ ਨੂੰ ਆਪਣੇ ਪਿਆਰ ਦੇ ਜਾਲ 'ਚ ਫਸਾ ਲਿਆ ਅਤੇ ਬਾਅਦ 'ਚ ਦੂਜੀ ਕੁੜੀ ਨਾਲ ਵਿਆਹ ਕਰਵਾ ਲਿਆ। ਜਿਸ ਤੋਂ ਬਾਅਦ ਕੁੜੀ ਨੇ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕਾ ਦੀ ਮਾਤਾ ਦੇ ਬਿਆਨਾਂ ਦੇ ਆਧਾਰ 'ਤੇ ਜਲੰਧਰ ਦੇ ਕੁਕੱੜ ਪਿੰਡ ਦੇ ਮੁਲਜਮ ਗੁਰਮਿੰਦਰ ਸਿੰਘ ਅਤੇ ਉਸ ਦੀ ਮਾਂ ਰਵਿੰਦਰ ਕੌਰ ਖ?ਿਲਾਫ ਧਾਰਾ 306 ਦੇ ਤਹਿਤ ਕੇਸ ਦਰਜ ਕੀਤਾ ਹੈ। ਮ੍ਰਿਤਕਾ ਦੀ ਮਾਤਾ ਨੇ ਦੱਸਿਆ ਕਿ ਉਸ ਦੀ ਧੀ ਦੁਬਈ 'ਚ 2 ਸਾਲ ਤੋਂ ਮੁਬਾਇਲ ਦੀ ਦੁਕਾਨ 'ਤੇ ਕੰਮ ਕਰਦੀ ਸੀ ਅਤੇ ਜਲੰਧਰ ਨਿਵਾਸੀ ਗੁਰਮਿੰਦਰ ਸਿੰਘ ਵੀ ਦੁਬਈ 'ਚ ਸਕਿਓਰਿਟੀ ਗਾਰਡ ਦਾ ਕੰਮ ਕਰਦਾ ਹੈ। ਉੱਥੇ ਗੁਰਮਿੰਦਰ ਨੇ ਉਸ ਦੀ ਧੀ ਨੂੰ ਆਪਣੇ ਪਿਆਰ ਜਾਲ 'ਚ ਫਸਾ ਲਿਆ। ਉਨ੍ਹਾਂ ਦੱਸਿਆ ਕਿ ਗਰਮਿੰਦਰ ਨਵੰਬਰ 'ਚ ਜਲੰਧਰ ਵਾਪਸ ਘਰ ਆਇਆ ਸੀ ਅਤੇ 3 ਫਰਵਰੀ ਨੂੰ ਕੁੜੀ ਨੂੰ ਬਿਨਾਂ ਦੱਸੇ ਦੂਜੀ ਕੁੜੀ ਨਾਲ ਵਿਆਹ ਕਰ ਲਿਆ। ਇਸ ਗੱਲ ਦਾ ਪਤਾ ਲੱਗਦਿਆਂ ਹੀ ਕੁੜੀ ਦੁਬਈ ਤੋਂ ਅੰਮ੍ਰਿਤਸਰ ਆ ਗਈ ਅਤੇ ਉੱਥੇ ਹੀ ਇਕ ਹੋਟਲ 'ਚ ਰਹਿ ਰਹੀ ਸੀ।


**NAME CHANGE**
I, CHOUGLE JYOTI SURESH W/o NO-8036077L NK CHOUGULE SURESH TILAJI R/o PIMPALGAON PISA, TEHSIL SHRIGONDA, DISTT-AHMADNAGAR, MAHARASHTRA-413703, have changed my name from CHOUGLE JYOTI SURESH to CHOUGULE JYOTI SURESH for all future purposes vide Affidavit dated 30/11/2022 before Notary Public Delhi.

**NAME CHANGE**
I, Suresh Kumar Jagv s/o Babu Lal R/o D-1/72, Gali No-8, Harphool Vihar, Baprola, Najafgarh, Delhi-110043, have changed my name to Suresh Kumar permanently.

**NAME CHANGE**
I, LAEEQ AHMED S/O mumtaz ahmed residing at M-6, 5TH FLR, SUNRISE APPT, SAILING CLUB ROAD, BATLA HOUSE, JAMIA NAGAR, OKHLA, DELHI-110025 changed my name to LAEEQUE AHMAD for all future purposes.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**NAME CHANGE**
I, SIMRAN D/O ASHOK KUMAR residing at H NO-142, 1ST FLOOR, POCKET-12, SECTOR-20, ROHINI, SULTANPURI, C-BLOCK, DELHI-110086 Have changed my name to SIMRAN ANEJA for all future purposes.

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..
**SANDEEP SHARMA**
ADVOCATE
Chamber No.505,
Patiala House Court,
New Delhi-110002

**NAME CHANGE**
I, SALAHUDDIN S/O ISLAMUDDIN residing at H NO-1542, FIRST FLOOR, NEAR ASTHA NURSING HOME, PATAUDI HOUSE, DARYA GANJ, DELHI 110002 have changed my name to SALAHUDDIN QURESHI for all future purposes.

**NAME CHANGE**
I, LAEEQ AHMED S/O mumtaz ahmed residing at M-6, 5TH FLR, SUNRISE APPT, SAILING CLUB ROAD, BATLA HOUSE, JAMIA NAGAR, OKHLA, DELHI-110025 changed my name to LAEEQUE AHMAD for all future purposes.

**NAME CHANGE**
I, SANAL S/O SATISH KUMAR R/O HOUSE ON 5A, BLOCK -B, SULTAN GARDEN MAIN, NANGLOI ROAD, NAJAFGARH, NEW DELHI -110043 HAVE CHANGED MY NAME FROM SANAL TO SANAL KUMAR FOR ALL FUTURE PURPOSE.

**NAME CHANGE**
I, ANUPAMA SHARMA W/O ANKIT KUMAR SHARMA residing at B2B-42, JANAKPURI, DELHI-110058 changed my name to ANUPAMA MISHRA for all future purposes.

**NAME CHANGE**
I, SIMRAN D/O ASHOK KUMAR residing at H NO-142, 1ST FLOOR, POCKET-12, SECTOR-20, ROHINI, SULTANPURI, C-BLOCK, DELHI-110086 Have changed my name to SIMRAN ANEJA for all future purposes.

**NAME CHANGE**
I, Tabssum W/o Mohammed Abid R/o A-225/1, 2nd Floor, Gali No.7, Abul Fazal Enclave Part-2, New Delhi-110025, have changed my name to Tabassum Abid for all future purposes.

**NAME CHANGE**
I, PARAS S/O OMPARKASH R/O G-88, G/F, PLOT-7, LAXMI NAGAR, DELHI-110092 have changed my name from PARAS to PARAS SANDHU.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I, SALAHUDDIN S/O ISLAMUDDIN residing at H NO-1542, FIRST FLOOR, NEAR ASTHA NURSING HOME, PATAUDI HOUSE, DARYA GANJ, DELHI 110002 have changed my name to SALAHUDDIN QURESHI for all future purposes.

**NAME CHANGE**
I, Sonam D/O Chattar Singh R/O Satyam Enclave, House No-104,Gali No-02, Chhapraula, Gautam Buddha Nagar, Uttar Pradesh -201009 have changed my name from Sonam to Sonam Singh for all future purpose.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**PUBLIC NOTICE**
Information is given to general public at large that our clients Mrs. Kirti Menhdiratta is the owner of Freehold Residential First Floor (Front Side) built up on Plot no. 1-J-104, admeasuring 231 Sq. Yards., Situated at New Town Ship, Faridabad, Haryana. From Transfer Deed in Blood Relation dated 30.11.2022 as Doc. No. 5860, in SRO- Badkhal. In the chain document below mentioned documents are not available i.e. Death Certificate & SMC of Late Mr. Mehar Chand, & Probate Order of Will dated 22.03.2000 are not available now Our client is declaring that that any other Person does not have any right over the said property, and same property sold to be Mr. Arjun Aggarwal, Which is to be financed by Piramal Capital & Housing Finance Ltd. Branch: Faridabad Haryana. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
Information is given to general public at large that our client Smt. Mamta w/o Sh. Mahinder Singh is the owner of Freehold Residential Plot no. 100, area measuring 70 sq. yds. Out of Khasra no. 562 Situated at Residential Colony Green Enclave at Village Chipyana Buzurg (Across The Railway line) Pargana & Tehsil Dadri Distt. Gautam Budh Nagar Uttar Pradesh. by Virtue Sale Deed dated 20.03.2014 vide Doc no. 5580, Book no. 01, Vol no. 6655 Page no. 19-44 SR-Dadri till date and has lost/Misplace his Original Sale Deed dated 23.12.2011 as Doc no. 19826, Vol no. 3972 Page no. 133-154 SR- Dadri if was executed in favour of Smt. Pushpa Sharma w/o Sh. Ganga Prasad, now Our client is declaring that that any other Person does not have any right over the said property, and same property sold to be Smt. Suman w/o Sh. Ashok Kumar and same property is going to be financed by Can Fin Homes Ltd. Branch: Greater Noida Uttar Pradesh If any person is having objection right of claim against the said property, contact to undersigned along with supporting documents within 15 days from the date of publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਡਾਕਟਰ ਸੁਭਾਸ਼ ਸ਼ਰਮਾ ਨੇ ਹਲਕੇ ਵਿੱਚ ਆਪਣੀ ਸਮੁੱਚੀ ਟੀਮ ਨਾਲ ਚੋਣ ਮੁਹਿੰਮ ਕੀਤੀ ਤੇਜ



**ਸ਼੍ਰੀ ਅਨੰਦਪੁਰ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਡਾਕਟਰ ਸੁਭਾਸ਼ ਸ਼ਰਮਾ ਜਿੱਥੇ ਹਲਕੇ ਵਿੱਚ ਆਪਣੀ ਸਮੁੱਚੀ ਟੀਮ ਨਾਲ ਚੋਣ ਮੁਹਿੰਮ ਨੂੰ ਵੱਡੇ ਪੱਧਰ ਤੇ ਚਲਾ ਰਹੇ ਹਨ ਉੱਥੇ ਉਹ ਭਾਜਪਾ ਦੇ ਪੁਰਾਣੇ ਅਤੇ ਦਿੱਗਜ ਲੀਡਰਾਂ ਨੂੰ ਮਨਾ ਕੇ ਆਪਣੀ ਚੋਣ ਮੁਹਿੰਮ ਨੂੰ ਹੋਰ ਮਜਬੂਤ ਕਰ ਰਹੇ ਹਨ। ਇਸੇ ਸਬੰਧ ਵਿੱਚ ਅੱਜ ਡਾ. ਸੁਭਾਸ਼ ਸ਼ਰਮਾ ਵੱਡੀ ਗਿਣਤੀ ਭਾਜਪਾ ਆਗੂਆਂ ਅਤੇ ਸਮਰਥਕਾਂ ਦੇ ਨਾਲ ਇਲਾਕੇ ਦੇ ਬਹੁਤ ਹੀ ਸੀਨੀਅਰ ਭਾਜਪਾ ਆਗੂ, ਚੰਗਰ ਇਲਾਕੇ ਵਿੱਚ ਖਾਸ ਦਬਦਬਾ ਰੱਖਣ ਵਾਲੇ ਰਤਨ ਕੁਮਾਰ ਧਨੇੜਾ ਜੀ ਦੇ ਗ੍ਰਹਿ ਵਿਖੇ ਪਹੁੰਚੇ ਜਿੱਥੇ ਉਹਨਾਂ ਰਤਨ ਕੁਮਾਰ ਧਨੇੜਾ ਜੀ ਨੂੰ ਪੁਰਾਣੇ ਗਿਲੇ ਸ਼ਿਕਵੇ ਛੱਡ ਪਾਰਟੀ ਦੀ ਚੋਣ ਮੁਹਿੰਮ ਨੂੰ ਹੋਰ ਮਜਬੂਤ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਰਤਨ ਕੁਮਾਰ ਧਨੇੜਾ ਮੌਜੂਦਾ ਸਮੇਂ ਅਖਿਲ ਭਾਰਤੀ ਗੁੱਜਰ ਮਹਾਂਸਭਾ ਦੇ ਪੰਜਾਬ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਹਨ। ਰਤਨ ਕੁਮਾਰ ਧਨੇੜਾ ਜ਼ਿਲਾ ਰੂਪਨਗਰ ਦੇ ਭਾਜਪਾ ਓਬੀਸੀ ਸੈੱਲ ਦੇ ਪ੍ਰਧਾਨ ਅਤੇ ਜਿਲਾ ਰੂਪਨਗਰ ਦੇ ਹੀ ਭਾਜਪਾ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਰਤਨ ਕੁਮਾਰ ਧਨੇੜਾ ਜੀ ਚੰਗਰ ਇਲਾਕੇ ਵਿੱਚ ਖਾਸ ਦਬਦਬਾ ਰੱਖਦੇ ਹਨ ਅਤੇ ਚੰਗਰ ਇਲਾਕੇ ਦੇ ਲੋਕ ਉਹਨਾਂ ਦੀ ਹਮਾਇਤ ਵਿੱਚ ਹਮੇਸ਼ਾ ਹੀ ਖੜੇ ਰਹੇ ਹਨ। ਰਤਨ ਕੁਮਾਰ ਧਨੇੜਾ ਦੇ ਭਾਜਪਾ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਦੀ ਹਮਾਇਤ ਵਿੱਚ ਖੜੇ ਹੋ ਜਾਣ ਨਾਲ ਚੰਗਰ ਇਲਾਕੇ ਵਿੱਚ ਭਾਜਪਾ ਦੀ ਸਥਿਤੀ ਕਾਫੀ ਮਜਬੂਤ ਹੋ ਜਾਵੇਗੀ। ਇਸ ਮੌਕੇ ਗੱਲ ਕਰਦਿਆਂ ਰਤਨ ਕੁਮਾਰ ਧਨੇੜਾ ਨੇ ਕਿਹਾ ਕਿ ਉਹ ਲੋਕ ਸਭਾ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਅਤੇ ਬਾਕੀ ਸੀਨੀਅਰ ਭਾਜਪਾ ਆਗੂਆਂ ਦਾ ਬਹੁਤ ਹੀ ਸਤਿਕਾਰ ਕਰਦੇ ਹਨ ਅਤੇ ਉਹ ਯਕੀਨ ਦਵਾਉਂਦੇ ਹਨ ਕਿ ਜੋ ਵੀ ਚੋਣਾਂ ਸਬੰਧੀ ਡਿਊਟੀ ਉਹਨਾਂ ਦੀ ਲਗਾਈ ਜਾਵੇਗੀ ਉਹ ਪੂਰੇ ਤਹਿ ਦਿਲੋਂ ਨਿਭਾਉਣਗੇ ਅਤੇ ਭਾਜਪਾ ਦੀ ਜਿੱਤ ਲਈ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਭਾਜਪਾ ਪੰਜਾਬ ਮੁੱਖ ਬੁਲਾਰਾ ਸੰਦੀਪ ਗੋਰਸੀ, ਸੀਨੀਅਰ ਭਾਜਪਾ ਆਗੂ ਜਤਿੰਦਰ ਸਿੰਘ ਅਠਵਾਲ, ਭਾਜਪਾ ਮੰਡਲ ਪ੍ਰਧਾਨ ਸ਼੍ਰੀ ਆਨੰਦਪੁਰ ਸਾਹਿਬ ਐਡਵੋਕੇਟ ਸਤਬੀਰ ਸਿੰਘ ਰਾਣਾ, ਭਾਜਪਾ ਜਿਲਾ ਜਨਰਲ ਸਕੱਤਰ ਮੁਕੇਸ਼ ਨੱਡਾ ਸਮੇਤ ਵੱਡੀ ਗਿਣਤੀ ਭਾਜਪਾ ਆਗੂ ਅਤੇ ਸਮਰਥਕ ਹਾਜ਼ਰ ਸਨ।

# ਪੁਲ ਉੱਤੇ ਬੱਸ ਤੇ ਟਰੱਕ ਦੀ ਭਿਆਨਕ ਟੱਕਰ, ਟਰੱਕ ਡਰਾਈਵਰ ਦੀ ਲੱਤ ਟੁੱਟੀ



ਪੁਲ ਉੱਤੇ ਹਾਦਸਾਗ੍ਰਸਤ ਹੋਇਆ ਟਰੱਕ

**ਪਾਤੜਾਂ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਤੋਂ ਜਾਖਲ ਜਾਣ ਵਾਲੀ ਮੇਨ ਸੜਕ 'ਤੇ ਪਿੰਡ ਖਾਨੇਵਾਲ ਦੇ ਨਜ਼ਦੀਕ ਝੰਬੋਵਾਲੀ ਚੋਅ (ਭੁਪਿੰਦਰਾ ਸਾਗਰ ਡਰੇਨ) ਦੇ ਪੁਲ ਉੱਤੇ ਉਸ ਸਮੇਂ ਵੱਡਾ ਹਾਦਸਾ ਹੋਣ ਤੋਂ ਬਚਾਅ ਹੋ ਗਿਆ ਜਦੋਂ ਪੁਲ ਦੇ ਐਨ ਉੱਪਰ ਹਿਸਾਰ ਤੋਂ ਚੰਡੀਗੜ੍ਹ ਜਾ ਰਹੀ ਪੰਜਾਬ ਰੋਡਵੇਜ਼ ਪਨਬਸ ਦੀ ਬੱਸ ਅਤੇ ਟਰੱਕ ਦੀ ਆਹਮੋ ਸਾਹਮਣੀ ਟੱਕਰ ਹੋ ਗਈ । ਇਸ ਸੜਕ ਹਾਦਸੇ ਦੌਰਾਨ ਟਰੱਕ ਡਰਾਈਵਰ ਦੀ ਲੱਤ ਟੁੱਟ ਗਈ ਜਦੋਂ ਕਿ ਬੱਸ ਡਰਾਈਵਰ ਦੇ ਮਾਮੂਲੀ ਸੱਟਾਂ ਲੱਗੀਆਂ। ? ਸੂਚਨਾ ਮਿਲਣ ਤੇ ਸੜਕ ਸੁਰੱਖਿਆ ਫੋਰਸ ਵੱਲੋਂ ਜਖਮੀਆਂ ਨੂੰ ਪ੍ਰਾਇਮਰੀ ਹੈਲਥ ਸੈਂਟਰ ਪਾਤੜਾਂ ਵਿਖੇ ਇਲਾਜ ਲਈ ਲਿਆਂਦਾ ਗਿਆ ਜਿੱਥੇ ਮੁਢਲੀ ਸਹਾਇਤਾ ਦੇਣ ਉਪਰੰਤ ਟਰੱਕ ਡਰਾਈਵਰ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਗਿਆ। ?ਹਾਦਸਾ ਬੇਹੱਦ ਖਤਰਨਾਕ ਸੀ ਪਰ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ?

ਜਾਣਕਾਰੀ ਅਨੁਸਾਰ ਦੁਪਹਿਰ ਸਾਢੇ ਤਿੰਨ ਵਜੇ ਦੇ ਕਰੀਬ ਪੰਜਾਬ ਰੋਡਵੇਜ਼ ਦੀ ਬੱਸ ਹਿਸਾਰ ਤੋਂ ਚੰਡੀਗੜ੍ਹ ਜਾ ਰਹੀ ਸੀ ਕਿ ਪਿੰਡ ਖਾਨੇਵਾਲ ਦੇ ਨਜ਼ਦੀਕ ਭੁਪਿੰਦਰਾ ਸਾਗਰ ਡਰੇਨ ਦੇ ਪੁਲ ਉੱਪਰ ਸਾਹਮਣੇ ਤੋਂ ਆ ਰਹੇ ਤੇਜ਼ ਰਫਤਾਰੀ ਟਰੱਕ ਨਾਲ ਟੱਕਰ ਹੋ ਗਈ। ਇਸ ਹਾਦਸੇ ਦੌਰਾਨ ਟਰੱਕ ਡਰਾਈਵਰ ਜਸਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ (32) ਦੀ ਲੱਤ ਟੁੱਟ ਗਈ। ਟਰੱਕ ਸਮਾਣਾ ਤੋਂ ਰਾਜਸਥਾਨ ਵੱਲ ਜਾ ਰਿਹਾ ਸੀ। ਇਸ ਹਾਦਸੇ ਮਗਰੋਂ ਪੁਲ ਦੇ ਦੋਵੇਂ ਪਾਸੇ ਵਾਹਨਾਂ ਦੀਆਂ ਲੰਬੀਆਂ- ਲੰਬੀਆਂ ਕਤਾਰਾਂ ਲੱਗ ਗਈਆਂ ਅਤੇ ਮੌਕੇ ਉੱਤੇ ਪਹੁੰਚੇ ਪੁਲਸ ਕਰਮਚਾਰੀਆਂ ਵੱਲੋਂ ਟਰੈਫਿਕ ਨੂੰ ਬਦਲਵੇ ਰੂਟਾਂ ਰਾਹੀਂ ਭੇਜਣ ਉਪਰੰਤ ਟਰੱਕ ਅਤੇ ਬੱਸ ਨੂੰ ਪੁੱਲ ਤੋਂ ਪਾਸੇ ਕਰਕੇ ਆਵਾਜਾਈ ਨੂੰ ਬਹਾਲ ਕੀਤਾ ਗਿਆ। ਦੱਸਣ ਯੋਗ ਹੈ ਕਿ ਇਸ ਪੁੱਲ ਦੀ ਰੇਲਿੰਗ ਪਿਛਲੇ ਕਾਫੀ ਸਮੇਂ ਤੋਂ ਟੁੱਟੀ ਹੋਈ ਹੈ ਅਤੇ ਇਸੇ ਪੁਲ ਤੋਂ ਪਿਛਲੇ ਸਾਲ ਇੱਕ ਆਟੋ ਬੇਕਾਬੂ ਹੋ ਕੇ ਡਰੇਨ ਵਿੱਚ ਡਿੱਗ ਜਾਣ ਕਰਕੇ ਤਿੰਨ ਔਰਤਾਂ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਵੱਖ- ਵੱਖ ਸਮੇਂ ਦੋ ਟਰੈਕਟਰ ਵੀ ਪਿਛਲੇ ਸਾਲ ਡਰੇਨ ਵਿੱਚ ਡਿੱਗ ਗਏ ਪਰ ਪ੍ਰਸ਼ਾਸ਼ਨ ਅਜੇ ਤੱਕ ਨਹੀਂ ਜਾਗਿਆ । ਇਲਾਕਾ ਨਿਵਾਸੀਆਂ ਨੇ ਸਬੰਧਿਤ ਮਹਿਕਮੇ ਪਾਸੋਂ ਜ਼ੋਰਦਾਰ ਮੰਗ ਹੈ ਕਿ ਇਸ ਪੁੱਲ ਦੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ।

# ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕਿ ਨੇ ਮਾਛੀਵਾੜਾ ਦੇ ਬਜ਼ਾਰ ਵਿੱਚ ਕੀਤਾ ਪੈਦਲ ਚੋਣ ਪ੍ਰਚਾਰ

**ਮਾਛੀਵਾੜਾ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਗੇਜਾ ਰਾਮ ਵਾਲਮੀਕ ਮਾਛੀਵਾੜਾ ਸਾਹਿਬ ਵਿਖੇ ਪੁੱਜੇ ਜਿੱਥੇ ਉਹਨ ਬੱਸ ਅੱਡੇ ਨਜ਼ਦੀਕ ਆਪਣੇ ਦਫਤਰ ਦਾ ਉਦਘਾਟਨ ਕੀਤਾ ਉਪਰੰਤ ਆਗੂਆਂ ਦੇ ਵਰਕਰਾਂ ਨਾਲ ਲੰਬਾ ਸਮਾਂ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਮਾਛੀਵਾੜਾ ਸਾਹਿਬ ਦੇ ਦੁਰਗਾ ਸ਼ਕਤੀ ਮੰਦਿਰ ਵਿਖੇ ਨਤਮਸਤਕ ਹੋਏ ਅਤੇ ਉਥੋਂ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਿੱਥੇ ਉਹਨਾਂ ਨੇ ਆਪਣੀ ਜਿੱਤ ਲਈ ਪੰਡਿਤ ਅਨੁਜ ਕੁਮਾਰ ਸ਼ਾਸਤਰੀ ਜੀ ਤੋਂ ਪੂਜਾ ਵੰਦਨਾ ਵੀ ਕਰਵਾਈ ਫਿਰ ਮਾਛੀਵਾੜਾ ਸਾਹਿਬ ਦੇ ਬਾਜ਼ਾਰ ਵਿੱਚ ਆਮ ਲੋਕਾਂ ਨੂੰ ਮਿਲਣ ਦੇ ਲਈ ਪੈਦਲ ਮਾਰਚ ਕੀਤਾ। ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਰਾਹੀਂ ਵਿੱਤ ਕਮਿਸ਼ਨ ਦੇ ਰੂਪ ਵਿੱਚ ਦਿੱਤੇ ਗਏ ਫੰਡਾਂ ਨਾਲ ਹੀ ਪੰਜਾਬ ਵਿੱਚ ਵਿਕਾਸ ਹੋ ਰਿਹਾ ਹੈ,ਤੇ ਪੰਜਾਬ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਕੇਂਦਰ ਦਾ ਹੀ ਹੈ।

ਉਹਨਾਂ ਕਿਹਾ ਕਿ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਭਾਜਪਾ ਉਮੀਦਵਾਰ ਜਿੱਤਣਗੇ ਤੇ ਕੇਂਦਰ ਵਿੱਚ ਫਿਰ ਤੋਂ ਭਾਜਪਾ ਦੀ ਸਰਕਾਰ ਬਣੇਗੀ।

ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕੀ ਜਦੋਂ ਆਪਣੇ ਦਫਤਰ ਤੋਂ ਨਿਕਲ ਕੇ ਪੈਦਲ ਮਾਰਚ ਸ਼ੁਰੂ ਕਰਨ ਜਾ ਰਹੇ ਸਨ ਤਾਂ ਉਸ ਵੇਲੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸੁਖਵਿੰਦਰ ਸਿੰਘ ਭੱਟੀਆਂ ਆਪਣੇ ਸਾਥੀਆਂ ਸਮੇਤ ਉਹਨਾਂ ਦੀ ਗੱਡੀ ਕੋਲ ਆ ਖਲੋਏ ,ਜਿਨਾਂ ਬੜੇ ਸਹਿਜ ਅਤੇ ਸ਼ਾਂਤਮਈ ਤਰੀਕੇ ਨਾਲ ਭਾਜਪਾ ਉਮੀਦਵਾਰ ਨੂੰ ਆਪਣੇ ਗਿਆਰ੍ਹਾਂ ਸਵਾਲ ਕੀਤੇ। ਪੰਜਾਬ ਭਰ ਵਿੱਚ ਜਿੱਥੇ ਭਾਜਪਾ ਆਗੂਆਂ ਦਾ ਸਖਤ ਵਿਰੋਧ ਹੋ ਰਿਹਾ ਉੱਥੇ ਹੀ ਮਾਛੀਵਾੜਾ ਸਾਹਿਬ ਵਿੱਚ ਇਹ ਵੱਖਰਾ ਮਾਹੌਲ ਵੇਖਣ ਨੂੰ ਮਿਲਿਆ ਕਿ ਗੇਜਾ ਰਾਮ ਵਾਲਮੀਕਿ ਗੱਡੀ ਚੋਂ ਉੱਤਰ ਕੇ ਕਿਸਾਨ ਆਗੂਆਂ ਦੇ ਨਾਲ ਖੜ੍ਹਕੇ ਬੜੇ ਸਹਿਜ ਤੇ ਨਿਮਰਤਾ ਨਾਲ ਗੱਲਬਾਤ ਕਰਦੇ ਰਹੇ ਤੇ ਕਿਸਾਨ ਆਗੂਆਂ ਨੇ ਵੀ ਸ਼ਾਂਤਮਈ ਮਾਹੌਲ ਵਿੱਚ ਉਹਨਾਂ ਨਾਲ ਆਪਣੇ ਸਵਾਲ ਕੀਤੇ ।

ਭਾਵੇਂ ਕਿ ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕਿ ਉਹਨਾਂ ਦੇ ਸਵਾਲਾਂ ਦਾ ਜਵਾਬ ਤੋੜ ਮਰੋੜ ਕੇ ਪੇਸ਼ ਕਰਦੇ ਰਹੇ, ਪਰ ਉਹਨਾਂ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਦੇ ਲਈ ਕਿਸਾਨਾਂ ਦੇ ਨਾਲ ਹਨ। ਉਹਨਾਂ ਉੱਥੇ ਕਿਸਾਨਾਂ ਨਾਲ ਖੜਕੇ *ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ* ਦਾ ਨਾਅਰਾ ਵੀ ਲਗਾਇਆ ਤੇ ਕਿਹਾ ਕਿ ਉਹ ਜਿੱਤ ਪ੍ਰਾਪਤ ਕਰਕੇ ਉਹਨਾਂ ਦੇ ਹੱਕਾਂ ਦੇ ਲਈ ਲੋਕ ਸਭਾ ਵਿੱਚ ਆਵਾਜ਼ ਉਠਾਉਣਗੇ ਅਤੇ ਜੇਕਰ ਜਰੂਰਤ ਪਈ ਤਾਂ ਉਹ ਕਿਸਾਨਾਂ ਦੇ ਨਾਲ ਧਰਨ ਤੇ ਵੀ ਬੈਠਣਗੇ ।

ਵਿਧਾਨ ਸਭਾ ਹਲਕਾ ਸਮਰਾਲਾ ਤੋਂ ਭਾਰਤੀ ਜਨਤਾ ਪਾਰਟੀ ਵੱਲੋਂ ਚੋਣ ਲੜ ਚੁੱਕੇ ਰਣਜੀਤ ਸਿੰਘ ਜੀਤਾ ਗਹਿਲੇਵਾਲ ਨੇ ਸਮਰਾਲਾ ਵਿਖੇ ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕਿ ਦੀ ਚੋਣ ਮੁਹਿੰਮ ਨੂੰ ਬਚਾਉਂਦਿਆਂ ਇੱਕ ਵੱਡਾ ਰੋਡ ਸ਼ੋ ਕੱਢਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਭਾਜਪਾ ਆਗੂਆਂ ਤੇ ਵਰਕਰਾਂ ਨੇ ਮੋਟਰਸਾਈਕਲਾਂ, ਗੱਡੀਆਂ ਰਾਹੀਂ ਸ਼ਮੂਲੀਅਤ ਕੀਤੀ। ਰਣਜੀਤ ਸਿੰਘ ਜੀਤਾ ਗਹਿਲੇਵਾਲ ਵੱਲੋਂ ਕੱਢੇ ਗਏ ਵਿਸ਼ਾਲ ਸ਼ੋ ਨੂੰ ਦੇਖਕੇ ਗਦਗਦ ਹੋਏ ਗੇਜਾ ਰਾਮ ਵਾਲਮੀਕਿ ਨੇ ਉਹਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਮਿਹਨਤ ਹੋਰ ਰੰਗ ਲਿਆਵੇਗੀ। ਇਸ ਤੋਂ ਬਾਅਦ ਉਹਨਾਂ ਬਹਿਲੋਲਪੁਰ ਅਤੇ ਕੱਚਾ ਮਾਛੀਵਾੜਾ ਵਿਖੇ ਹੋਏ ਇਕੱਠਾਂ ਨੂੰ ਸੰਬੋਧਨ ਕੀਤਾ।

# ਅਕਾਲੀ ਦਲ ਨੂੰ ਪਾਈ ਵੋਟ ਕਿਸੇ ਨਾ ਕਿਸੇ ਤਰੀਕੇ ਬੀਜੇਪੀ ਨੂੰ ਹੀ ਜਾਣੀ: ਉਦੈਵੀਰ ਢਿੱਲੋਂ



**ਜ਼ੀਰਕਪੁਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਭਖਾਉਂਦਿਆ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਉਦੈਵੀਰ ਸਿੰਘ ਢਿਲੋਂ ਨੇ ਅੱਜ ਜ਼ੀਰਕਪੁਰ ਦੇ ਵੱਖ ਵੱਖ ਵਾਰਡਾਂ ਵਿਚ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਦੇ 10 ਸਾਲਾਂ ਦੇ ਕਾਰਜਕਾਲ ਅਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 10 ਸਾਲ ਦੀ ਕਾਰਗੁਜ਼ਾਰੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਡਾ ਮਨਮੋਹਨ ਸਿੰਘ ਨੇ ਧਰਮ ਨਿਰਪੱਖਤਾ ਤੇ ਚਲਦਿਆਂ ਦੇਸ਼ ਨੂੰ ਤਰੱਕੀ ਦੇ ਰਾਹ ਤੇ ਪਾਇਆ, ਜਦਕਿ ਮੋਦੀ ਨੇ ਦੇਸ਼ ਨੂੰ ਧਰਮ ਦੇ ਨਾ ਉੱਤੇ ਵੰਡ ਕੇ ਰੱਖ ਦਿੱਤਾ। ਅੱਜ ਮਹਿੰਗਾਈ, ਬੇਰੁਜ਼ਗਾਰੀ ਦੇਸ਼ ਦਾ ਸਭ ਤੋਂ ਵੱਡਾ ਮੁੱਦਾ ਹੈ। ਉਦੈਵੀਰ ਸਿੰਘ ਨੇ ਕਿਹਾ ਕਿ ਹੁਣ ਦੇਸ਼ ਨੂੰ ਬਚਾਉਣ ਦਾ ਇਕੋ ਇਕ ਹੱਲ ਕਾਂਗਰਸ ਗੱਠਜੋੜ ਹੀ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲੰਮਾ ਸਮਾਂ ਭਾਜਪਾ ਦੀ ਭਾਈਵਾਲ ਰਹੀ। ਹੁਣ ਵੀ ਉਹਨਾਂ ਦੀ ਇੱਕ ਗੱਲ ਹੈ। ਇਸ ਕਰਕੇ ਅਕਾਲੀ ਦਲ ਨੂੰ ਪਾਈਆਂ ਗਈਆਂ ਵੋਟਾਂ ਅਖੀਰ ਨੂੰ ਬੀਜੇਪੀ ਨੂੰ ਜਾਣੀਆਂ ਹਨ ਕਿਉਂਕਿ ਇਹਨਾਂ ਨੇ ਫਿਰ ਇਕੱਠੇ ਹੋ ਜਾਣਾ ਹੈ। ਆਮ ਆਦਮੀ ਪਾਰਟੀ ਬਾਰੇ ਉਹਨਾਂ ਕਿਹਾ ਕਿ ਬਦਲਾਅ ਨੇ ਪੰਜਾਬ ਨੂੰ ਕਰਜ਼ੇ ਹੇਠ ਡੁਬੋ ਦਿੱਤਾ ਹੈ। ਲੋਕ ਸਭਾ ਚੋਣਾਂ ਵਿੱਚ ਇਹ ਬੁਰੀ ਤਰ੍ਹਾਂ ਹਾਰਣਗੇ। ਉਹਨਾਂ ਕਿਹਾ ਕਿ ਹਾਰ ਸਾਹਮਣੇ ਦੇਖ ਕੇ ਆਪ ਲੀਡਰਾਂ ਦੀ ਫੂਕ ਨਿਕਲੀ ਪਈ ਹੈ। ਉਹਨਾਂ ਡਾ ਗਾਂਧੀ ਨੂੰ ਵੱਧ ਤੋਂ ਵੱਧ ਵੋਟਾਂ ਪਾ ਕਿ ਲੋਕ ਸਭਾ ਵਿੱਚ ਭੇਜਣ ਦੀ ਅਪੀਲ ਕੀਤੀ। ਇਸ ਮੌਕੇ ਹਰਦੀਪ ਸਿੰਘ ਕੰਬੋਜ, ਸੁਮਿਤ ਗਰਗ, ਹਰਸ਼ ਰਿਸ਼ੀ, ਰੂਬਲ, ਸਾਹਿਲ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਮੌਜੂਦ ਸਨ।

# ਸੜਕ ਤੇ ਜਾ ਰਹੇ ਡੀਜ਼ਲ ਦੇ ਟੈਂਕਰ ਨੂੰ ਲੱਗੀ ਅੱਗ, ਜਾਨੀ ਨਕਸਾਨ ਤੋਂ ਹੋਇਆ ਬਚਾਅ

**ਡੇਰਾ ਬਸੀ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇਥੋਂ ਦੇ ਨਜ਼ਦੀਕੀ ਪਿੰਡ ਪੰਡਵਾਲਾ ਵਿਖੇ ਇੱਕ ਡੀਜ਼ਲ ਟੈਂਕਰ ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਸਮੇਂ ਰਹਿੰਦੇ ਅੱਗ ਤੇ ਕਾਬੂ ਪਾ ਲਿਆ। ਇਸ ਦੌਰਾਨ ਟੈਂਕਰ ਚਾਲਕ ਘਬਰਾਕੇ ਬੇਹੋਸ਼ ਹੋ ਗਿਆ। ਜਿਸ ਨੂੰ ਡੇਰਾਬੱਸੀ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ।

ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਫਾਇਰ ਅਫ਼ਸਰ ਮਹਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਜੇ ਦੇ ਕਰੀਬ ਸੂਚਨਾ ਮਿਲੀ ਕਿ ਮੁਬਾਰਕਪੁਰ ਪੰਡਵਾਲਾ ਰੋਡ ਤੇ ਜਾ ਰਹੇ ਡੀਜ਼ਲ ਟੈਂਕਰ ਨੂੰ ਅਚਾਨਕ ਅੱਗ ਲਗ ਗਈ। ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ ਤੇ ਪਹੁੰਚ ਕੇ ਟੈਂਕਰ ਨੂੰ ਲੱਗੀ ਅੱਗ ਤੇ ਕਾਬੂ ਪਾ ਲਿਆ। ਲੋਕਾਂ ਨੇ ਦੱਸਿਆ ਕਿ ਸੜਕ ਤੇ ਜਾ ਰਹੇ ਤੇਲ ਦੇ ਟੈਂਕਰ ਦੇ ਥੱਲੇ ਤੋਂ ਧੂੰਆਂ ਨਿਕਲ ਰਿਹਾ ਸੀ। ਜਿਸ ਦੀ ਜਾਣਕਾਰੀ ਉਨ੍ਹਾਂ ਨੇ ਟੈਂਕਰ ਚਾਲਕ ਨੂੰ ਦਿੱਤੀ। ਜਦੋਂ ਟੈਂਕਰ ਚਾਲਕ ਥੱਲੇ ਉਤਰੀਆਂ ਤਾਂ ਟੈਂਕਰ ਦੇ ਕੈਬਨ ਨੂੰ ਇੱਕਦਮ ਅੱਗ ਲਗ ਗਈ। ਜਿਸ ਤੋਂ ਬਾਅਦ ਟੈਂਕਰ ਚਾਲਕ ਘਬਰਾਕੇ ਬੇਹੋਸ਼ ਹੋ ਗਿਆ ਪਰ ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਟੈਂਕਰ ਚਾਲਕ ਨੂੰ ਸਥਾਨਕ ਲੋਕਾਂ ਨੇ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ।

# ਬਿਜਲੀ-ਪਾਣੀ ਨੂੰ ਤਰਸੇ ਸੈਣੀ ਵਿਹਾਰ ਫੇਜ਼ 3 ਬਲਟਾਣਾ ਵਾਸੀਆਂ ਵੱਲੋਂ ਸਰਕਾਰ ਦਾ ਪਿੱਟ ਸਿਆਪਾ

**ਜ਼ੀਰਕਪੁਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਤ ਦੀ ਪੈ ਰਹੀ ਗੁਰਮੀ ਵਚਾਲੇ ਸੈਣੀ ਵਿਹਾਰ ਫੇਜ਼ 3 ਬਲਟਾਣਾ ਦੇ ਵਸਨੀਕ ਬਿਨਾਂ ਬਿਜਲੀ ਤੇ ਪਾਣੀ ਤੋਂ ਸਮਾਂ ਲੰਘਾਉਣ ਲਈ ਮਜਬੂਰ ਹਨ। ਇਲਾਕੇ ਵਿੱਚ 2 ਦਿਨਾਂ ਤੋਂ ਬਿਜਲੀ ਤੇ ਪਾਣੀ ਦੀ ਕਿੱਲਤ ਬਣੀ ਹੋਈ ਹੈ ਜਿਸ ਸਬੰਧੀ ਸ਼ਿਕਾਇਤਾਂ ਕਰਨ 'ਤੇ ਵੀ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ ਹੈ। ਇਸ ਤੋਂ ਪ੍ਰੇਸ਼ਾਨ ਕਲੋਨੀ ਵਾਸੀਆਂ ਨੇ ਅੱਜ ਪੰਜਾਬ ਸਰਕਾਰ, ਪਾਵਰਕੌਮ ਤੇ ਸਥਾਨਕ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਪਿੱਟ ਸਿਆਪਾ ਵੀ ਕੀਤਾ। ਜਦਕਿ ਪਾਵਰਕਾਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਖਪਤਕਾਰਾਂ ਵੱਲੋਂ ਐਲਾਨੇ ਗਏ ਲੋਡ ਦੇ ਵੱਧ ਵਰਤੋਂ ਦੇ ਹਿਸਾਬ ਨਾਲ ਛੋਟੇ ਟ੍ਰਾਂਸਫਾਰਮਰਾਂ ਤੇ ਅਚਾਨਕ ਲੋੜ ਵੱਧਣ ਕਾਰਨ ਇਹ ਸਮਸਿਆ ਆਈ ਹੈ।

# ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਨੂੰ ਵੋਟਰਾਂ ਵਲੋਂ ਮਿਲ ਰਿਹੇ ਭਰਵਾਂ ਹੁੰਗਾਰਾ,ਸਾਬਕਾ ਮੰਤਰੀ ਸਰਦਾਰ ਸਾਧੂ ਸਿੰਘ ਧਰਮਸੋਤ

**ਨਾਭਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਨਾਭਾ ਦੇ ਸਾਬਕਾ ਮੰਤਰੀ ਸਰਦਾਰ ਸਾਧੂ ਸਿੰਘ ਧਰਮਸੋਤ ਦੀ ਅਗਵਾਈ ਚ ਨਾਭਾ ਹਲਕੇ ਵੋਟਰਾ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਚੋਣ ਦਫਤਰ ਨਾਭਾ ਸਾਬਕਾ ਮੰਤਰੀ ਸਰਦਾਰ ਸਾਧੂ ਸਿੰਘ ਧਰਮਸੋਤ ਅਤੇ ਉਹਨਾਂ ਦੇ ਨਾਲ ਵਿਵੇਕ ਸਿੰਗਲਾ ਬਲਾਕ ਪ੍ਰਧਾਨ ਸ਼ਹਿਰੀ ਵੀ ਮੀਟਿੰਗ ਦੌਰਾਨ ਕੀਤਾ ਉਨਾਂ ਕਿਹਾ ਕਿ ਡਾਕਟਰ ਧਰਮਵੀਰ ਗਾਂਧੀ ਬੇਦਾਗ ਇਮਾਨਦਾਰ ਤੇ ਜ਼ਮੀਨ ਨਾਲ ਜੁੜੇ ਪਾਰਟੀ ਦੇ ਵਫਾਦਾਰ ਆਗੂ ਹਨ। ਜੋ ਹੇਠਲੇ ਪੱਧਰ ਤੋਂ ਉੱਠ ਕੇ ਲੋਕ ਸਭਾ ਦੀ ਟਿੱਕਟ ਤੇ ਚੋਣ ਲੜਨ ਰਹੇ ਹਨ ਜਿਨਾਂ ਨੂੰ ਹਰ ਵਰਗ ਦੀਆਂ ਮੁਸਕਲਾਂ ਬਾਰੇ ਭਲੀ ਭਾਂਤ ਜਾਣੂ ਹਨ।

ਇਸ ਮੌਕੇ ਉਨਾ ਨਾਲ ਚਰਨਜੀਤ ਬਾਤਿਸ ਪੀ ਏ ਅਤੇ ਮੈਡਮ ਕਮਲੇਸ਼ ਕੌਰ ਗਿੱਲ ਮਹਿਲਾ ਪ੍ਰਧਾਨ,ਬਲਾਕ ਕਾਂਗਰਸ ਪਾਰਟੀ ਨਾਭਾ ਅਤੇ ਅਜੈਬ ਸਿੰਘ ਜੈਬੂ ਪਰਧਾਨ ਜਿਲ੍ਹਾ ਜਰਨਲ ਸੈਕਟਰੀ ਕਾਗਰਸ ਪਟਿਆਲਾ, S.c ਸੈੱਲ ਵਾਇਸ ਚੇਅਰਮੈਨ ਪਟਿਆਲਾ ਕਾਂਗਰਸ ਅਤੇ ਬਲਕਾਰ ਸਿੰਘ ਰੈਸਲ ਸਾਬਕਾ ਜਨਰਲ ਸਕੱਤਰ ਜ਼ਿਲ੍ਹਾ ਪਟਿਆਲਾ ਐੱਸ ਸੀ ਸੈੱਲ ਤੋਂ ਇਲਾਵਾ ਕਾਂਗਰਸ ਪਾਰਟੀ ਆਗੂ ਹਾਜਰ ਸਨ।

# ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਵੋਟਰਾਂ ਵਲੋਂ ਮਿਲ ਰਿਹੈ ਭਰਵਾਂ ਹੁੰਗਾਰਾ : ਮੱਖਣ ਸਿੰਘ ਲਾਲਕਾ



**ਨਾਭਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਐਨ ਕੇ ਸ਼ਰਮਾ ਨੂੰ ਨਾਭਾ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਚ ਨਾਭਾ ਹਲਕੇ ਵੋਟਰਾ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਚੋਣ ਦਫਤਰ, ਹਲਕਾ ਨਾਭਾ ਦੇ ਇੰਚਾਰਜ ਮੱਖਣ ਸਿੰਘ ਲਾਲਕਾ ਅਤੇ ਦੇਵ ਰਾਜ ਦੁੱਲਦੀ ਵੀ ਮੀਟਿੰਗ ਦੌਰਾਨ ਕੀਤਾ ਉਨਾਂ ਕਿਹਾ ਕਿ ਐਨ ਕੇ ਸ਼ਰਮਾ ਬੇਦਾਗ,ਇਮਾਨਦਾਰ ਤੇ ਜ਼ਮੀਨ ਨਾਲ ਜੁੜੇ ਪਾਰਟੀ ਦੇ ਵਫਾਦਾਰ ਆਗੂ ਹਨ ਜੋ ਹੇਠਲੇ ਪੱਧਰ ਤੋਂ ਉੱਠ ਕੇ ਲੋਕ ਸਭਾ ਦੀ ਟਿੱਕਟ ਤੇ ਚੋਣ ਲੜਨ ਰਹੇ ਹਨ।ਜਿਨਾਂ ਨੂੰ ਹਰ ਵਰਗ ਦੀਆਂ ਮੁਸਕਲਾਂ ਬਾਰੇ ਭਲੀ ਭਾਂਤ ਜਾਣੂ ਹਨ।

ਇਸ ਮੌਕੇ ਉਨਾ ਨਾਲ ਜਿਲਾ ਯੂਥ ਪ੍ਰਧਾਨ ਧਰਵਿੰਦਰ ਸਿੰਘ ਭੋਜੋਮਾਜਰੀ,ਗੁਲਜ਼ਾਰ ਸਿੰਘ ਇੱਛੇਵਾਲ,ਸੁਖਵਿੰਦਰ ਸਿੰਘ ਛੀਟਾਂਵਾਲ ਤੋਂ ਇਲਾਵਾ ਅਕਾਲੀ ਆਗੂ ਹਾਜਰ ਸਨ।

# ਜਨ ਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਲਈ ਸੈਟਚਰ ਅਤੇ ਵੀਲਚੇਅਰ ਦੇਣੀਆਂ ਸ਼ਲਾਘਾਯੋਗ: ਡਾ ਐਚ ਐਸ ਰੇਖੀ ਪਟਿਆਲਾ

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਲੋੜਵੰਦ ਮਰੀਜ਼ਾਂ ਲਈ ਸੈਟਚਰ ਅਤੇ ਵੀਲਚੇਅਰ ਵੰਡਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ , ਜਿਸ ਵਿਚ ਮੁੱਖ ਮਹਿਮਾਨ ਡਾ ਐਚ ਐਸ ਰੇਖੀ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਕੀਤੀ, ,,ਵਿਸ਼ੇਸ਼ ਤੌਰ ਤੇ ਡਾ ਵਿਨੋਦ ਡਗਵਾਲ, ਅਮਰਜੀਤ ਕੌਰ ਸਾਈਵਾਲ,ਮੀਤ ਪ੍ਰਧਾਨ ਸੁਰਵਿੰਦਰ ਸਿੰਘ ਛਾਬੜਾ,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ,, ਉਘੇ ਸਮਾਜ ਸੇਵੀ ਗੋਰਵ ਸੰਧੂ,ਚਮਨ ਲਾਲ ਗਰਗ, ਪ੍ਰੈਸ ਸਕੱਤਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਐਸ ਪੀ ਪਰਾਸਰ, ਜਸਬੀਰ ਸਿੰਘ, ਸਤੀਸ਼ ਜੋਸ਼ੀ,ਰੁਦਰਪ੍ਰਤਾਪ ਸਿੰਘ, ,ਲੱਕੀ ਹਰਦਾਸਪੁਰ, ਸੁਰਿੰਦਰ ਸਿੰਘ,ਅਨਿਲ ਚੋਪੜਾ,ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਡਾ ਐਚ ਐਸ ਰੇਖੀ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਨੂੰ ਸੈਟਚਰ ਅਤੇ ਵੀਲਚੇਅਰ ਦੇਣੀਆਂ ਬਹੁਤ ਹੀ ਵਧੀਆ ਉਪਰਾਲਾ ਹੈ ਅਤੇ ਇਸ ਤੋਂ ਇਲਾਵਾ ਸੰਸਥਾ ਵਲੋਂ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹਾ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ,ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦੀਵਾਈਆ ਦੇਣੀਆਂ ਬਹੁਤ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ,

# ਸ਼੍ਰੀ ਆਨੰਦਪੁਰ ਸਾਹਿਬ 'ਚ ਹੋਏ ਇਕੱਠ ਨੇ ਉਡਾਈਆਂ ਵਿਰੋਧੀਆਂ ਦੀਆਂ ਨੀਂਦਰਾਂ

- ➢ ਭਗਤ ਰਵਿਦਾਸ ਚੌਂਕ ਵਿਖੇ ਰੱਖੀ ਨੁੱਕੜ ਮੀਟਿੰਗ ਨੇ ਧਾਰਿਆ ਵਿਸ਼ਾਲ ਰੈਲੀ ਦਾ ਰੂਪ
- ➢ ਗੁਰੂ ਨਗਰੀ ਵਿੱਚ ਜਲਦ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਜਾ ਰਿਹਾ ਵਾਈਟ ਸਿਟੀ ਦਾ ਪ੍ਰੋਜੈਕਟ - ਹਰਜੋਤ ਬੈਂਸ
- ➢ ਮਾਲਵਿੰਦਰ ਸਿੰਘ ਕੰਗ ਸ਼੍ਰੀ ਅਨੰਦਪੁਰ ਸਾਹਿਬ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ - ਬੈਂਸ

**ਸ਼੍ਰੀ ਅਨੰਦਪੁਰ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮਾਲਵਿੰਦਰ ਸਿੰਘ ਕੰਗ ਲਈ ਹਲਕੇ ਸ਼੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਗਿਆ ਤੇ ਹਰ ਪਿੰਡ ਵਿੱਚ ਕੈਬਨਿਟ ਮੰਤਰੀ ਬੈਂਸ ਅਤੇ ਮਾਲਵਿੰਦਰ ਸਿੰਘ ਕੰਗ ਦਾ ਜੋਰਾਂ ਸ਼ੋਰਾਂ ਨਾਲ ਸੁਆਗਤ ਵੀ ਕੀਤਾ ਗਿਆ।ਬੀਤੀ ਦੇਰ ਸ਼ਾਮ ਭਗਤ ਰਵਿਦਾਸ ਚੌਂਕ ਵਿਖੇ ਰੱਖੀ ਨੁੱਕੜ ਮੀਟਿੰਗ ਨੇ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ ਤੇ ਹਜ਼ਾਰਾਂ ਲੋਕ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਨੂੰ ਸੁਣਨ ਲਈ ਪ੍ਰੋਗਰਾਮ ਵਿੱਚ ਪਹੁੰਚੇ।ਬੀਤੀ ਸ਼ਾਮ ਹੋਏ ਇਸ ਵੱਡੇ ਇਕੱਠ ਨੇ ਵਿਰੋਧੀਆਂ ਦੀਆਂ ਨੀਦਰਾਂ ਉਡਾ ਦਿੱਤੀਆਂ।ਇਸ ਮੋਕੇ ਪ੍ਰੋਗਰਾਮ ਵਿੱਚ ਵੱਡੀ ਤਦਾਦ ਵਿੱਚ ਮੌਜੂਦ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਦਾ ਸੁਆਗਤ ਕੀਤਾ।



ਇਸ ਮੋਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਸਿਰਫ ਇੱਥੇ ਇੱਕ ਨੁੱਕੜ ਮੀਟਿੰਗ ਰੱਖੀ ਗਈ ਸੀ ਪ੍ਰੰਤੂ ਇਸ ਮੀਟਿੰਗ ਨੇ ਕਦੋਂ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ ਪਤਾ ਹੀ ਨਹੀਂ ਲੱਗਿਆ।ਉਨਾਂ ਕਿਹਾ ਕਿ ਆਪ ਸਭ ਵੱਲੋਂ ਦਿੱਤੇ ਜਾਂਦੇ ਮਾਣ,ਪਿਆਰ ਤੇ ਸਤਿਕਾਰ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਵਾਅਦੇ ਚੋਣਾਂ ਤੋਂ ਪਹਿਲਾਂ ਕੀਤਾ ਗਏ ਸੀ ਉਨਾਂ ਵਿੱਚ ਲਗਭਗ ਸਾਰੇ ਵਾਅਦੇ ਸਿਰਫ 2 ਸਾਲਾਂ ਵਿੱਚ ਹੀ ਪੂਰੇ ਕਰ ਦਿੱਤੇ ਗਏ ਹਨ ਤੇ ਰਹਿੰਦੇ ਵਾਅਦੇ ਵੀ ਜਲਦ ਪੂਰਾ ਹੋਣਗੇ।ਉਨਾਂ ਕਿਹਾ ਕਿ ਅੱਜ ਪੰਜਾਬ ਦੇ 92% ਘਰਾਂ ਦੇ ਬਿੱਲ 0 ਆ ਰਹੇ ਹਨ ਤੇ ਲੋਕ 600 ਯੂਨਿਟ ਮੁਫਤ ਬਿਜਲੀ ਦਾ ਫਾਇਦਾ ਲੈ ਰਹੇ ਹਨ।

ਉਨਾਂ ਸਿਹਤ ਸਹੂਲਤਾਂ ਦੀ ਗੱਲ ਕਰਦਿਆਂ ਕਿਹਾ ਕਿ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਅੱਜ ਦਰਜਨਾਂ ਆਮ ਆਦਮੀ ਕਲੀਨਿਕ ਲੋਕਾਂ ਦੀ ਸੇਵਾ ਕਰ ਰਹੇ ਹਨ ਤੇ ਰੋਜਾਨਾ ਸੈਂਕੜੇ ਲੋਕ ਉਕਤ ਕਲੀਨਿਕਾਂ ਵਿੱਚੋਂ ਵਧੀਆ ਤੇ ਮੁਫਤ ਇਲਾਜ ਕਰਵਾ ਰਹੇ ਹਨ ਤੇ ਹਜਾਰਾਂ ਰੁਪਏ ਦੇ ਮਹਿੰਗੇ ਟੈਸਟ ਵੀ ਬਿਲਕੁਲ ਮੁਫਤ ਕੀਤੇ ਜਾ ਰਹੇ ਹਨ।ਉਨਾਂ ਸਿੱਖਿਆ ਸਹੂਲਤਾਂ ਦੀ ਗੱਲ ਕਰਦਿਆਂ ਕਿਹਾ ਕਿ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸਕੂਲ ਆਫ ਐਮੀਨੈਂਸ ਬਣਾਏ ਜਾ ਰਹੇ ਹਨ।ਉਨਾਂ ਕਿਹਾ ਕਿ ਸ਼੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਕੰਨਿਆ ਸਕੂਲ ਵਿੱਚ ਟਰਾਂਸਪੋਰਟ ਸੁਵਿਧਾ ਨੂੰ ਆਸਾਨ ਬਣਾਉਣ ਲਈ ਬੱਸਾਂ ਚਲਾਈਆਂ ਗਈਆਂ ਹਨ ਤਾਂ ਜੋ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਲੜਕੀਆਂ ਨੂੰ ਕਿਸੇ ਵੀ ਤਰਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ,ਉਕਤ ਸਕੂਲ ਵਿੱਚ ਦੋ ਸਿਕਓਰਟੀ ਗਾਰਡ ਵੀ ਲਗਾਏ ਗਏ ਹਨ।ਸ੍ਰ:ਬੈਂਸ ਨੇ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਜਿਲਾ ਰੂਪਨਗਰ ਦੀ ਪਹਿਲੀ ਸ਼ੂਟਿੰਗ ਰੇਂਜ ਤੇ ਐਸਟਰੋਟ੍ਰਫ ਗਰਾਊਂਡ ਆਦਰਸ਼ ਸਕੂਲ ਵਿਖੇ ਬਣਨ ਜਾ ਰਿਹਾ ਹੈ ਜਿਸ ਨਾਲ ਹਾਕੀ ਦੇ ਖਿਡਾਰੀਆਂ ਨੂੰ ਵੱਡਾ ਤੋਹਫਾ ਮਿਲੇਗਾ, ਉਨਾਂ ਕਿਹਾ ਕਿ ਆਦਰਸ਼ ਸਕੂਲ ਦੀ ਦਿੱਖ ਸੁਧਾਰਨ ਲਈ ਵੀ ਕਰੋੜਾਂ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ, ਉਨਾਂ ਕਿਹਾ ਕਿ ਸ਼ਹਿਰ ਦਾ ਦਾਖਲੇ ਮੋਕੇ ਬਣੇ ਪੰਜ ਪਿਆਰਾ ਪਾਰਕ ਨੇ ਬੀਤੇ ਸਮੇਂ ਦੌਰਾਨ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਪ੍ਰੰਤੂ ਸਰਕਾਰ ਬਣਦਿਆਂ ਹੀ ਉਕਤ ਪਾਰਕ ਦਾ 3 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰਵਾਇਆ ਗਿਆ ਤੇ ਅੱਜ ਸੈਲਾਨੀਆਂ ਲਈ ਉਕਤ ਪਾਰਕ ਖਿੱਚ ਦਾ ਕੇਂਦਰ ਬਣ ਰਿਹਾ ਹੈ,ਗੁਰੂ ਨਗਰੀ ਵੱਲ ਆਉਂਦੇ ਰਸਤਿਆਂ ਉੱਤੇ ਇਤਿਹਾਸ ਨੂੰ ਦਰਸਾਉਂਦੇ ਬੋਰਡ ਲਗਾਏ ਗਏ ਹਨ ਤਾਂ ਜੋ ਬਾਹਰੋਂ ਆਉਣ ਵਾਲੀਆਂ ਯਾਤਰੀਆਂ ਨੂੰ ਇਸ ਮਹਾਨ ਪਵਿੱਤਰ ਨਗਰੀ ਦੇ ਇਤਿਹਾਸ ਬਾਰੇ ਪਤਾ ਲੱਗ ਸਕੇ।ਉਨਾਂ ਕਿਹਾ ਕਿ ਬਹੁ ਕਰੋੜੀ ਕੁਦਰਤੀ ਪਾਰਕ ਆਪਣੇ ਆਪ ਵਿੱਚ ਇੱਕ ਖਿੱਚ ਦਾ ਕੇਂਦਰ ਹੈ ਤੇ ਇਸਦੇ ਨਾਲ ਹੀ ਭਾਈ ਜੈਤਾ ਜੀ ਯਾਦਗਾਰੀ ਅਜਾਇਬ ਘਰ ਵੀ ਬੀਤੇ ਸਮੇਂ ਦੌਰਾਨ ਲੋਕ ਅਰਪਣ ਕੀਤਾ ਗਿਆ।

ਉਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ 50 ਕਰੋੜ ਰੁਪਏ ਦੀ ਲਾਗਤ ਨਾਲ ਵਾਈਟ ਸਿਟੀ ਦਾ ਪ੍ਰੋਜੈਕਟ ਗੁਰੂ ਨਗਰੀ ਵਿੱਚ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਤਖਤ ਸ਼੍ਰੀ ਕੇਸਗੜ ਸਾਹਿਬ ਵੱਲ ਜਾਂਦੇ ਰਾਹ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ।ਉਨਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਤਾਂ ਕਰੋੜਾਂ ਰੁਪਏ ਦੇ ਫੰਡ ਰੋਕ ਕੇ ਰੱਖੇ ਹੋਏ ਹਨ ਜੋ ਕਿ ਵਿਕਾਸ ਦੇ ਕੰਮਾਂ ਵਿੱਚ ਅੜਿੱਕਾ ਬਣ ਰਹੇ ਹਨ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਸਾਡਾ ਫਰਜ ਹੈ ਤਾਂ ਜੋ ਕੰਗ ਆਪਣੇ ਹਲਕੇ ਦੇ ਨਾਲ ਨਾਲ ਸੂਬੇ ਦੀਆਂ ਸਮੱਸਿਆਵਾਂ ਨੂੰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਲੋਕ ਸਭਾ ਵਿੱਚ ਜਾ ਕੇ ਉੱਚੀ ਅਵਾਜ ਵਿੱਚ ਚੁੱਕ ਸਕਣ।ਉਨਾਂ ਕਿਹਾ ਕਿ ਅੱਜ ਦੇ ਇਸ ਇਕੱਠ ਨੇ ਮਾਲਵਿੰਦਰ ਸਿੰਘ ਕੰਗ ਦੀ ਜਿੱਤ ਨੂੰ ਯਕੀਨੀ ਬਣਾ ਦਿੱਤਾ ਹੈ।

ਇਸ ਮੌਕੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜਾ ਭਾਗਾਂ ਵਾਲੇ ਸਮਝਦੇ ਹਨ ਜਿਨਾਂ ਨੂੰ ਪਾਰਟੀ ਵੱਲੋਂ ਇਸ ਮਹਾਨ ਪਾਵਨ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਮੌਕਾ ਦਿੱਤਾ, ਉਨਾਂ ਕਿਹਾ ਕਿ ਹੁਣ ਤੱਕ ਜਿੰਨੇ ਮੈਂਬਰ ਪਾਰਲੀਮੈਂਟ ਲੋਕਾਂ ਨੇ ਬਣਾਏ ਉਹ ਹਲਕੇ ਦੇ ਲੋਕਾਂ ਨਾਲ ਹਮੇਸ਼ਾ ਹੀ ਧ੍ਰੋਹ ਕਮਾਉਂਦੇ ਰਹੇ।

## ਜਨਮ ਦਿਨ ਮੁਬਾਰਕ



ਨਾਮ: ਜਗਦੀਪ ਸਿੰਘ ਭਾਟੀਆ
ਪਿਤਾ: ਚਮਨ ਭਾਟੀਆ
ਮਾਤਾ: ਸੁਨੀਤਾ ਦੇਵੀ
ਪਿੰਡ: ਕਰਤਾਰਪੁਰ (ਨੂਰਪੁਰਬੇਦੀ)

# ਮੌਸਮ ਵਿਭਾਗ 'ਹੀਟਵੇਵ ਰੈੱਡ ਅਲਰਟ' ਜਾਰੀ

**ਨਵਾਂਸ਼ਹਿਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਸਮ ਵਿਭਾਗ 'ਹੀਟਵੇਵ ਰੈੱਡ ਅਲਰਟ' ਜਾਰੀ ਕੀਤਾ ਹੈ ਸਿਵਲ ਹਸਪਤਾਲ ਦੇ ਹਾਰਟ ਸ਼ਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਇਹ ਵੀ ਕਿਹਾ ਹੈ ਕਿ ਅਗਲੇ ਦਿਨਾਂ ਤੱਕ ਗਰਮੀ ਦੀ ਲਹਿਰ ਜਾਰੀ ਰਹਿਣ ਦੀ ਸੰਭਾਵਨਾ ਹੈ।

ਹਾਲਾਂਕਿ ਚਿੰਤਾ ਵਾਲੀ ਗੱਲ ਇਹ ਹੈ ਕਿ ਪਿਛਲੇ ਦੋ ਦਿਨਾਂ ਨਵਾਂ ਸ਼ਹਿਰ ਤਾਪਮਾਨ 44 ਡਿਗਰੀ ਤੋਂ ਉੱਪਰ ਪਹੁੰਚ ਗਿਆ ਹੈ।ਸਤਵਿੰਦਰ ਪਾਲ ਬਿੱਟੂ ਨੇ ਕਿ ਕਿਹਾ ÷ਲੋਕਾਂ ਨੂੰ ਓ. ਆਰ. ਐੱਸ., ਇਲੈਕਟ੍ਰੋਲਾਈਟਸ ਵਾਲੇ ਪੀਣ ਵਾਲੇ ਪਦਾਰਥ, ਨਿੰਬੂ ਪਾਣੀ ਤੇ ਲੱਸੀ ਵਰਗੇ ਘਰ ਦੇ ਬਣੇ ਤਰਲ ਪਦਾਰਥਾਂ ਦਾ ਸੇਵਨ ਕਰਕੇ ਹਾਈਡ੍ਰੇਟ ਰਹਿਣ ਦੀ ਸਲਾਹ ਦਿੱਤੀ ਗਈ ਹੈ। ਬਾਹਰੀ ਗਤੀਵਿਧੀਆਂ ਨੂੰ ਸੀਮਤ ਕਰਨ ਦੀ ਅਪੀਲ ਕੀਤੀ ਗਈ ਹੈ। ਜੇ ਜ਼ਰੂਰੀ ਨਹੀਂ ਤਾਂ ਦੁਪਹਿਰ 11 ਵਜੇ ਤੋਂ 4 ਵਜੇ ਦੌਰਾਨ ਬਾਹਰ ਨਾ ਜਾਓ। ਜੇ ਜਾਣਾ ਹੋਵੇ ਤਾਂ ਢਿੱਲੇ, ਸੂਤੀ ਤੇ ਹਲਕੇ ਰੰਗ ਦੇ ਕੱਪੜੇ ਪਹਿਨੋ। ਜ਼ਿਆਦਾ ਗਰਮੀ ਤੋਂ ਬਚਣ ਲਈ ਪੀਣ ਵਾਲਾ ਪਾਣੀ ਤੇ ਛੱਤਰੀ ਆਪਣੇ ਨਾਲ ਰੱਖੋ।ਨਵਾਂਸ਼ਹਿਰ

ਕੜਕਦੀ ਗਰਮੀ ਲੋਕਾਂ ਨੂੰ ਬੇਚੈਨ ਕਰ ਰਹੀ ਹੈ ਸਵੇਰੇ ਜਿਵੇਂ ਹੀ ਦਿਨ ਸ਼ੁਰੂ ਹੁੰਦਾ ਹੈ, ਪਾਰਾ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਗਰਮੀ ਦੀ ਗਰਮੀ ਅਤੇ ਤੇਜ਼ ਗਰਮ ਹਵਾ (ਲੂ) ਤੋਂ ਬਚਣ ਲਈ ਲੋਕ ਆਪਣੇ ਘਰਾਂ ਵਿੱਚ ਬੰਦ ਰਹਿਣ ਲਈ ਮਜਬੂਰ ਹਨ। ਗਰਮੀ ਕਾਰਨ ਹਸਪਤਾਲ 'ਚ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਦਿਨ ਚੜ੍ਹਦੇ ਹੀ ਤਾਪਮਾਨ ਲਗਾਤਾਰ ਵਧਦਾ ਗਿਆ। ਸਵੇਰੇ ਦਸ ਵਜੇ ਤੱਕ ਸੂਰਜ ਇੰਨਾ ਤੇਜ਼ ਹੋ ਗਿਆ ਕਿ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਵੀ ਗੁਰੇਜ਼ ਕਰਨ ਲੱਗੇ। ਤੇਜ਼ ਧੁੱਪ ਅਤੇ ਗਰਮੀ ਕਾਰਨ ਬਾਜ਼ਾਰ ਅਤੇ ਇਲਾਕੇ ਦੀਆਂ ਗਲੀਆਂ ਵਿੱਚ ਸੰਨਾਟਾ ਛਾ ਗਿਆ।

ਗਰਮੀ ਤੋਂ ਰਾਹਤ ਪਾਉਣ ਲਈ ਲੋਕਾਂ ਨੇ ਆਪਣੇ ਘਰਾਂ ਅਤੇ ਦਫ਼ਤਰਾਂ ਵਿੱਚ ਕੂਲਰਾਂ, ਪੱਖਿਆਂ ਅਤੇ ਏ.ਸੀ. ਬੱਸ ਸਟੈਂਡ 'ਤੇ ਸਵਾਰੀ ਦਾ ਇੰਤਜ਼ਾਰ ਕਰ ਰਹੀਆਂ ਸਵਾਰੀਆਂ ਵੀ ਗਰਮੀ ਤੋਂ ਪ੍ਰੇਸ਼ਾਨ ਸਨ। ਦਿਨ ਵੇਲੇ ਬਾਹਰ ਜਾਣ ਵਾਲੇ ਲੋਕ ਗਰਮੀ ਤੋਂ ਬਚਣ ਲਈ ਆਪਣੇ ਸਰੀਰ ਅਤੇ ਚਿਹਰੇ ਨੂੰ ਪੂਰੀ ਤਰ੍ਹਾਂ ਢੱਕ ਕੇ ਹੀ ਬਾਹਰ ਨਿਕਲ ਰਹੇ ਸਨ। ਔਰਤਾਂ ਅਤੇ ਬੱਚੇ ਵੀ ਧੁੱਪ ਤੋਂ ਬਚਣ ਲਈ ਛਤਰੀਆਂ, ਐਨਕਾਂ, ਟੋਪੀਆਂ ਆਦਿ ਦਾ ਸਹਾਰਾ ਲੈਂਦੇ ਰਹੇ। ਬਾਜ਼ਾਰ ਵਿਚ ਗੰਨੇ ਦੇ ਰਸ, ਨਿੰਬੂ ਪਾਣੀ, ਸਿਕੰਜੀ ਆਦਿ ਦੀਆਂ ਦੁਕਾਨਾਂ 'ਤੇ ਭੀੜ ਸੀ। ਲੋਕ ਗਰਮੀ ਦਾ ਅਸਰ ਘੱਟ ਕਰਨ ਲਈ ਪੀਣ ਵਾਲੇ ਪਦਾਰਥਾਂ ਦਾ ਆਨੰਦ ਲੈਂਦੇ ਰਹੇ।ਕਹਿੰਦੀ ਧੁੱਪ ਅਤੇ ਗਰਮੀ ਨੇ ਲੋਕਾਂ ਦਾ ਚੈਨ ਖੋਹ ਲਿਆ ਹੈ। ਗਰਮੀ ਦੇ ਕਹਿਰ ਤੋਂ ਮਨੁੱਖ, ਪਸ਼ੂ-ਪੰਛੀ ਵੀ ਪ੍ਰੇਸ਼ਾਨ ਹਨ।ਸੂਰੀ ਹਸਪਤਾਲ ਬਲਾਚੌਰ ਡਾ: ਭੁਪਿੰਦਰ ਸੂਰੀ ਹਸਪਤਾਲ ਦਾ ਕਹਿਣਾ ਹੈ ਕਿ ਗਰਮੀ ਜ਼ਿਆਦਾ ਲੋਕਾਂ ਨੂੰ ਰੁਆਉਣ ਵਾਲੀ ਹੈ। ਹੀਟ ਸਟ੍ਰੋਕ ਦੇ ਮਰੀਜ਼ਾਂ ਵਧਦੀ ਗਰਮੀ ਕਾਰਨ ਹੀਟ ਸਟ੍ਰੋਕ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਉਲਟੀਆਂ, ਦਸਤ, ਸਿਰ ਦਰਦ,ਆਦਿ ਤੋਂ ਪੀੜਤ ਮਰੀਜ਼ ਸੂਰੀ ਹਸਪਤਾਲ ਪਹੁੰਚ ਰਹੇ ਹਨ। ਇਨ੍ਹਾਂ ਦੀ ਗਿਣਤੀ ਰੋਜ਼ਾਨਾ ਹੀਟ ਸਟ੍ਰੋਕ ਦੇ ਮਰੀਜ਼ਾਂ 2 ਦੇ ਕਰੀਬ ਹੈ। ਪੀੜਤਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਡਾ: ਭੂਪਿੰਦਰ ਸਿੰਘ ਸੂਰੀ ਨੇ ਦੱਸਿਆ ਕਿ ਆਪਣੀ ਖ਼ੁਰਾਕ 'ਚ ਪਾਣੀ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ, ਮੌਸਮੀ ਫ਼ਲਾਂ ਤੇ ਸਬਜ਼ੀਆਂ ਨੂੰ ਸ਼ਾਮਲ ਕਰੋ। ਅਲਕੋਹਲ, ਚਾਹ, ਕੌਫੀ ਤੇ ਕਾਰਬੋਨੇਟਿਡ ਸਾਫਟ ਡਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਇਹ ਡੀਹਾਈਡ੍ਰੇਸ਼ਨ ਤੇ ਢਿੱਡ ਦੇ ਕੜਵੱਲ ਦਾ ਕਾਰਨ ਬਣ ਸਕਦੀਆਂ ਹਨ। ਬਜ਼ੁਰਗਾਂ, ਗਰਭਵਤੀਆਂ ਤੇ ਨਿਆਣਿਆਂ ਨੂੰ ਖ਼ਾਸ ਦੇਖਭਾਲ ਦੀ ਲੋੜ ਹੈ।

# ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ



ਡਾ. ਧਰਮਵੀਰ ਗਾਂਧੀ ਚੋਣ ਨਿਸ਼ਾਨ ਹੱਥ ਪੰਜਾ | ਐਨ. ਕੇ. ਸ਼ਰਮਾ ਅਕਾਲੀ ਦਲ ਚੋਣ ਨਿਸ਼ਾਨ ਤੱਕੜੀ | ਡਾ. ਬਲਬੀਰ ਸਿੰਘ ਆਪ ਚੋਣ ਨਿਸ਼ਾਨ ਝਾੜੂ | ਮਹਾਰਾਣੀ ਪ੍ਰਨੀਤ ਕੌਰ ਬੀ.ਜੇ. ਪੀ. ਚੋਣ ਨਿਸ਼ਾਨ ਕਮਲ ਦਾ ਫੁੱਲ | ਜਨਵਾਦੀ ਜਨਵਾਦੀ ਪਾਰਟੀ ਨਿਸ਼ਾਨ ਡਾਇਮੰਡ | ਕ੍ਰਿਸ਼ਨ ਕੁਮਾਰ ਗਾਬਾ ਹਿੰਦੁਸਤਾਨ ਸ਼ਕਤੀ ਸੈਨਾ ਚੋਣ ਨਿਸ਼ਾਨ ਬੰਸਰੀ | ਨੀਰਜ ਕੁਮਾਰ ਚੋਣ ਨਿਸ਼ਾਨ ਸਿਲੰਡਰ | ਮਨੋਜ ਕੁਮਾਰ ਚੋਣ ਨਿਸ਼ਾਨ ਐਪਲ | ਅਮਰਜੀਤ ਸਿੰਘ ਚੋਣ ਨਿਸ਼ਾਨ ਆਰੀ



ਪਰਮਜੀਤ ਸਿੰਘ ਪੰਮਾ ਚੋਣ ਨਿਸ਼ਾਨ ਰੋਟੀ ਦੀ ਥਾਲੀ | ਡਿੰਪਲ ਬੰਦੇਸ਼ਾ ਚੋਣ ਨਿਸ਼ਾਨ ਵਿਕਟਾਂ | ਅਰਵਿੰਦ ਕਾਕਾ ਚੋਣ ਨਿਸ਼ਾਨ ਮਾਇਕ | ਜਗਦੀਸ਼ ਕੁਮਾਰ ਚੋਣ ਨਿਸ਼ਾਨ ਬੈਟ

## ਆਪ ਪਾਰਟੀ ਲੋਕਾਂ ਦੇ ਨੱਕੋਂ-ਬੁੱਲ੍ਹੋਂ ਲਹਿ ਚੁੱਕੀ ਹੈ, ਕਾਂਗਰਸ ਹੀ ਭਾਜਪਾ ਦਾ ਇੱਕੋ ਇੱਕ ਬਦਲ ਹੈ : ਡਾ. ਗਾਂਧੀ

**ਘਨੌਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਘਨੌਰ ਦੇ ਚੱਪੜ, ਮੰਡੋਲੀ,ਚਮਾਰੂ, ਲੋਹਸਿੰਬਲੀ, ਉਲਾਣਾ,ਨਰੜੂ ਅਤੇ ਘਨੌਰ ਸਮੇਤ ਵੱਖ - ਵੱਖ ਥਾਵਾਂ 'ਤੇ ਭਰਵੇਂ ਚੋਣ ਇਕੱਠ ਕੀਤੇ ਗਏ ਜੋ ਇੱਕ ਤਰ੍ਹਾਂ ਨਾਲ ਰੈਲੀਆਂ ਦਾ ਰੂਪ ਧਾਰ ਗਏ।

ਇਹਨਾਂ ਸਮਾਗਮਾਂ ਵਿੱਚ ਵੱਡੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਡਾ: ਗਾਂਧੀ ਨੇ ਕਿਹਾ ਕਿ ਅੱਜ ਅਸੀਂ ਜਿਸ ਵੀ ਪਿੰਡ ਜਾਂ ਸ਼ਹਿਰ ਵਿੱਚ ਜਾ ਰਹੇ ਹਾਂ,ਲੋਕਾਂ ਦਾ ਵੱਡੇ ਪੱਧਰ 'ਤੇ ਮਿਲ ਰਿਹਾ ਸਹਿਯੋਗ ਅਤੇ ਸਮਰਥਨ ਇਹ ਸਪੱਸ਼ਟ ਇਸ਼ਾਰਾ ਕਰ ਰਿਹਾ ਹੈ ਕਿ ਅਸੀਂ ਲੋਕਸਭਾ ਹਲਕਾ ਪਟਿਆਲਾ ਤੋਂ ਵੱਡੀ ਲੀਡ ਨਾਲ਼ ਜਿੱਤ ਰਹੇ ਹਾਂ।



ਉਹਨਾਂ ਕਿਹਾ ਕਿ ਅੱਜ ਸਮੁੱਚੇ ਦੇਸ਼ ਵਿੱਚ ਕਾਂਗਰਸ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੀ ਹਵਾ ਚੱਲ ਰਹੀ ਹੈ ਅਤੇ ਆਉਣ ਵਾਲ਼ੀ ਚਾਰ ਜੂਨ ਨੂੰ ਮੋਦੀ ਸਰਕਾਰ ਨੂੰ ਚੱਲਦਿਆਂ ਕਰਨ ਲਈ ਲੋਕ ਤਿਆਰ ਬੈਠੇ ਹਨ।

ਇਸਤੋਂ ਇਲਾਵਾ ਪੰਜਾਬ ਸਰਕਾਰ ਨੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ ਅਤੇ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਪ ਪਾਰਟੀ ਅੱਜ ਲੋਕਾਂ ਦੇ ਨੱਕੋਂ ਬੁੱਲੋਂ ਲਹਿ ਚੁੱਕੀ ਹੈ। ਜਿੰਨੀ ਜਲਦੀ ਆਪ ਪਾਰਟੀ ਲੋਕਾਂ ਦੀਆਂ ਨਜ਼ਰਾਂ ਤੋਂ ਡਿੱਗੀ ਹੈ,ਐਨੀ ਜਲਦੀ ਕਦੇ ਵੀ ਕਿਸੇ ਪਾਰਟੀ ਵਿੱਚ ਨਿਘਾਰ ਨਹੀਂ ਆਇਆ। ਇਹ ਵੀ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਲੋਕ ਪੰਜਾਬ ਸਰਕਾਰ ਦੇ ਫੋਕੇ ਵਾਅਦਿਆਂ ਤੋਂ ਅੱਜ ਬੇਹੱਦ ਨਿਰਾਸ਼ ਹਨ ਅਤੇ ਲੋਕ ਕਾਂਗਰਸ ਨੂੰ ਹੀ ਕੇਂਦਰ ਵਿੱਚ ਭਾਜਪਾ ਦੇ ਇੱਕੋ ਇੱਕ ਬਦਲ ਵਜੋਂ ਦੇਖ ਰਹੇ ਹਨ।

ਹਲਕਾ ਇੰਚਾਰਜ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਘਨੌਰ ਵਿਧਾਨ ਸਭਾ ਹਲਕਾ ਡਾਕਟਰ ਧਰਮਵੀਰ ਗਾਂਧੀ ਨੂੰ ਵੱਡੀ ਲੀਡ ਨਾਲ਼ ਜਿਤਾਉਣ ਲਈ ਤਿਆਰ ਹੈ ਜਿਸਦਾ ਸਬੂਤ ਹਰ ਪਿੰਡ ਵਿੱਚ ਹੋ ਰਹੇ ਵੱਡੇ ਇਕੱਠ ਹਨ।

## ਪਟਿਆਲਾ ਦੀ ਫਤਿਹ ਰੈਲੀ ਨਾਲ ਹੋਵੇਗੀ ਪੰਜਾਬ ਦੇ ਸੁਨਹਿਰੀ ਭਵਿੱਖ ਦੀ ਸ਼ੁਰੂਆਤ : ਪ੍ਰਨੀਤ ਕੌਰ

**➢ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਟਿਆਲਾ ਫੇਰੀ ਪਟਿਆਲਵੀਆਂ ਲਈ ਚੰਗੀ ਕਿਸਮਤ ਵਾਲੀ ਗੱਲ ➢ ਪ੍ਰਧਾਨ ਮੰਤਰੀ ਦੇ ਪਟਿਆਲਾ ਦੌਰੇ ਨਾਲ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੀ ਚੋਣ ਮੁਹਿੰਮ ਨੂੰ ਮਿਲੇਗਾ ਵੱਡਾ ਹੁੰਗਾਰਾ**

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਡੇ ਪਟਿਆਲਾ ਵਾਲੇ ਕਿੰਨੇ ਖੁਸ਼ਕਿਸਮਤ ਹਨ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਪਟਿਆਲਾ ਤੋਂ ਪੰਜਾਬ ਦੀਆਂ ਚੋਣ ਰੈਲੀਆਂ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਇਹ ਗੱਲ ਪਟਿਆਲਾ ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਪ੍ਰਨੀਤ ਕੌਰ ਨੇ ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਏਜੰਡੇ ਵਿੱਚ ਪੰਜਾਬ ਵਿੱਚ ਕੀ ਕੁਝ ਹੋਣ ਜਾ ਰਿਹਾ ਹੈ, ਇਸ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਪਟਿਆਲਾ ਦੇ ਲੋਕਾਂ ਨਾਲ ਸਾਂਝੀ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਪਿਛਲੇ 20 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਪਟਿਆਲਾ ਦੀ ਇਤਿਹਾਸਕ ਧਰਤੀ 'ਤੇ ਪਹੁੰਚ ਰਹੇ ਹਨ। ਪ੍ਰਨੀਤ ਕੌਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ 23 ਮਈ ਨੂੰ ਪਟਿਆਲਾ ਫੇਰੀ ਨੂੰ ਲੈ ਕੇ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਵਿੱਚ ਵੱਧ ਰਿਹਾ ਉਤਸ਼ਾਹ ਉਨ੍ਹਾਂ ਦੇ ਬਾਰੇ ਭੇਜ ਦੁਬਾਰਾ ਭੇਜ ਸਾਲਾਂ ਤੋਂ ਬਣੇ ਭਰੋਸੇ ਨੂੰ ਹੋਰ ਬੁਲੰਦ ਕਰ ਰਿਹਾ ਹੈ।



**...ਫਤਿਹ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ**

ਮਹਾਰਾਜਾ ਭਾਲਿੰਦਰ ਸਿੰਘ ਸਪੋਰਟਸ ਕੰਪਲੈਕਸ ਵਿਖੇ ਹੋਣ ਜਾ ਰਹੀ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਨੀਤ ਕੌਰ ਨੇ ਦੱਸਿਆ ਕਿ ਪਟਿਆਲਾ ਦੇ ਬਾਨੀ ਬਾਬਾ ਆਲ੍ਹਾ ਸਿੰਘ ਦੇ ਵੰਸ਼ਜ ਮਹਾਰਾਜਾ ਭਲਿੰਦਰ ਸਿੰਘ ਓਲੰਪਿਕ ਐਸੋਸੀਏਸ਼ਨ ਦੇ ਸਕੱਤਰ ਸਨ ਅਤੇ ਉਨ੍ਹਾਂ ਦੇ ਨਾਂ 'ਤੇ ਸਪੋਰਟਸ ਕੰਪਲੈਕਸ ਦਾ ਨਾਂ ਮਹਾਰਾਜਾ ਭਾਲਿੰਦਰ ਸਿੰਘ ਸਪੋਰਟਸ ਕੰਪਲੈਕਸ ਰੱਖਿਆ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਤਿਹ ਰੈਲੀ ਵਿੱਚ ਪਟਿਆਲਾ ਵਾਸੀਆਂ ਨੂੰ ਆਉਣ ਦਾ ਸੱਦਾ ਦਿੰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਸੁਰੱਖਿਆ ਕਾਰਨਾਂ ਕਰਕੇ ਸੰਭਵ ਹੈ ਕਿ ਲੋਕਾਂ ਨੂੰ ਰੈਲੀ ਵਾਲੀ ਥਾਂ 'ਤੇ ਪਹੁੰਚਣ ਵਿੱਚ ਕੁਝ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਪ੍ਰਧਾਨ ਮੰਤਰੀ ਦੀ ਪਟਿਆਲਾ ਵਿਖੇ ਹੋ ਰਹੀ ਫਤਿਹ ਰੈਲੀ ਇਤਿਹਾਸਿਕ ਮਹਾ ਸੰਮੇਲਨ ਦਾ ਰੂਪ ਲੈ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਸੰਦੇਸ਼ ਦੇਵੇਗੀ।

**...ਹਜ਼ਾਰਾਂ ਦੀ ਗਿਣਤੀ 'ਚ ਲੋਕ ਬਣਨਗੇ ਰੈਲੀ ਦਾ ਹਿੱਸਾ**

ਰੈਲੀ ਦੀਆਂ ਤਿਆਰੀਆਂ ਵਿੱਚ ਰੁੱਝੀ ਪ੍ਰਨੀਤ ਕੌਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਪਟਿਆਲਾ ਫੇਰੀ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਵੱਡਾ ਹੁਲਾਰਾ ਦੇਵੇਗੀ। ਪਟਿਆਲਾ ਵਿੱਚ ਫਤਿਹ ਰੈਲੀ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗੀ। ਪ੍ਰਨੀਤ ਕੌਰ ਨੇ ਕਿਹਾ ਕਿ ਪਟਿਆਲਾ ਦੀਆਂ ਵੱਡੀਆਂ ਸਮੱਸਿਆਵਾਂ ਨੂੰ ਜੇਕਰ ਕੋਈ ਹੱਲ ਕਰ ਸਕਦਾ ਹੈ ਤਾਂ ਉਹ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਹਨ। ਉਨ੍ਹਾਂ ਕਿਹਾ ਕਿ ਉਹ ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ ਪ੍ਰਮੁੱਖ ਸਮੱਸਿਆਵਾਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਣੂ ਕਰਵਾਉਣਗੇ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਲੋੜੀਂਦੇ ਫੰਡਾਂ ਦੀ ਮੰਗ ਵੀ ਕਰਨਗੇ। ਪ੍ਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪ੍ਰਧਾਨ ਮੰਤਰੀ ਉਨ੍ਹਾਂ ਵੱਲੋਂ ਪਟਿਆਲਾ ਸਬੰਧੀ ਕੀਤੀ ਹਰ ਮੰਗ ਨੂੰ ਪੂਰੇ ਉਤਸ਼ਾਹ ਨਾਲ ਪੂਰਾ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪਟਿਆਲਾ ਦੌਰਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਦਾ ਮੁੱਖ ਆਧਾਰ ਬਣੇਗਾ।

## ਹਿੰਦੁਸਤਾਨ ਸ਼ਕਤੀ ਸੈਨਾ ਦੇ ਉਮੀਦਵਾਰ ਕ੍ਰਿਸ਼ਨ ਕੁਮਾਰ ਗਾਬਾ ਦੇ ਹੱਕ ਵਿਚ ਪਵਨ ਗੁਪਤਾ ਵੱਲੋਂ ਤ੍ਰਿਪੜੀ ਵਿਖੇ ਚੋਣ ਪ੍ਰਚਾਰ

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਦਾ ਚੋਣ ਪ੍ਰਚਾਰ ਪਟਿਆਲਾ ਦੇ ਤ੍ਰਿਪੜੀ ਖੇਤਰ ਵਿੱਚ ਜਿੱਥੇ ਬਹੁ-ਗਿਣਤੀ ਬਹਾਵਲਪੁਰ ਭਾਈਚਾਰੇ ਦੇ ਲੋਕ ਰਹਿੰਦੇ ਹਨ, ਸ਼੍ਰੀ ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਦੀ ਅਗਵਾਈ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ ਨੇ ਪੈਦਲ ਯਾਤਰਾ ਕੀਤੀ ਅਤੇ ਸ਼ਿਵ ਸੈਨਾ ਹਿੰਦੁਸਤਾਨ ਨੇ ਚੋਣ ਪ੍ਰਚਾਰ ਕੀਤਾ। ਇਸ ਚੋਣ ਪ੍ਰਚਾਰ ਵਿੱਚ ਆਮ ਲੋਕਾਂ ਨੇ ਵੱਡੀ ਗਿਣਤੀ ਵਿੱਚ ਬਜ਼ਾਰਾਂ ਵਿੱਚ ਹਾਜ਼ਰੀ ਭਰਦੇ ਹੋਏ ਕ੍ਰਿਸ਼ਨ ਕੁਮਾਰ ਗਾਬਾ ਅਤੇ ਸ਼੍ਰੀ ਪਵਨ ਗੁਪਤਾ ਜੀ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਰਵਾਇਤੀ ਵੱਡੀਆਂ ਪਾਰਟੀਆਂ ਨੂੰ ਬਾਈਪਾਸ ਕਰਕੇ ਸੱਚੇ ਸ਼੍ਰੀ ਰਾਮ ਭਗਤਾਂ ਦੀ ਚੋਣ ਕੀਤੀ ਜਾਵੇਗੀ। ਉਹ ਰਾਮ ਭਗਤ ਨਹੀਂ ਜੋ ਪਹਿਲਾਂ ਉਸ ਪਾਰਟੀ ਵਿੱਚ ਰਹੇ, ਜਿਹੜੀ ਪਾਰਟੀ ਭਗਵਾਨ ਸ਼੍ਰੀ ਰਾਮ ਜੀ ਦੀ ਹੋਂਦ @ਤੇ ਸਵਾਲ ਉਠਾਉਂਦੀ ਰਹੀ ਹੈ, ਹੁਣ ਜਦੋਂ ਸ਼੍ਰੀ ਰਾਮ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਦਾ ਮਾਹੌਲ ਰਾਮ ਪੱਖੀ ਹੋ ਗਿਆ ਹੈ, ਤਾਂ ਇਸ ਦਾ ਫਾਇਦਾ ਉਠਾਉਂਦੇ ਹੋਏ ਸੱਤਾ ਵਿਚ ਬਣੇ ਰਹਿਣ ਲਈ ਉਹ ਹੁਣ ਸ਼੍ਰੀ ਰਾਮ ਦੇ ਨਾਮ ਦਾ ਸਹਾਰਾ ਲੈ ਰਹੇ ਹਨ। ਇਸ ਮੌਕੇ ਡਾ ਭਾਈ ਪਰਮਜੀਤ ਸਿੰਘ ਜੋ ਕਿ ਸੰਘ ਪਿਛੋਕੜ ਵਾਲੇ ਭਾਜਪਾ ਆਗੂ ਹਨ ਅਤੇ ਹੁਣ ਸ਼ਿਵ ਸੈਨਾ ਹਿੰਦੁਸਤਾਨ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ



ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਦੇ ਨਾਲ ਚੋਣ ਪ੍ਰਚਾਰ ਵਿੱਚ ਖੁੱਲ ਕੇ ਸਰਗਰਮ ਹਨ, ਨੇ ਕਿਹਾ ਕਿ ਜਿਹੜੇ ਪਟਿਆਲੇ @ਚ ਵਿਕਾਸ ਨਹੀਂ ਕਰ ਸਕੇ ਕੇਵਲ ਸਿਰਫ ਸੱਤਾ ਦੀ ਮਲਾਈ ਖਾਂਦੇ ਰਹੇ। ਉਨ੍ਹਾਂ ਨੂੰ ਸਹੀ ਰਸਤਾ ਦਿਖਾਉਣਾ ਜ਼ਰੂਰੀ ਹੈ।

ਪਾਰਟੀ ਦੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਅਤੇ ਸ਼੍ਰੀ ਪਵਨ ਗੁਪਤਾ ਨੇ ਤ੍ਰਿਪੜੀ ਵਿੱਚ ਆਮ ਦੁਕਾਨਦਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਜਿੱਤੇ ਜਾਂ ਹਾਰੇ, ਅਸੀਂ ਹਰ ਹਾਲਤ ਵਿੱਚ ਸਮਾਜ ਸੇਵਾ ਵਿੱਚ ਅੱਗੇ ਹਾਂ ਅਤੇ ਅੱਗੇ ਰਹਾਂਗੇ। ਜੇਕਰ ਸਾਨੂੰ ਤੁਹਾਡੇ ਵਿਸ਼ਵਾਸ ਦਾ ਵੋਟ ਮਿਲਿਆ ਤਾਂ ਅਸੀਂ ਅੱਗੇ ਰਹਾਂਗੇ ਪੰਜਾਬ ਅਤੇ ਪਟਿਆਲਾ ਦੇ ਵਿਕਾਸ ਲਈ ਲੋਕ ਸਭਾ ਵਿੱਚ ਪੂਰੀ ਤਾਕਤ ਨਾਲ ਕੰਮ ਕਰਾਂਗੇ। ਇਸ ਵਾਰ ਪਾਰਟੀਆਂ ਬਦਲਣ ਵਾਲਿਆਂ ਨੂੰ ਹਰਾ ਕੇ ਆਮ ਜਨਤਾ ਇਹਨਾਂ ਨੂੰ ਚੰਗਾ ਸਬਕ ਦੇਣਾ ਚਾਹੀਦਾ ਹੈ।

ਸ਼੍ਰੀ ਪਵਨ ਗੁਪਤਾ ਜੀ, ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਪਾਰਟੀ ਦੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਨੇ ਸਾਂਝੇ ਤੌਰ @ਤੇ ਸਾਰੇ ਵਪਾਰੀ ਭਰਾਵਾਂ ਦਾ ਤ੍ਰਿਪੜੀ ਵਿੱਚ ਆਮ ਜਨਤਾ ਵੱਲੋਂ ਮਿਲੇ ਸਹਿਯੋਗ ਅਤੇ ਸਵਾਗਤ ਲਈ ਧੰਨਵਾਦ ਕੀਤਾ। ਇਸ ਪ੍ਰਚਾਰ ਯਾਤਰਾ ਵਿੱਚ ਪਾਰਟੀ ਦੇ ਉਘੇ ਨੇਤਾਵਾਂ ਦੇ ਵਿੱਚੋਂ ਸ੍ਰੀਮਤੀ ਸਵਰਾਜ ਘੁੰਮਣ ਭਾਟੀਆ ਜੀ ਸ੍ਰੀਮਤੀ ਕਾਂਤਾ ਬਾਂਸਲ ਸ੍ਰੀ ਰਵਿੰਦਰ ਸਿੰਘਲਾ ਸ੍ਰੀ ਸ਼ਮਾ ਕਾਂਤ ਪਾਂਡੇ, ਐਡਵੋਕੇਟ ਪੰਕਜ ਗੌੜ, ਸ੍ਰੀ ਹਿਤੇਸ ਰਿੰਕੂ, ਸ੍ਰੀ ਰਾਕੇਸ਼ ਕੁਮਾਰ ਸ੍ਰੀ ਨੰਦ ਲਾਲ ਸ੍ਰੀ ਹੇਮ ਰਾਜ ਗੋਇਲ ਅਤੇ ਹੋਰ ਸੈਂਕੜੇ ਦੀ ਸੰਖਿਆ ਦੇ ਵਿੱਚ ਪਾਰਟੀ ਦੇ ਵਰਕਰ ਮੌਜੂਦ ਰਹੇ।

## ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਵੋਟਰਾਂ ਦੀ ਸਹੂਲਤ ਲਈ ਵੱਖ-ਵੱਖ ਮੋਬਾਇਲ ਐਪ ਦੀ ਵਰਤੋਂ ਸਬੰਧੀ ਪ੍ਰੇਰਿਆ ਗਿਆ

**ਬਰਨਾਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਵੱਲੋਂ ਅਗਾਮੀ ਲੋਕ ਸਭਾ ਚੋਣਾਂ ਵਿੱਚ 70 ਫੀਸਦੀ ਤੋਂ ਵੱਧ ਵੋਟਿੰਗ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹੇ ਵਿੱਚ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਤਹਿਤ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਵੋਟਰਾਂ ਨੂੰ ਵੋਟਾਂ ਸਬੰਧੀ ਵੱਖ ਵੱਖ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਕੇ ਉਸ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।



ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਮੋਬਾਇਲ ਐਪ ਵੋਟਰ ਹੈਲਪ ਲਾਇਨ, ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਸਕਸ਼ਮ ਐਪ, ਸੀ. ਵਿਜਿਲ, ਨੋ ਯੂਅਰ ਕੈਂਡੀਡੇਟ, ਵੋਟਰ ਸਰਵਿਸ ਪੋਰਟਲ ਅਤੇ ਵੋਟਰ ਅਵੇਅਰਨੈੱਸ ਐਪ ਲਾਂਚ ਕੀਤੇ ਗਏ ਹਨ ਜਿਸ ਵਿੱਚ ਵੋਟਰਾਂ ਨੂੰ ਵੋਟਾਂ ਸਬੰਧੀ ਵੱਖ ਵੱਖ ਸੂਚਨਾ ਆਸਾਨੀ ਨਾਲ ਮਿਲ ਸਕਦੀ ਹੈ ਉਨ੍ਹਾਂ ਕਿਹਾ ਕਿ ਅੱਜ ਦੇ ਸੂਚਨਾ ਤਕਨਾਲੋਜੀ ਦੇ ਦੌਰ ਵਿੱਚ ਚੋਣ ਕਮਿਸ਼ਨ ਵੱਲੋਂ ਇਹ ਮੋਬਾਇਲ ਐਪਸ ਬਣਾਈਆਂ ਗਈਆਂ ਹਨ ਤਾਂ ਜੋ ਵੋਟਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਚੋਣਾਂ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਈਆਂ ਜਾ ਸਕਣ।

ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਬਣਾਈ ਗਈ ਸੀ.ਵਿਜਲ ਐਪ ਰਾਹੀਂ ਵੋਟਰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਪਾ ਸਕਦੇ ਹਨ ਅਤੇ ਉਨ੍ਹਾਂ ਦੀ ਸ਼ਿਕਾਇਤ ਦਾ ਤੈਅ ਸਮੇਂ ਅੰਦਰ ਨਿਪਟਾਰਾ ਕੀਤਾ ਜਾਵੇਗਾ। ਇਸ ਐਪ 'ਤੇ ਪਹਿਲਾਂ ਤੋਂ ਹੀ ਬਣਾਈ ਗਈ ਵੀਡੀਓ ਜਾਂ ਆਡੀਓ ਕਲਿੱਪ ਨਹੀਂ ਪਾਈ ਜਾ ਸਕਦੀ।

## ਡੇਰਾਬੱਸੀ ਤਹਿਸੀਲ ਸਾਹਮਣੇ ਹੀ ਹੋ ਰਹੀ ਸਰਕਾਰੀ ਵਾਹਨਾਂ ਦੀ ਦੁਰਵਰਤੋਂ

**ਡੇਰਾ ਬਸੀ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਡੇਰਾਬੱਸੀ ਵਲੋ ਸਟਰੀਟ ਲਾਈਟਾਂ ਠੀਕ ਕਰਨ ਲਈ ਰੱਖੀ ਗੱਡੀ ਇੱਕ ਨਿੱਜੀ ਇਮੀਗ੍ਰੇਸ਼ਨ ਸੈਂਟਰ ਦੇ ਬੈਨਰ ਲਾਉਣ ਲਈ ਵਰਤੀ ਜਾ ਰਹੀ ਹੈ। ਇਹ ਕੰਮ ਚਿੱਟੇ ਦਿਨੀ ਤਹਿਸੀਲ ਦੇ ਸਾਹਮਣੇ ਕੀਤਾ ਜਾ ਰਿਹਾ ਹੈ। ਸਰਕਾਰੀ ਗੱਡੀ ਨਾਲ ਇੱਕ ਇਮੀਗ੍ਰੇਸ਼ਨ ਦਫ਼ਤਰ ਦੇ ਬੈਨਰ ਲਾਉਂਦੇ ਵੇਖਣ ਵਾਲੇ ਵੀ ਹੈਰਾਨ ਹੋ ਰਹੇ ਸਨ। ਮੌਕੇ ਦੀ ਵੀਡਿਓ ਬਣਦੀ ਵੇਖ ਗੱਡੀ ਚਾਲਕ ਮੌਕੇ ਤੋ ਖਿਸਕ ਗਿਆ। ਗਡੀ ਤੇ ਚੜ੍ਹ ਕੇ ਬੈਨਰ ਲਾਉਂਦੇ ਨੌਜਵਾਨਾਂ ਨੂੰ ਪੁੱਛਣ ਤੇ ਉਨ੍ਹਾ ਦਸਿਆ ਹੈ ਕਿ ਉਹ ਵਿਦਿਆਰਥੀ ਹਨ ਅਤੇ ਉਕਤ ਸੈਂਟਰ ਵਿੱਚ ਕੋਚਿੰਗ ਲੈਣ ਲਈ ਆਉਂਦੇ ਹਨ। ਇਸ ਬਾਰੇ ਜਦੋਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਜਗਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਮਾਮਲੇ ਦੀ ਜਾਣਕਾਰੀ ਨਾ ਹੋਣ ਦੀ ਗੱਲ ਆਖਦੇ ਕਿਹਾ ਹੈ ਕਿ ਸਰਕਾਰੀ ਗਡੀ ਨੂੰ ਇਸ ਤਰ੍ਹਾਂ ਦੇ ਕੰਮ ਲਈ ਨਹੀਂ ਵਰਤੀ ਜਾ ਸਕਦੀ ਅਤੇ ਹੋਰ ਉਨ੍ਹਾ ਕਿਹਾ ਹੈ ਕਿ ਦਫ਼ਤਰ ਵਲੋ ਅਜਿਹੇ ਕਿਸੇ ਕੰਮ ਲਈ ਗੱਡੀ ਨਹੀਂ ਭੇਜੀ ਗਈ।ਇਕ ਪਾਸੇ ਸਰਕਾਰ ਇਮੀਗ੍ਰੇਸ਼ਨ ਵਾਲਿਆ ਖ਼ਿਲਾਫ਼ ਸਖ਼ਤੀ ਵਰਤ ਹੈ, ਦੂਜੇ ਪਾਸੇ ਡੇਰਾਬੱਸੀ ਵਿੱਖੇ ਤਹਿਸੀਲ ਸਾਹਮਣੇ ਸਰਕਾਰੀ ਗਡੀ ਇਮੀਗ੍ਰੇਸ਼ਨ ਦਫ਼ਤਰ ਦੇ ਬੈਨਰ ਲਾਉਣ ਲਈ ਵਰਤੀ ਜਾ ਰਹੀ ਹੈ।

## ਡਰੇਨ ਉੱਪਰ ਇੱਕ ਅਣਪਛਾਤੀ ਨੌਜਵਾਨ ਲੜਕੀ ਦੀ ਮਿਲੀ ਲਾਸ਼

**ਮਲੇਰਕੋਟਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਰੋਡ ਮਾਲੇਰਕੋਟਲਾ ਡਰੇਨ ਦੇ ਪੂਲ ਕੋਲ ਲੱਕੜ ਵਾਲੇ ਆਰੇ ਦੇ ਨਾਲ ਦੀ ਜੋ ਰਸਤਾ ਜਾਂਦਾ ਹੈ।ਅੱਜ ਸਵੇਰ ਤੜਕਸਾਰ ਇੱਕ ਨੌਜਵਾਨ ਲੜਕੀ ਦੀ ਲਾਸ਼ ਮਿਲੀ ਲਈ ਅਤੇ ਆਲੇ ਦੁਆਲੇ ਹਫ਼ੜਾ ਡੱਫੜੀ ਮੱਚ ਗਈ ਉਸ ਸਮੇਂ ਉੱਥੇ ਖੜੇ ਕੁਝ ਨੌਜਵਾਨਾਂ ਵੱਲੋਂ ਆਪਣਾ ਨਾਮ ਨਾ ਦੱਸਣ ਦੀ ਸ਼ਰਤ ਤੇ ਦੱਸਿਆ ਕਿ ਇਹ ਲੜਕੀ ਕਿਸੇ ਪ੍ਰਵਾਸੀ ਪਰਿਵਾਰ ਦੀ ਲੱਗਦੀ ਹੈ। ਸਥਾਨਕ ਲੋਕਾਂ ਨੇ ਪੁਲਿਸ ਨੂੰ ਇਤਲਾਹ ਦਿਤੀ, ਤਾਂ ਕੁਝ ਸਮੇਂ ਬਾਅਦ ਹਿੰਮਤਾਨਾ ਚੌਕੀ ਅਤੇ ਥਾਣਾ ਅਮਰਗੜ੍ਹ ਤੋਂ ਪੁਲਸ ਪਾਰਟੀ ਮੌਕੇ ਤੇ ਪਹੁੰਚੀ ਅਤੇ ਬਾਰੀਕੀ ਨਾਲ ਛਾਣ ਬੀਣ ਸ਼ੁਰੂ ਕੀਤੀ,ਉਪਰੰਤ ਲੜਕੀ ਦੀ ਡੈਡ ਬਾਡੀ ਸਰਕਾਰੀ ਹਸਪਤਾਲ ਮਲੇਰਕੋਟਲਾ ਵਿਖੇ ਜਮਾ ਕਰਵਾ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਸਣ ਯੋਗ ਹੈ ਕਿ ਜਿਸ ਥਾਂ ਤੋਂ ਲੜਕੀ ਦੀ ਡੈਡ ਬਾਡੀ ਮਿਲੀ ਹੈ ਉਹ ਰਸਤਾ ਆਮ ਨਹੀਂ ਹੈ ਜਿਸ ਦਾ ਫਾਇਦਾ ਉਠਾਉਂਦਿਆਂ ਦੋਸ਼ੀ ਨੇ ਡੈਡ ਬਾਡੀ ਇਸ ਥਾਂ ਤੇ ਸੁੱਟੀ ਹੈ। ਪੁਲਿਸ ਚੌਕੀ ਹਿੰਮਤਾਨਾ ਤੋਂ ਇੰਚਾਰਜ ਸਕੀਲ ਮੁਹੰਮਦ ਨੇ ਗੱਲ ਕਰਦੇ ਹੋਏ ਦੱਸਿਆ ਕਿ ਸੀਸੀ ਟੀਵੀ ਦੀ ਮਦਦ ਨਾਲ ਛੇਤੀ ਹੀ ਆਰੋਪੀ ਪੁਲਿਸ ਦੇ ਗ੍ਰਿਫਤ ਵਿੱਚ ਹੋਣਗੇ, ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ .

## ਟੂਰਿਸਟ ਬੱਸ ਦਾ ਸੜਕ ਦੇ ਵਿਚਕਾਰ ਖੜ੍ਹੇ ਟਰਾਲੇ ਨਾਲ ਟੱਕਰ; ਦੋ ਯਾਤਰੀਆਂ ਦੀ ਮੌਤ ਦਰਜਨਾਂ ਯਾਤਰੀ ਜ਼ਖ਼ਮੀ



**ਮਾਛੀਵਾੜਾ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਵੇਰੇ ਤੜਕੇ ਸਾਢੇ ਪੰਜ ਵਜੇ ਸਮਰਾਲਾ ਦੇ ਨੇੜਲੇ ਪਿੰਡ ਰੋਹਲਿਆਂ ਦੇ ਕੋਲ ਇੱਕ ਦਰਦਨਾਕ ਹਾਦਸਾ ਹੋਇਆ ਇੱਕ ਟੂਰਿਸਟ ਬੱਸ ਸੜਕ ਦੇ ਵਿਚਾਲੇ ਖੜੇ ਟਰਾਲੇ ਨਾਲ ਦਰਦਨਾਕ ਹਾਦਸਾ ਹੋਇਆ। ਜਿਸ ਵਿੱਚ ਦਰਜਨਾਂ ਯਾਤਰੀ ਜਖਮੀ ਹੋ ਗਏ ਅਤੇ ਦੋ ਯਾਤਰੀਆਂ ਦੀ ਮੌਤ ਹੋ ਗਈ। ਮਰਨ ਵਾਲੀਆਂ ਦੋਨੇ ਔਰਤਾਂ ਸਨ। ਜਖਮੀਆਂ ਨੂੰ ਸਮਰਾਲਾ ਦੇ ਸਿਵਲ ਹਸਪਤਾਲ ਦੇ ਵਿੱਚ ਐਂਬੂਲੈਂਸ ਰਾਹੀਂ ਭੇਜਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ 8 ਮਈ ਨੂੰ ਇਕ ਮਹੀਨੇ ਲਈ ਇੰਦੌਰ ਤੋਂ ਸ਼ੁਰੂ ਹੋਈ ਕਰੀਬ 50 ਤੋਂ 60 ਯਾਤਰੀਆਂ ਦੀ ਧਾਰਮਿਕ ਟੂਰਿਸਟ ਬਸ ਯਾਤਰਾ ਚੱਲ ਰਹੀ ਸੀ ਕਿ ਜਦੋਂ ਯਾਤਰੀ ਰਾਤੀ ਹਰਿਦਵਾਰ ਤੋਂ ਅੰਮ੍ਰਿਤਸਰ ਨੂੰ ਜਾ ਰਹੇ ਸੀ ਤਾਂ ਸਮਰਾਲਾ ਦੇ ਨੜੇਲੇ ਪਿੰਡ ਰੋਹਲੀਆਂ ਦੇ ਕੋਲ ਸਵੇਰੇ 5.30 ਵਜੇ ਸੜਕ ਤੇ ਖੜੇ ਟਰਾਲੇ ਦੇ ਪਿਛਲੇ ਪਾਸੇ ਨਾਲ ਟੂਰਿਸਟ ਬੱਸ ਦੀ ਟੱਕਰ ਹੋ ਗਈ।ਟੱਕਰ ਇਨੀ ਭਿਆਨਕ ਸੀ ਕਿ ਟੂਰਿਸਟ ਬੱਸ ਦਾ ਇੱਕ ਪਾਸੇ ਦਾ ਪਰਖੱਚੇ ਉੜ ਗਏ ਅਤੇ ਮਾਹੌਲ ਚੀਖਾਂ ਵਿੱਚ ਬਦਲ ਗਿਆ। ਹਰ ਕੋਈ ਜਾਨ ਬਚਾਓ ਦੀਆਂ ਚੀਕਾਂ ਮਾਰਨ ਲੱਗ ਗਿਆ। ਇਹ ਦਰਦਨਾਕ ਹਾਦਸੇ ਦੀ ਆਵਾਜ਼ ਦੂਰ ਦੂਰ ਪਿੰਡਾਂ ਤੱਕ ਸੁਣਾਈ ਦਿੱਤੀ ਜਿਸ ਤੋਂ ਬਾਅਦ ਆਲੇ ਦੁਆਲੇ ਪਿੰਡਾਂ ਲੋਕਾਂ ਨੇ ਮੌਕੇ ਤੇ ਪਹੁੰਚ ਕੇ ਲੋਕਾਂ ਨੂੰ ਬੱਸ ਵਿੱਚੋਂ ਬਾਹਰ ਕੱਢਿਆ।ਇਸ ਦੌਰਾਨ ਦੋ ਯਾਤਰੀਆਂ ਦੀ ਮੌਤ ਹੋ ਗਈ ਜੋ ਕਿ ਔਰਤਾਂ ਦੱਸਿਆ ਜਾ ਰਹੀ ਹਨ ਅਤੇ ਦਰਜਨਾਂ ਯਾਤਰੀ ਜਖਮੀ ਹੋ ਗਏ।ਸਮਰਾਲਾ ਪੁਲਿਸ ਮੌਕੇ ਤੇ ਪਹੁੰਚ ਗਈ ਹੈ ਤੇ ਰਾਹਤ ਕਾਰਜ ਵਿੱਚ ਜੁੱਟ ਗਈ।

ਜਖਮੀਆਂ ਨੂੰ ਸਮਰਾਲ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਅਤੇ ਮੁਢਲੀ ਸਹਾਇਤਾ ਸ਼ੁਰੂ ਕਰ ਦਿੱਤੀ ਗਈ ਹੈ

## ਗਰੀਨ ਚੋਣਾਂ ਕਰਵਾਉਣ ਲਈ ਚਲਾਈ ਮੁਹਿੰਮ ਨੂੰ ਮਿਲਿਆ ਭਰਵਾ ਹੁੰਗਾਰਾ

**ਸ੍ਰੀ ਅਨੰਦਪੁਰ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 2024 ਗ੍ਰੀਨ ਇਲੈਕਸ਼ਨ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਇਸ ਦੀ ਲਗਾਤਾਰਤਾ ਵਿਚ ਡਾ.ਹੀਰਾ ਲਾਲ ਆਈ.ਏ.ਐਸ. ਜਨਰਲ ਅਬਜ਼ਰਵਰ ਲੋਕ ਸਭਾ ਹਲਕਾ 06 ਅਨੰਦਪੁਰ ਸਾਹਿਬ ਵਲੋਂ ਕੀਤੀ ਮੀਟਿੰਗ ਵਿਚ ਦਿੱਤੀਆਂ ਹਦਾਇਤਾ ਦੀ ਪਾਲਣਾ ਕਰਦੇ ਹੋਏ ਸੰਦੀਪ ਕੁਮਾਰ ਤਹਿਸੀਲਦਾਰ ਤੇ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਨੇ ਤਹਿਸੀਲ ਕੰਪਲੈਕਸ ਵਿਚ ਬੂਟੇ ਲਗਾਏ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪਾਰਕਾਂ ਦੀ ਸਫ਼ਾਈ ਕੀਤੀ ਜਾ ਰਹੀ ਹੈ। ਵਾਤਾਵਰਣ ਪਲਾਸਟਿਕ ਮੁਕਤ ਕੀਤਾ ਜਾ ਰਿਹਾ ਹੈ ਅਤੇ ਸੜਕਾਂ ਦੇ ਕਿਨਾਰਿਆਂ ਨੂੰ ਵੀ ਪਲਾਸਟਿਕ ਮੁਕਤ ਕੀਤਾ ਜਾ ਰਿਹਾ ਹੈ।

ਨਗਰ ਕੋਸਲ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਤੇ ਪਾਰਕਾਂ ਵਿਚ



ਢੁਕਵੀਆਂ ਥਾਵਾ ਤੇ ਲੋੜੀਦੀ ਮਾਤਰਾ ਵਿੱਚ ਬੂਟੇ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਹੋਰ ਪਾਰਕਾਂ/ਸੜਕਾਂ ਦੇ ਕਿਨਾਰਿਆਂ ਤੇ ਬੂਟੇ ਲਗਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੰਜਮ ਨਾਲ ਪਾਣੀ ਦੀ ਵਰਤੋਂ ਕੀਤੀ ਜਾਵੇ ਅਤੇ ਪਾਣੀ ਦਾ ਦੁਰਉਪਯੋਗ ਨਾ ਕੀਤਾ ਜਾਵੇ। ਵਾਤਾਵਰਣ ਨੂੰ ਈਕੋ ਫਰੈਂਡਲੀ ਬਣਾਇਆ ਜਾਵੇ, ਵੋਟਰ ਵੋਟ ਪਾਉਣ ਤੋ ਪਹਿਲਾ ਯਾਦਗਾਰੀ ਬੂਟਾ ਲਗਾਉਣ ਅਤੇ ਉਸ ਦਾ ਰੱਖ ਰਖਾਓ ਵੀ ਕਰਨ। ਸੰਸਥਾਵਾ ਦੀ ਹਰਿਆਵਲ ਮੁਹਿੰਮ ਵਿਚ ਸਹਿਯੋਗ ਦੇਣ ਇਹ ਸਾਡੇ ਸੁਰੱਖਿਅਤ ਭਵਿੱਖ ਲਈ ਬੇਹੱਦ ਜਰੂਰੀ ਹੈ।

## ਪਟਿਆਲਾ ਕ੍ਰਾਇਮ ਰਿਪੋਰਟ

### ਥਾਣਾ ਭਾਦਸੋ ਪੁਲਿਸ ਨੇ ਕੀਤਾ ਇੱਕ ਵਿਅਕਤੀ ਵਿਰੁੱਧ ਐਕਸਾਈਜ ਐਕਟ ਤਹਿਤ ਕੇਸ ਦਰਜ

**ਪਟਿਆਲਾ, 25 ਮਈ (-ਕੌਮੀ ਪੱਤ੍ਰਿਕਾ ਬਿਊਰੋ-** ਥਾਣਾ ਭਾਦਸੋਂ ਤੋਂ ਪੁਲਿਸ ਨੇ ਇੱਕ ਵਿਅਕਤੀ ਵਿਰੁੱਧ 200 ਲੀਟਰ ਲਾਹਣ ਬਰਾਮਦ ਹੋਣ 'ਤੇ ਐਕਸਾਈਜ਼ ਐਕਟ ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਏ. ਐਸ. ਆਈ. ਮਨਜਿੰਦਰ ਸਿੰਘ ਜੋ ਕਿ ਗੈਰ- ਸਮਾਜਿਕ ਅਨਸਰਾਂ ਦੀ ਭਾਲ ਵਿੱਚ ਬਸ ਸਾਡਾ ਘਣੀਵਾਲ ਵਿਖੇ ਮੌਜੂਦ ਸਨ ਨਨੂੰ ਸੂਚਨਾ ਮਿਲੀ ਕਿ ਰਿੰਕੂ ਪੁੱਤਰ ਕਰਮਵੀਰ ਸਿੰਘ ਵਾਸੀ ਪਿੰਡ ਅਸੰਧ ਜਿਲਾ ਕਰਨਾਲ ਹਰਿਆਣਾ ਹਾਲ ਪਿੰਡ ਛੋਟੀ ਘਣੀਵਾਲ ਥਾਣਾ ਭਾਦਸੋਂ ਨੇ ਘਰ ਅੰਦਰ ਬਣੇ ਸੂਰਾਂ ਵਾਲੇ ਬਾੜੇ ਵਿੱਚ ਲਾਹਣ ਰੱਖੀ ਹੋਈ ਹੈ, ਜਿਸ 'ਤੇ ਜਦੋਂ ਰੇਡ ਕੀਤੀ ਗਈ ਤਾਂ 200 ਲੀਟਰ ਲਾਹਣ ਬਰਾਮਦ ਹੋਈ, ਜਿਸ 'ਤੇ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਰਪਿੰਦਰ ਸਿੰਘ ਚੈਹਿਲ ਨੇ 91 ਸਾਲ ਵਿੱਚ ਵੋਟ ਪਾ ਕੇ ਆਪਣੇ ਵੋਟ ਦੇ ਅਧਿਕਾਰ ਦੀ ਕੀਤੀ ਵਰਤੋਂ

**ਪਟਿਆਲਾ, 25 ਮਈ-ਕੌਮੀ ਪੱਤ੍ਰਿਕਾ ਬਿਊਰੋ-** ਭਾਰਤੀ ਚੋਣ ਕਮਿਸ਼ਨ ਵੱਲੋਂ 85 ਸਾਲ ਤੋਂ ਉੱਪਰ ਦੇ ਬੁਜਰਗਾ ਦੀ ਵੋਟ ਘਰ ਤੋਂ ਪਵਾਉਣ ਲਈ ਪਹਿਲ ਕਦਮੀ ਕੀਤੀ ਹੈ ਤਾਂ ਜੋ ਬੁਜਰਗਾ ਨੂੰ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਪ੍ਰੇਸ਼ਾਨੀ ਨਾ ਆਵੇ ਇਸ ਤਹਿਤ ਸਰਦਾਰ ਨਰਿੰਦਰ ਸਿੰਘ ਚੈਹਿਲ ਜੀ ਨੇ 91 ਸਾਲ ਦੀ ਉਮਰ ਵਿੱਚ ਵੋਟ ਪਾ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ।



ਨਰਪਿੰਦਰ ਸਿੰਘ ਚੈਹਿਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ

## ਡਾਕਟਰ ਗੁਰਪ੍ਰੀਤ ਮਾਨ ਨੇ ਆਪ ਉਮੀਦਵਾਰ ਮੀਤ ਹੇਅਰ ਦੇ ਹੱਕ ਦੇ ਵਿਚ ਕੀਤਾ ਚੋਣ ਪ੍ਰਚਾਰ

**ਧੂਰੀ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਇੱਕ ਪਾਰਟੀ ਆਪਣੇ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਓਹਨਾ ਦੇ ਇਲਾਕੇ ਦੇ ਵਿਚ ਪਹੁੰਚ ਰਹੇ ਹਨ ਜਿਸ ਦੇ ਚਲਦੇ ਹੋਏ ਅੱਜ ਧੂਰੀ ਵਿਚ ਡਾਕਟਰ ਗੁਰਪ੍ਰੀਤ ਮਾਨ ਭਗਵੰਤ ਮਾਨ ਜੀ ਦੀ ਧਰਮ ਪਤਨੀ ਮੀਤ ਹੇਅਰ ਦੇ ਹੱਕ ਦੇ ਵਿਚ ਪ੍ਰਚਾਰ ਕਰਨ ਲਈ ਪਹੁੰਚੇ ਅਤੇ ਓਹਨਾ ਨੇ ਲੋਕਾਂ ਵਿਚ ਵਿਚਰ ਕੇ ਵੋਟ ਦੇ ਅਧਿਕਾਰ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਅਤੇ ਓਹਨਾ ਨੇ ਬੋਲਦੇ ਹੋਏ ਕਿਹਾ ਕਿ ਜਦੋਂ ਤੋਂ ਪੰਜਾਬ ਸਰਕਾਰ ਬਣੀ ਹੈ ਓਦੋਂ ਤੋਂ ਹੀ ਕੰਮ ਦੀ ਝੜੀ ਲੱਗੀ ਹੋਈ ਹਿਆ ਜਿਵੇਂ ਕੇ ਧੂਰੀ ਦਾ ਰਜਵਾਹਾ ਜਿਸ ਨੂੰ ਢਕਿਆ ਅਤੇ ਅੱਜ ਉਸ ਉਪਰ ਅੱਜ ਬੱਚੇ ਖੇਡ ਦੇ ਹਨ ਅਤੇ ਬਜ਼ੁਰਗ ਸੈਰ ਕਰਦੇ ਹੋਏ ਨਜ਼ਰ ਆਉਂਦੇ ਹਨ ਦੂਸਰਾ ਸ਼ਹਿਰ ਦਾ ਸਰਕਾਰੀ ਹਸਪਤਾਲ ਜਿਸ ਵਿਚ ਮਸ਼ੀਨਾਂ ਦੀ ਕਮੀਂ ਸੀ ਅਤੇ ਓਥੇ ਡਾਕਟਰ ਵੀ ਨਹੀਂ ਸਨ ਹੁਣ ਉਸਨੇ ਨਵੀਨੀਕਰਨ ਹੋਣਾ ਸ਼ੁਰੂ ਹੋ ਗਿਆ ਹੈ ਜਿਸ ਵਿਚ ਮਸ਼ੀਨਾਂ ਵੀ ਜਲਦੀ ਆ ਜਾਣਗੀਆਂ ਅਤੇ ਡਾਕਟਰ ਵੀ ਪੂਰੇ ਹੋ ਜਾਣਗੇ ਤੀਸਰਾ ਕੰਮ ਜੋ ਮੈਨੂੰ ਹਰ ਇੱਕ ਮਹਿਲਾ ਤੋਂ ਮੇਰੇ ਕੋਲ ਆਉਂਦਾ ਹੈ ਕੇ ਓਹਨਾ ਦੇ ਖਾਤੇ ਵਿਚ ਕਦੋਂ ਆਉਣਗੇ 1000 ∵1000 ਰੁਪਏ ਮੈਂ ਤੁਹਾਡੇ ਨਾਲ ਵਾਅਦਾ ਕਰਦੀ ਹਾਂ ਕੇ ਇਹਨਾਂ ਵੋਟਾਂ ਤੋਂ ਬਾਅਦ ਹੈ ਇੱਕ ਮਹਿਲਾ ਦੇ ਖਾਤੇ ਵਿੱਚ ਪੈਸੇ ਪੈਣੇ ਸ਼ੁਰੂ ਹੋ ਜਾਣਗੇ।



ਓਹਨਾ ਕਿਹਾ ਕਿ ਇੱਕ ਮਹਿਲਾ ਹੀ ਹੁੰਦੀ ਹੈ ਜਿਨਾ ਦੀ ਵੋਟ ਜਿਆਦਾ ਹੁੰਦੀ ਹੈ ਕਿਉਂਕਿ ਜਿਹੜੇ ਮਰਦ ਹੁੰਦੇ ਹਨ ਉਹ ਆਪਣੇ ਆਪਣੇ ਕੰਮ ਉਪਰ ਚਲੇ ਜਾਂਦੇ ਹਨ ਅਤੇ ਔਰਤਾਂ ਹੀ ਘਰ ਵਿਚ ਹੁੰਦੀਆ ਹਨ ਮੈਂ ਓਹਨਾ ਨੂੰ ਅਪੀਲ।ਕਰਦੀ ਹਾਂ ਕੇ ਗਰਮੀ ਤੋਂ ਡਰਨ ਦੀ ਲੋੜ ਨਹੀਂ ਆਪਣੀ ਵੋਟ ਦਾ ਅਧਿਕਾਰ ਪੂਰੀ ਤਰਾਂ ਇਸਤੇਮਾਲ ਕਰਨਾ ਹੈ ਸਿਰਫ ਮਹਿਲਾਵਾਂ ਹੋ ਹਨ।ਜੋਂ ਸਾਡਾ ਵੋਟ ਬੈਂਕ ਹਨ ਇਸ ਲਈ ਉਹ ਜਿਆਦਾ ਤੋਂ ਜਿਆਦਾ ਇਸ ਵੱਲ ਧਿਆਨ ਦੇਣ ਬਾਕੀ ਸਾਡਾ ਮੀਤ ਹੇਅਰ ਜੋਂ ਉਮੀਦਵਾਰ ਹੈ ਬਹੁਤ ਹੀ ਨੌਜਵਾਨ ਅਤੇ ਲੋਕ ਹਿਤੈਸ਼ੀ ਸੋਚ ਰੱਖਣ ਵਾਲਾ ਵਿਅਕਤੀ ਹੈ ਉਸਦੇ ਆਉਣ ਨਾਲ ਸੰਗਰੂਰ ਨੂੰ ਇੱਕ ਨਵੀਂ ਸੋਚ ਮਿਲੇਗੀ ਅਤੇ ਜੀ ਵੀ ਕੰਮ ਰਹਿ ਗਏ ਹਨ ਜਲਦੀ ਹੀ ਪੂਰੇ ਹੋਣਗੇ।

## ਪਟਿਆਲਾ ਜ਼ਿਲ੍ਹੇ 'ਚ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਦੇ ਹੁਕਮ

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਡਰੋਨ ਉਡਾਉਣ, ਅਨਮੈਨਡ ਏਰੀਅਲ ਵਹੀਕਲ, ਰਿਮੋਟ ਕੰਟਰੋਲਡ ਮਾਈਕਰੋ ਲਾਈਟ ਏਅਰ ਕਰਾਫ਼ਟ, ਆਰਮਡਜ਼ ਪਰਸਨ ਫਲਾਈ ਪੈਰਾ ਗਲਾਈਡਰਜ਼, ਪੈਰਾ ਮੋਟਰਜ਼, ਬੈਲੂਨ ਅਤੇ ਕਿਸੇ ਵੀ ਸਮਾਗਮ (ਵਿਆਹ ਜਾਂ ਹੋਰ ਸਮਾਗਮਾਂ) ਵਿੱਚ ਵੀ ਡਰੋਨ ਉਡਾਉਣ ਆਦਿ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 25 ਮਈ 2024 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਵੀ.ਵੀ.ਆਈ.ਪੀ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਪੂਰੇ ਪਟਿਆਲਾ ਜ਼ਿਲ੍ਹੇ ਵਿੱਚ ਡਰੋਨ ਉਡਾਉਣ, ਅਨਮੈਨਡ ਏਰੀਅਲ ਵਹੀਕਲ, ਰਿਮੋਟ ਕੰਟਰੋਲਡ ਮਾਈਕਰੋ ਲਾਈਟ ਏਅਰ ਕਰਾਫ਼ਟ, ਆਰਮਡਜ਼ ਪਰਸਨ ਫਲਾਈ ਪੈਰਾ ਗਲਾਈਡਰਜ਼, ਪੈਰਾ ਮੋਟਰਜ਼, ਬੈਲੂਨ ਅਤੇ ਕਿਸੇ ਵੀ ਸਮਾਗਮ ਵਿੱਚ ਵੀ ਡਰੋਨ ਉਡਾਉਣ ਆਦਿ 'ਤੇ ਮੁਕੰਮਲ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ।

# ਕਾਂਗਰਸ ਨੇ ਦੇਸ਼ ਨੂੰ ਹਮੇਸ਼ਾ ਜ਼ਖ਼ਮ ਦਿੱਤੇ, ਮਾਨ ਖ਼ੁਦ ਕੋਈ ਫ਼ੈਸਲਾ ਨਹੀਂ ਕਰਦੇ ਤੇ ਦਿੱਲੀ ਤੋਂ ਹੁਕਮ ਲੈਂਦੇ ਨੇ: ਮੋਦੀ

**ਗੁਰਦਾਸਪੁਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਗੁਰਦਾਸਪੁਰ ਵਿੱਚ ਭਾਜਪਾ ਦੀ ਫ਼ਤਿਹ ਚੋਣ ਰੈਲੀ ਦੌਰਾਨ ਕਾਂਗਰਸ ਤੇ ਆਪ ਦੇ ਨਾਲ ਨਾਲ ਸਮੁੱਚੇ ਇੰਡੀਆ ਗੱਠਜੋੜ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਦੇਸ਼ ਨੂੰ ਹਮੇਸ਼ਾ ਜ਼ਖ਼ਮ ਦਿੱਤੇ ਹਨ। ਸਭ ਤੋਂ ਵੱਡਾ ਜ਼ਖ਼ਮ ਦੇਸ਼ ਦੀ ਵੰਡ ਦਾ ਹੈ। ਦਿੱਲੀ 'ਚ ਸਿੱਖਾਂ ਦਾ ਕਤਲੇਆਮ ਕਰਵਾਇਆ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਆਉਣ ਬਾਅਦ ਦਿੱਲੀ ਕਤਲੇਆਮ ਦੀਆਂ ਫਾਈਲਾਂ ਖੋਲ੍ਹੀਆਂ ਗਈਆਂ ਤੇ ਦੋਸ਼ੀਆਂ ਨੂੰ ਸਜ਼ਾ ਮਿਲੀ। ਸ੍ਰੀ ਮੋਦੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਸ਼ਹਿਜ਼ਾਦੇ ਦੀ ਗੱਲ ਨਾ ਮੰਨੀ ਤਾਂ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ 'ਤੇ ਸ਼ਬਦੀ ਹਮਲੇ ਕਰਦੇ ਹੋਏ ਕਿਹਾ ਕਿ ਇੱਥੋਂ ਦੀ ਸਰਕਾਰ ਰਿਮੋਟ ਨਾਲ ਚੱਲ ਰਹੀ ਹੈ ਕਿਉਂਕਿ ਮੁੱਖ ਮੰਤਰੀ ਆਪ ਕੋਈ ਵੀ ਫ਼ੈਸਲਾ ਨਹੀਂ ਲੈ ਸਕਦੇ। ਇਸ ਲਈ ਹੁਕਮ ਲੈਣ ਵਾਸਤੇ ਉਹ ਤਿਹਾੜ ਜੇਲ੍ਹ ਗਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਅੰਦੋਲਨ 'ਚ ਸਿੱਖਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਉਨ੍ਹਾਂ ਕਿਹਾ ਕਿ ਗੁਰਦਾਸਪੁਰ ਤੋਂ ਭਾਜਪਾ ਦਾ ਰਿਸ਼ਤਾ ਕੁਝ ਖ਼ਾਸ ਹੈ। ਪੰਜਾਬ @ਚ ਆਪਣੇ ਬਹੁਤ ਪੁਰਾਣੇ ਸਾਥੀਆਂ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਮੇਰਾ ਸਾਥੀ ਵਿਨੋਦ ਖੰਨਾ ਨੇ ਮੇਰੇ ਨਾਲ ਲੰਮੇ ਅਰਸੇ ਤੱਕ ਕੰਮ ਕੀਤਾ ਹੈ। ਖੰਨਾ ਜ਼ਮੀਨ ਨਾਲ ਜੁੜੇ ਆਗੂ ਸਨ, ਤੇ ਮੰਤਰੀ ਰਹਿੰਦਿਆਂ ਉਨ੍ਹਾਂ ਦੇ ਕੀਤੇ ਕੰਮਾਂ ਦੀ ਚਰਚਾ ਅੱਜ ਵੀ ਹੁੰਦੀ ਹੈ।ਉਨ੍ਹਾਂ ਕਿਹਾ ਮੈਂ ਚਾਹੁੰਦਾ ਹਾਂ ਗੁਰਦਾਸਪੁਰ, ਪੰਜਾਬ ਅਤੇ ਪੂਰੇ ਦੇਸ਼ ਦਾ ਤੇਜ਼ ਵਿਕਾਸ ਹੋਵੇ ਅਤੇ ਮੈਂ ਤੁਹਾਡੀਆਂ ਉਮੀਦਾਂ @ਤੇ ਖੜ੍ਹਾ ਉਤਰਾਂਗਾ, ਇਸ ਲਈ ਮੈਂ ਅੱਜ ਤੁਹਾਡੇ ਤੋਂ ਆਸ਼ੀਰਵਾਦ ਮੰਗਣ ਲਈ ਆਇਆ ਹਾਂ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ 2024 ਦੀਆਂ ਚੋਣਾ ਦੇਸ਼ ਨੂੰ ਅੱਗੇ ਵਧਾਉਣ ਲਈ ਹੈ। ਉਨ੍ਹਾਂ ਕਿਹਾ ਤੁਸੀਂ ਲੋਕਾਂ ਨੇ ਇੰਡੀਆ ਗੰਠਜੋੜ ਨੂੰ ਹਰਾ ਕੇ ਅਤੇ ਭਾਜਪਾ ਦੇ ਕਮਲ ਦੇ ਫੁੱਲ ਦਾ ਚੋਣ ਨਿਸ਼ਾਨ ਦਬਾ ਕੇ ਆਪਣੇ ਸੁਫ਼ਨਿਆਂ ਨੂੰ



ਪੂਰਾ ਕਰਨਾ ਹੈ। ਉਨ੍ਹਾਂ ਕਿਹਾ ਤੁਹਾਨੂੰ ਪਤਾ ਹੀ ਹੈ ਕੇਂਦਰ ਜਾਂ ਤੁਹਾਡੇ ਜ਼ਿਲ੍ਹਿਆਂ @ਚ ਮੋਦੀ ਦੀ ਸਰਕਾਰ ਹੀ ਬਣੇਗੀ ਅਤੇ 90 ਫੀਸਦੀ ਲੋਕ ਇਹ ਹੀ ਬੋਲਣਗੇ ਕਿ ਮੋਦੀ ਦੀ ਸਰਕਾਰ ਬਣਨਾ ਪੱਕਾ ਹੈ ਜੇਕਰ ਹਿਸਾਬ ਸਾਫ਼ ਹੈ ਤਾਂ ਕੋਈ ਆਪਣੀਆਂ ਵੋਟਾਂ ਬਰਬਾਦ ਕਿਉਂ ਕਰੇਗਾ।

ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ 2024 ਦੀਆਂ ਚੋਣਾਂ ਦੇਸ਼ ਨੂੰ ਮਜ਼ਬੂਤ ਬਣਾਉਣ ਦੀਆਂ ਚੋਣਾਂ ਹਨ। ਪੰਜਾਬ ਦੇ ਲੋਕ ਵੋਟ ਖ਼ਰਾਬ ਨਾ ਕਰਨ ਤੁਸੀਂ ਵੀ ਆਪਣੀ ਵੋਟ ਭਾਜਪਾ ਨੂੰ ਦਿਓ ਅਤੇ ਸਰਕਾਰ ਬਣਾਨਾ ਵੀ ਤੈਅ ਹੈ। ਇਕ ਪਾਸੇ ਭਾਜਪਾ ਅਤੇ ©41 ਹੈ। ਦੂਜੇ ਪਾਸੇ ਭ੍ਰਿਸ਼ਟਾਚਾਰੀਆਂ ਦਾ @ਇੰਡੀਆ@ ਗਠਜੋੜ ਹੈ। ਉਨ੍ਹਾਂ ਕਿਹਾ ਜਦੋਂ ਦੇਸ਼ ਦੇ ਵਿਕਾਸ ਦੀ ਗੱਲ ਆਉਂਦੀ ਹੈ ਤਾਂ ਕਾਂਗਰਸ ਪਾਰਟੀ ਤੁਹਾਨੂੰ ਸਭ ਤੋਂ ਪਿੱਛੇ ਖੜ੍ਹੀ ਨਜ਼ਰ ਆਵੇਗੀ।

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਤਰਨਜੀਤ ਸਿੰਘ ਸੰਧੂ ਦੀ ਤਾਰੀਫ਼**

ਦੀਨਾਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਰਨਜੀਤ ਸਿੰਘ ਸੰਧੂ ਦੀ ਰੱਜ ਕੇ ਤਾਰੀਫ ਕੀਤੀ ਹੈ। ਦੋ ਦਿਨਾਂ ਪੰਜਾਬ ਦੌਰੇ @ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰਦਾਸਪੁਰ ਵਿਚ ਵੱਡੀ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤਰਨਜੀਤ ਸੰਧੂ ਉਨ੍ਹਾਂ ਦੀ ਸੰਤਾਨ (ਤੇਜਾ ਸਿੰਘ ਸਮੁੰਦਰੀ ਦੀ) ਹਨ ਜਿਨ੍ਹਾਂ ਨੇ ਸਿੱਖੀ ਲਈ ਆਪਣਾ ਜੀਵਨ ਦੇ ਦਿੱਤਾ। ਮੈਂ 10 ਸਾਲ ਤਰਨਜੀਤ ਸਿੰਘ ਸੰਧੂ ਨਾਲ ਮਿਲ ਕੇ ਕੰਮ ਕਰਦਾ ਰਿਹਾ। ਇਨ੍ਹਾਂ ਨੇ ਅਮਰੀਕਾ ਵਿਚ ਭਾਰਤ ਦੀ ਸਾਖ ਵਧਾਉਣ ਦਾ ਕੰਮ ਕੀਤਾ। ਇਹ ਉਨ੍ਹਾਂ ਦੀ ਸੰਤਾਨ ਹਨ, ਜਿਨ੍ਹਾਂ ਨੇ ਸਿੱਖੀ ਲਈ ਆਪਣਾ ਜੀਵਨ ਵਾਰਿਆ। ਹੁਣ ਇਹ ਅੰਮ੍ਰਿਤਸਰ ਤੋਂ ਭਾਜਪਾ ਵਲੋਂ ਲੋਕ ਸਭਾ ਚੋਣ ਲੜ ਰਹੇ ਹਨ। ਦੱਸਣਯੋਗ ਹੈ ਕਿ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਤਰਨਜੀਤ ਸਿੰਘ ਸੰਧੂ ਨੂੰ ਭਾਜਪਾ ਨੇ ਅੰਮ੍ਰਿਤਸਰ ਤੋਂ ਮੈਦਾਨ ਵਿਚ ਉਤਾਰਿਆ ਹੈ। ਤਰਨਜੀਤ ਸੰਧੂ ਉੱਘੀ ਸਿੱਖ ਸ਼ਖ਼ਸੀਅਤ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ।

# ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟ ਫ਼ੀਸਦ ਅੰਕੜਿਆਂ ਨੂੰ ਅਪਲੋਡ ਕਰਨ ਬਾਰੇ ਹੁਕਮ ਦੇਣ ਤੋਂ ਇਨਕਾਰ ਕੀਤਾ

**ਨਵੀਂ ਦਿੱਲੀ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਐਨਜੀਓ ਦੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟ ਫ਼ੀਸਦ ਦੇ ਅੰਕੜਿਆਂ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨ ਬਾਰੇ ਕੋਈ ਨਿਰਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੇ ਛੁੱਟੀ ਵਾਲੇ ਬੈਂਚ ਨੇ ਕਿਹਾ ਕਿਹਾ ਕਿ ਵੋਟਿੰਗ ਦੇ ਪੰਜ ਪੜਾਅ ਪੂਰੇ ਹੋ ਚੁੱਕੇ ਹਨ, ਦੋ ਬਾਕੀ ਹਨ। ਚੋਣ ਕਮਿਸ਼ਨ ਲਈ ਵੈੱਬਸਾਈਟ 'ਤੇ ਵੋਟ ਫ਼ੀਸਦ ਦੇ ਅੰਕੜੇ ਅਪਲੋਡ ਕਰਨ ਦੇ ਕੰਮ ਵਿਚ ਲੋਕਾਂ ਨੂੰ ਸ਼ਾਮਲ ਕਰਨਾ ਮੁਸ਼ਕਲ ਹੈ। ਸਿਖਰਲੀ ਅਦਾਲਤ ਨੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ



ਰਿਫਾਰਮਜ਼ (ਏਡੀਆਰ) ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਚੋਣ ਕਮਿਸ਼ਨ ਨੂੰ ਮਤਦਾਨ ਕੇਂਦਰ ਵਾਰ ਵੋਟ ਫੀਸਦ ਦੇ ਅੰਕੜੇ ਵੈੱਬਸਾਈਟ 'ਤੇ ਅਪਲੋਡ ਕਰਨ ਲਈ ਨਿਰਦੇਸ਼ ਦੇਣ ਲਈ ਕਿਹਾ ਸੀ।

# ਮਾਨਤਾ ਪ੍ਰਾਪਤ ਪੱਤਰਕਾਰਾਂ ਨੇ ਪੋਸਟਲ ਬੈਲੇਟ ਪੇਪਰ ਜਰੀਏ ਉਤਸ਼ਾਹ ਨਾਲ ਪਾਈਆਂ ਵੋਟਾਂ



ਜ਼ਰੂਰੀ ਸੇਵਾਵਾਂ ਸ਼੍ਰੇਣੀ ਵਿੱਚ ਸ਼ਾਮਲ ਫਾਇਰ ਬ੍ਰਿਗੇਡ ਦਾ ਅਮਲਾ ਆਪਣੀ ਵੋਟ ਪੋਸਟਲ ਬੈਲੇਟ ਜਰੀਏ ਪਾਉਣ ਤੋਂ ਬਾਅਦ।

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਵੱਲੋਂ ਹਰ ਇੱਕ ਵੋਟ ਨੂੰ ਕੀਮਤੀ ਜਾਣਦੇ ਹੋਏ ਹਰੇਕ ਯੋਗ ਵੋਟਰ ਦੀ ਵੋਟ ਪੁਆਉਣੀ ਯਕੀਨੀ ਬਣਾਈ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਜ਼ਰੂਰੀ ਸੇਵਾਵਾਂ ਸ਼੍ਰੇਣੀ 'ਚ ਸ਼ਾਮਲ ਵਿਭਾਗਾਂ ਦੇ ਸਟਾਫ਼ ਅਤੇ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੋਸਟਲ ਬੈਲੇਟ ਪੇਪਰ ਜਰੀਏ ਵੋਟਾਂ ਪਾਉਣ ਦੀ ਦਿੱਤੀ ਸਹੂਲਤ ਦਾ ਲਾਭ ਉਠਾਉਂਦਿਆਂ ਅੱਜ ਪੱਤਰਕਾਰਾਂ ਅਤੇ ਸਰਕਾਰੀ ਵਿਭਾਗਾਂ ਦੇ ਮੁਲਾਜਮਾਂ ਨੇ ਉਤਸ਼ਾਹ ਨਾਲ ਆਪਣੀਆਂ ਵੋਟਾਂ ਪਾਈਆਂ।

ਇਸ ਵਾਰੇ ਵਧੇਰੇ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਪੋਸਟਲ ਬੈਲਟ ਰਾਹੀਂ ਦਿੱਤੀ ਇਸ ਸੁਵਿਧਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਆਪਣੀ ਡਿਊਟੀ ਦੇ ਫਰਜ਼ ਕਾਰਨ ਵੋਟ ਪਾਉਣ ਤੋਂ ਵਾਂਝਾ ਨਾ ਰਹੇ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਫਾਰਮ 12-ਡੀ ਭਰਨ ਵਾਲੇ ਪੱਤਰਕਾਰਾਂ ਤੇ ਮੁਲਾਜਮਾਂ ਦੀਆਂ ਵੋਟਾਂ 23, 24 ਤੇ 25 ਮਈ ਨੂੰ ਪੁਆਉਣ ਲਈ ਪੀ.ਆਰ.ਟੀ.ਸੀ. ਦੇ ਮੁੱਖ ਦਫ਼ਤਰ, ਨਾਭਾ ਰੋਡ ਵਿਖੇ ਪੋਸਟਲ ਵੋਟਿੰਗ ਕੇਂਦਰ ਸਥਾਪਤ ਕੀਤਾ ਸੀ, ਜਿੱਥੇ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਇਹ ਵੋਟਾਂ ਪੁਆਈਆਂ ਗਈਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਨੇ ਜਾਰੀ ਨੋਟੀਫਿਕੇਸ਼ਨ ਅਨੁਸਾਰ, ਵੱਖ-ਵੱਖ ਵਿਭਾਗਾਂ ਸਮੇਤ ਮੀਡੀਆ ਕਰਮੀਆਂ ਨੂੰ ਵੀ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 60 (ਸੀ) ਦੇ ਤਹਿਤ ਪੋਸਟਲ ਬੈਲਟ ਰਾਹੀਂ ਲੋਕ ਸਭਾ ਚੋਣਾਂ 2024 ਵਿੱਚ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਸੀ, ਇਸ ਤਰ੍ਹਾਂ ਪਟਿਆਲਾ ਜ਼ਿਲ੍ਹੇ ਵਿੱਚ 15 ਪੱਤਰਕਾਰਾਂ ਤੋਂ ਇਲਾਵਾ ਕੁਲ 185 ਵੋਟਰਾਂ ਨੇ ਫਾਰਮ 12 ਡੀ ਭਰਿਆ ਸੀ। ਜਦਕਿ 43 ਵੋਟਰ ਬਾਹਰਲੇ ਜ਼ਿਲ੍ਹਿਆਂ ਦੇ ਸਨ, ਜਿਨ੍ਹਾਂ ਦੀਆਂ ਵੋਟਾਂ ਉਨ੍ਹਾਂ ਦੇ ਆਪਣੇ ਜ਼ਿਲ੍ਹਿਆਂ ਵਿੱਚ 1 ਜੂਨ ਤੋਂ ਪਹਿਲਾਂ ਪੁਆਉਣ ਦੇ ਪ੍ਰਬੰਧ ਕੀਤੇ ਗਏ ਹਨ।

# ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਦੀ ਜੀਪ ਪਲਟੀ, ਮਾਂ-ਧੀ ਤੇ ਦੋ ਬੱਚਿਆਂ ਦੀ ਮੌਤ, 12 ਜ਼ਖ਼ਮੀ



**ਮਾਛੀਵਾੜਾ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਨੇੜੇ ਸਰਹਿੰਦ ਨਹਿਰ ਦੇ ਬਹਿਲੋਲਪੁਰ ਪੁਲ ਕੋਲ ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਦੀ ਜੀਪ ਨਹਿਰ ਕਿਨਾਰੇ ਪਲਟ ਗਈ, ਜਿਸ ਵਿਚ ਮਾਂ-ਧੀ ਮਹਿੰਦਰ ਕੌਰ (65) ਅਤੇ ਕਰਮਜੀਤ ਕੌਰ (52) ਤੇ ਦੋ ਬੱਚਿਆਂ ਦੀ ਮੌਤ ਹੋ ਗਈ। ਇਨ੍ਹਾਂ 'ਚੋਂ ਇਕ ਪਛਾਣ ਗਗਨਜੋਤ ਕੌਰ (15) ਵਜੋਂ ਹੋਈ ਹੈ। ਇੱਕ ਹੋਰ ਬੱਚਾ ਸੁਖਪ੍ਰੀਤ ਸਿੰਘ (7) ਨਹਿਰ ਵਿਚ ਰੁੜ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਪਾਇਲ ਅਧੀਨ ਨਿਜ਼ਾਮਪੁਰ, ਡਾਂਗੋਵਾਲ ਅਤੇ ਛਿਬੜਾ ਦੇ ਕਰੀਬ 15 ਤੋਂ ਵੱਧ ਔਰਤਾਂ, ਬੱਚੇ ਤੇ ਪੁਰਸ਼ ਕੱਲ੍ਹ ਡੇਰਾ ਬਾਬਾ ਵਡਭਾਗ ਸਿੰਘ ਦੇ ਮੱਥਾ ਟੇਕਣ ਗਏ ਸਨ। ਇਹ ਸਾਰੇ ਪਰਿਵਾਰਕ ਮੈਂਬਰ ਨਵੀਂ ਮਹਿੰਦਰਾ ਪਿਕਅੱਪ ਜੀਪ 'ਤੇ ਸਵਾਰ ਹੋ ਕੇ ਮੱਥਾ ਟੇਕਣ ਉਪਰੰਤ ਅੱਜ ਜਦੋਂ ਸਵੇਰੇ ਵਾਪਸ ਆਪਣੇ ਪਿੰਡ ਜਾ ਰਹੇ ਸਨ ਤਾਂ ਪਿੰਡ ਬਹਿਲੋਲਪੁਰ ਕੋਲ ਸਰਹਿੰਦ ਨਹਿਰ ਕਿਨਾਰੇ ਗੱਡੀ ਦਾ ਸੰਤੁਲਨ ਵਿਗੜ ਗਿਆ ਤੇ ਸੜਕ ਤੋਂ ਕਰੀਬ 30 ਫੁੱਟ ਥੱਲੇ ਨਹਿਰ ਕਿਨਾਰੇ ਜਾ ਡਿੱਗੀ। ਬੇਸ਼ੱਕ ਦਰੱਖਤਾਂ ਕਾਰਨ ਗੱਡੀ ਨਹਿਰ ਵਿਚ ਡਿੱਗਣ ਤੋਂ ਬਚਾਅ ਹੋ ਗਿਆ ਪਰ ਬੱਚਾ ਸੁਖਪ੍ਰੀਤ ਸਿੰਘ ਪਾਣੀ ਵਿਚ ਜਾ ਡਿੱਗਾ ਤੇ ਰੁੜ ਗਿਆ, ਜਦਕਿ ਬਾਕੀ ਸਾਰੇ ਗੰਭੀਰ ਜ਼ਖ਼ਮੀ ਹੋ ਗਏ। ਇਸ ਹਾਦਸੇ ਵਿਚ 2 ਬੱਚਿਆਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਮਹਿੰਦਰ ਤੇ ਕਰਮਜੀਤ ਕੌਰ ਨੇ ਹਸਪਤਾਲ ਵਿਚ ਇਲਾਜ ਅਧੀਨ ਦਮ ਤੋੜ ਦਿੱਤਾ। ਚਮਕੌਰ ਸਾਹਿਬ ਹਸਪਤਾਲ ਵਿਚ ਜ਼ਖ਼ਮੀ ਹੋਏ 12 ਸ਼ਰਧਾਲੂਆਂ ਦਾ ਇਲਾਜ ਚੱਲ ਰਿਹਾ ਹੈ, ਜਿਨ੍ਹਾਂ 'ਚੋਂ ਕਾਫ਼ੀ ਦੀ ਹਾਲਤ ਗੰਭੀਰ ਹੈ। ਮੌਕੇ 'ਤੇ ਇਕੱਤਰ ਲੋਕਾਂ ਵਲੋਂ ਕਰੇਨ ਮੰਗਵਾ ਕੇ ਗੱਡੀ ਨੂੰ ਬਾਹਰ ਕੱਢਿਆ ਗਿਆ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ।

ਜ਼ਖ਼ਮੀਆਂ ਵਿਚ ਅਮਨਪ੍ਰੀਤ ਕੌਰ ਵਾਸੀ ਸਿਹੋੜਾ, ਸਰੂਪ ਸਿੰਘ ਵਾਸੀ ਚੀਮਾ, ਪ੍ਰਿਤਪਾਲ ਕੌਰ ਵਾਸੀ ਸਿਹੋੜਾ, ਰੂਪ ਸਿੰਘ ਵਾਸੀ ਲੱਧੜ, ਸੰਦੀਪ ਕੌਰ ਵਾਸੀ ਨਿਜ਼ਾਮਪੁਰ, ਪ੍ਰਵੀਨ ਕੌਰ ਵਾਸੀ ਨਿਜ਼ਾਮਪੁਰ, ਬਲਜਿੰਦਰ ਸਿੰਘ ਵਾਸੀ ਸਿਹੋੜਾ, ਸੁਖਵੀਰ ਕੌਰ ਫਲੌਂਡ, ਗਿਆਨ ਕੌਰ ਵਾਸੀ ਨਿਜ਼ਾਮਪੁਰ, ਮਨਪ੍ਰੀਤ ਕੌਰ ਵਾਸੀ ਡਾਂਗੋ, ਜੀਵਨ ਸਿੰਘ ਵਾਸੀ ਸਿਹੋੜਾ, ਗੁਰਪ੍ਰੀਤ ਸਿੰਘ ਵਾਸੀ ਨਿਜ਼ਾਮਪੁਰ ਸ਼ਾਮਲ ਹਨ।

# ਚੋਣ ਮੁਹਿੰਮ ਨਾਲ ਸਬੰਧਤ ਗਤੀਵਿਧੀਆਂ ਦੀ ਪ੍ਰਵਾਨਗੀ ਲਈ ਪੰਜਾਬ ਭਰ 'ਚ 12,583 ਅਰਜ਼ੀਆਂ ਪ੍ਰਾਪਤ ਹੋਈਆਂ: ਸਿਬਿਨ ਸੀ

**ਚੰਡੀਗੜ੍ਹ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੋਕ ਸਭਾ ਚੋਣਾਂ 2024 ਦੌਰਾਨ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਚੋਣ ਮੁਹਿੰਮ ਨਾਲ ਸਬੰਧਤ ਗਤੀਵਿਧੀਆਂ ਦੀ ਪ੍ਰਵਾਨਗੀ ਲਈ 12,583 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 23 ਮਈ ਤੱਕ 9,616 ਅਰਜ਼ੀਆਂ ਸਬੰਧਤ ਜ਼ਿਲ੍ਹਿਆਂ ਦੇ ਅਧਿਕਾਰੀਆਂ ਵੱਲੋਂ ਪ੍ਰਵਾਨ ਕਰ ਲਈਆਂ ਗਈਆਂ ਹਨ। ਸਿਰਫ਼ 378 ਅਰਜ਼ੀਆਂ ਬਕਾਇਆ ਹਨ। ਇਸ ਤੋਂ ਇਲਾਵਾ 1,656 ਅਰਜ਼ੀਆਂ ਨੂੰ ਨਾਮਨਜ਼ੂਰ ਕੀਤਾ ਗਿਆ ਹੈ ਅਤੇ 318 ਅਰਜ਼ੀਆਂ ਸਮੀਖਿਆ ਅਧੀਨ ਹਨ ਜਦਕਿ 615 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਹੋਰ ਜਾਣਕਾਰੀ ਦਿੰਦੇ ਹੋਏ, ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਹਵਾਈ ਗੁਬਾਰਿਆਂ ਲਈ 10 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਦਕਿ ਘਰ-ਘਰ ਜਾ ਕੇ ਪ੍ਰਚਾਰ ਕਰਨ ਦੀ ਪ੍ਰਵਾਨਗੀ ਲਈ 144 ਅਰਜ਼ੀਆਂ ਨੂੰ ਮਨਜ਼ੂਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੈਲੀਕਾਪਟਰ ਅਤੇ ਹੈਲੀਪੈਡ ਦੀ ਵਰਤੋਂ ਲਈ 25 ਅਰਜ਼ੀਆਂ, ਲਾਊਡਸਪੀਕਰ ਪਰਮਿਟ ਲਈ 9 ਅਰਜ਼ੀਆਂ ਅਤੇ ਆਰਜ਼ੀ ਪਾਰਟੀ ਦਫ਼ਤਰ ਖੋਲ੍ਹਣ ਲਈ 555 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ।



ਇਸੇ ਤਰ੍ਹਾਂ ਪੈਂਫਲੈਟ ਵੰਡਣ ਲਈ 59 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ ਜਦਕਿ ਵੀਡੀਓ ਵੈਨ ਦੀ ਮਨਜ਼ੂਰੀ ਲਈ 54, ਲਾਊਡਸਪੀਕਰ ਸਮੇਤ ਮੀਟਿੰਗਾਂ ਕਰਨ ਲਈ 2083 ਅਰਜ਼ੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਲਾਊਡਸਪੀਕਰ ਤੋਂ ਬਿਨਾਂ ਮੀਟਿੰਗਾਂ ਲਈ 279 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਉੱਥੇ ਹੀ ਨੁੱਕੜ ਮੀਟਿੰਗਾਂ ਅਤੇ ਲਾਊਡ ਸਪੀਕਰਾਂ ਲਈ 2653 ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਹਨ।

ਬੈਨਰ ਅਤੇ ਝੰਡੇ ਪ੍ਰਦਰਸ਼ਿਤ ਕਰਨ ਲਈ 542 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਪੋਸਟਰ, ਹੋਰਡਿੰਗ ਅਤੇ ਯੂਨੀਪੋਲ ਪ੍ਰਦਰਸ਼ਿਤ ਕਰਨ ਲਈ 1228 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ। ਲਾਊਡਸਪੀਕਰ ਪਰਮਿਟ ਵਾਲੇ ਵਾਹਨਾਂ ਲਈ 759 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ, ਜਦਕਿ ਸੰਸਦੀ ਖੇਤਰ ਦੇ ਅੰਦਰ ਵਾਹਨ ਪਰਮਿਟਾਂ ਲਈ 174 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਭ ਤੋਂ ਵੱਧ 2078 ਅਰਜ਼ੀਆਂ ਲੁਧਿਆਣਾ ਤੋਂ ਪ੍ਰਾਪਤ ਹੋਈਆਂ ਹਨ। ਇਸੇ ਤਰ੍ਹਾਂ 1258 ਪਟਿਆਲਾ ਤੋਂ ਅਤੇ 690 ਅਰਜ਼ੀਆਂ ਜਲੰਧਰ ਤੋਂ ਪ੍ਰਾਪਤ ਹੋਈਆਂ ਹਨ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਕਰਵਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਸੂਬੇ ਵਿੱਚ ਪਾਰਟੀਆਂ ਅਤੇ ਉਮੀਦਵਾਰਾਂ ਲਈ ਬਰਾਬਰੀ ਦਾ ਮਾਹੌਲ ਯਕੀਨੀ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਡਾ. ਧਰਮਵੀਰ ਗਾਂਧੀ ਨੂੰ ਹਲਕਾ ਨਾਭਾ ਤੋਂ 50000 ਦੀ ਲੀਡ ਦੀਵਾਵਾਂਗੇ : ਬਲਕਾਰ ਸਿੰਘ ਰੈਸਲ

**ਨਾਭਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਵਿਧਾਨ ਸਭਾ ਹਲਕਾ ਨਾਭਾ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਇਨ੍ਹਾਂ ਗੱਲਾਂ ਦਾ ਪਰਗਟਾਵਾ ਬਲਕਾਰ ਸਿੰਘ ਰੈਸਲ ਸਾ. ਜਨਰਲ ਸਕੱਤਰ ਜ਼ਿਲ੍ਹਾ ਪਟਿਆਲਾ ਐੱਸ ਸੀ ਸੈੱਲ ਨੇ ਨਾਭਾ ਹਲਕਾ ਦੇ ਵੱਖ ਵੱਖ ਪਿੰਡਾਂ ਦੇ ਲੋਕਾਂ ਨਾਲ ਰਾਬਤਾ ਬਣਾਇਆ ਗਿਆ ਜਿਸ ਵਿਚ ਪਿੰਡਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸੁਣਿਆ ਗਿਆ ਜਿਸ ਵਿੱਚ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਸਾਨੂੰ ਸਾਰੇ ਉਮੀਦਵਾਰਾਂ ਵਿੱਚੋਂ ਡਾਕਟਰ ਧਰਮਵੀਰ ਗਾਂਧੀ ਜੀ ਨੂੰ ਆਪਣੀ ਵੋਟ ਪਾਉਣ ਦਾ ਮਨ ਬਣਾ ਲਿਆ ਹੈ ਕਿਉਂ ਕਿ ਧਰਮਵੀਰ ਗਾਂਧੀ ਇੱਕ ਇਮਾਨਦਾਰ, ਪੜ੍ਹੇ, ਲਿਖੇ, ਸੁਝਵਾਨ, ਮਹਿਨਤ ਕਸ, ਮਿਲਣਸਾਰ, ਲੋਕਾਂ ਦੇ ਹਮ ਦਰਦ, ਸਮਾਜ ਸੇਵਕ, ਤੇ ਅੱਗਾ ਵਧੂ ਉਮੀਦਵਾਰ ਹਨ ਜਿਸ ਕਰਕੇ ਸਾਡੇ ਨਾਭੇ ਹਲਕੇ ਦੇ ਲੋਕ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਵਿਧਾਨ ਸਭਾ ਹਲਕਾ ਨਾਭਾ ਤੋਂ 50,000 ਤੋ ਵੱਧ ਵੋਟਾਂ ਦੇ ਫ਼ਰਕ ਦੀ ਲੀਡ ਉਹਨਾਂ ਦੀ ਝੋਲੀ ਵਿੱਚ ਪਾਵਾ ਗੇ ਸਾਰੇ ਦੇਸ ਵਿੱਚ ਵੀ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ ਤੇ ਦੇਸ ਦੇ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਵੇਖਣ ਲਈ ਉਤਸ਼ਾਹਿਤ ਹਨ ਇਸ ਸਮੇਂ ਉਹਨਾਂ ਨਾਲ ਦੀਦਾਰ ਸਿੰਘ, ਮੋਤੀ ਰਾਮ, ਸਿੰਦਰਪਾਲ ਸਿੰਘ, ਮੰਗ, ਲਖਵੀਰ ਸਿੰਘ, ਮੋਹਣਾ, ਆਦਿ ਹਾਜ਼ਰ ਸਨ।

# ਸੂਬਾ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਦੇਖਾ ਕਰਨ ਦੇ ਕਾਰਨ ਪਾਇਆ ਜਾ ਰਿਹਾ ਭਾਰੀ ਰੋਸ

**ਸ੍ਰੀ ਅਨੰਦਪੁਰ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐਡ ਅਧਿਆਪਕ ਫਰੰਟ ਸੂਬਾ ਮੀਤ ਤੇ ਜਿਲ੍ਹਾ ਪ੍ਰਧਾਨ ਗੁਰਿੰਦਰਪਾਲ ਸਿੰਘ ਖੇੜੀ, ਸੂਬਾ ਕਮੇਟੀ ਮੈਂਬਰ ਬਲਵਿੰਦਰ ਸਿੰਘ ਰੈਲੋ ਅਤੇ ਪ੍ਰੇਮ ਸਿੰਘ ਠਾਕੁਰ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਸ਼ੁਰੂ ਤੋਂ ਹੀ ਮੁਲਾਜ਼ਮਾਂ ਦੀ ਹਰ ਇੱਕ ਜਾਇਜ਼ ਮੰਗ ਨੂੰ ਅੱਖੋਂ ਪਰੋਖੇ ਕਰਦੀ ਆ ਰਹੀ ਹੈ ਮੁਲਾਜਮਾਂ ਦੀਆਂ ਚਿਰਕੋਣੀਆਂ ਮੰਗਾਂ ਜਿਵੇਂ ਪੇ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਪੇਂਡੂ ਭੱਤਾ , ਬਾਰਡਰ ਏਰੀਆ ਭੱਤਾ , ਏਸੀਪੀ ਸਕੀਮ ਅਤੇ ਡੀਏ ਦੀਆਂ ਕਿਸ਼ਤਾਂ ਜਾਰੀ ਕਰਨ ਦੀ ਮੰਗ ਦੇ ਨਾਲ ਨਾਲ ਹਰ ਤਰਾਂ ਦੀਆਂ ਮੰਗਾਂ ਨੂੰ ਸਰਕਾਰ ਵੱਲੋਂ ਅਣਦੇਖਾ ਕੀਤਾ ਜਾ ਰਿਹਾ ਹੈ। ਜਿਸ ਕਾਰਨ ਮੁਲਾਜਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਕਰੀਬ ਦੋ ਸਾਲ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ



ਪੂਰਾ ਕਰਨ ਦਾ ਟਵੀਟ ਅਤੇ ਨੋਟੀਫਿਕੇਸ਼ਨ ਜਾਰੀ ਕਰਨ ਉਪਰੰਤ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ ਅਤੇ ਹੁਣ ਜਦੋਂ ਐਨਪੀਐਸ ਮੁਲਾਜ਼ਮਾਂ ਵੱਲੋਂ ਵੱਖ ਵੱਖ ਜਿਲਿਆਂ ਦੇ ਵਿੱਚ ਪ੍ਰਚਾਰ ਕਰਨ ਸਮੇਂ ਪੁਰਾਣੀ ਪੈਨਸ਼ਨ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਸਰਕਾਰ ਦੀ ਸ਼ਹਿ ਤੇ ਪੁਲਿਸ ਵੱਲੋਂ ਆਗੂਆਂ ਨੂੰ ਪੂਰਾ ਪੂਰਾ ਦਿਨ ਥਾਣਿਆਂ ਵਿੱਚ ਬਿਠਾਇਆ ਜਾ ਰਿਹਾ ਹੈ ਜਿਸ ਦੇ ਕਾਰਨ ਪੰਜਾਬ ਦੇ ਸੋ ਮੁਲਾਜ਼ਮਾ ਦੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਰ ਸਰਕਾਰ ਇਹ ਸਮਝ ਲਵੇ ਕਿ ਇਸ ਤਰ੍ਹਾਂ ਦੀਆ ਕਾਰਵਾਈਆਂ ਨਾਲ ਉਹ ਪੰਜਾਬ ਦੇ ਦੋ ਲੱਖ ਦੇ ਕਰੀਬ ਮੁਲਾਜ਼ਮਾਂ ਦੀ ਮੰਗ ਨੂੰ ਦਬਾ ਨਹੀਂ ਸਕਦੇ ,ਉਹਨਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਜਲਦ ਤੋਂ ਜਲਦ ਪੁਰਾਣੀ ਪੈਨਸ਼ਨ ਬਹਾਲੀ ਦੇ ਸਬੰਧੀ ਐਸਓਪੀ ਜਾਰੀ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰੇ । ਉਹਨਾਂ ਨੇ ਕਿਹਾ ਕਿ ਸੂਬਾ ਕਮੇਟੀ ਵੱਲੋਂ ਜੋ ਮੀਟਿੰਗ ਕਰਕੇ ਪਿਛਲੇ ਦਿਨੀ ਇਹ ਫੈਸਲਾ ਕੀਤਾ ਸੀ ਕਿ ਜਥੇਬੰਦੀ ਵੱਲੋਂ ਉਪਰੋਕਤ ਮਸਲਿਆਂ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਨਾਲ ਚੋਣਾਂ ਦੌਰਾਨ ਸਵਾਲ ਕੀਤੇ ਜਾਣਗੇ। ਜੇਕਰ ਸਰਕਾਰ ਵੱਲੋਂ ਕੋਈ ਯੋਗ ਅਤੇ ਸਾਰਥਕ ਕਦਮ ਨਹੀਂ ਚੁੱਕੇ ਜਾਂਦੇ ਤਾਂ ਮੁਲਾਜਮ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਜਿਸਦੀ ਸਮੁੱਚੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਬਲਵਿੰਦਰ ਸਿੰਘ, ਰਜੀਵ ਕੁਮਾਰ, ਯੋਗੇਸ਼ ਕੁਮਾਰ, ਰਵੀ ਕੁਮਾਰ, ਹਰਭਜਨ ਸਿੰਘ ਸਰੋਆ, ਅਮਨਦੀਪ ਸਿੰਘ, ਹਰਨੇਕ ਸਿੰਘ, ਮਨੀਸ਼ ਕੁਮਾਰ, ਅਜੇ ਕੁਮਾਰ, ਸੁਖਜਿੰਦਰ ਸਿੰਘ, ਸ਼ਮਿੰਦਰ ਸਿੰਘ, ਅਨਿਲ ਕੁਮਾਰ, ਗੁਰਚਰਨ ਸਿੰਘ ਆਦਿ ਹਾਜ਼ਰ ਹੋਏ ।

# ਪੰਜਾਬ ਦੀ ਜਨਤਾ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੀ ਹੈ; ਪਟਿਆਲਾ ਤੋਂ ਡਾਕਟਰ ਬਲਬੀਰ ਸਿੰਘ ਵੱਡੀ ਲੀਡ ਨਾਲ ਜਿੱਤਣਗੇ : ਊਸ਼ਾ ਮੱਗੋ

**ਨਾਭਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਪ੍ਰਤੀ ਲੋਕਾਂ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਪੰਜਾਬ ਵਿੱਚ ਆਪ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਾਰਡ ਨੰਬਰ 13 ਬੰਦਰੁਖਾਂ ਸਟਰੀਟ ਅਰੋੜਿਆਂ ਵਾਲਾ ਮੁਹੱਲਾ ਵਿਖੇ ਕੌਂਸਲਰ ਊਸ਼ਾ ਮੱਗੋ ਅਤੇ ਉਨ੍ਹਾਂ ਦੇ ਸਪੁੱਤਰ ਸੰਜੇ ਮੱਗੋ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਲਈ ਰੱਖੀ ਮੀਟਿੰਗ ਦੌਰਾਨ ਪ੍ਰਗਟਾਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਹਲਕਾ ਨਾਭਾ ਦੇ ਸਰਬਪੱਖੀ ਵਿਕਾਸ ਕਾਰਜਾਂ ਲਈ ਉਹ ਵਚਨਬੱਧ ਹਨ ਤੇ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਪੁਜਦਾ ਕਰਨ ਲਈ ਉਹ ਦ੍ਰਿੜ ਸੰਕਲਪ ਹਨ।



ਉਨਾਂ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਸਹੂਲਤਾਂ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਸ ਤੋਂ ਪੰਜਾਬ ਦੀ ਜਨਤਾ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੀ ਹੈ। ਉਨ੍ਹਾਂ ਵਾਰਡ ਨੰਬਰ 13 ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇੱਕ ਆਪ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੂੰ ਪਾ ਕੇ ਕਾਮਯਾਬ ਕਰੋ ਤਾਂ ਕਿ ਹਲਕਾ ਪਟਿਆਲਾ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇ। ਉਹਨਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਮਹਾਰਾਣੀ ਪਰਨੀਤ ਕਰ ਕਿਸ ਮੂੰਹ ਨਾਲ ਵੋਟਾਂ ਮੰਗ ਰਹੀ ਹੈ। ਉਸ ਨੇ ਆਪਣੇ ਪੰਜ ਸਾਲ ਦੇ ਸ਼ਾਸਨ ਕਾਲ ਦੌਰਾਨ ਜ਼ਿਲ੍ਹਾ ਪਟਿਆਲੇ ਲਈ ਕੁਝ ਨਹੀਂ ਕੀਤਾ ਅਤੇ ਨਾ ਹੀ ਪਰਨੀਤ ਕੌਰ ਨੇ ਲੋਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਇਮਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਡਾ. ਸੁਖਦੇਵ ਸਿੰਘ ਸੰਧੂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਨਗਰ ਕੌਂਸਲ ਨਾਭਾ ਪ੍ਰਧਾਨ ਸੁਜਾਤਾ ਚਾਵਲਾ, ਕਪਿਲ ਮਾਨ, ਕੌਂਸਲਰ ਰੋਜੀ ਨਾਗਪਾਲ, ਦੀਪਕ ਨਾਗਪਾਲ, ਗੁਰਲਾਲ ਸਿੰਘ ਮੱਲੀ, ਭੁਵੇਸ਼ ਬਾਂਸਲ, ਕਸ਼ਮੀਰ ਸਿੰਘ ਲਾਲਕਾ, ਗੌਤਮ ਬਾਤਿਸ਼, ਮਾਨਟੂ ਪਾਹੂਜਾ, ਅਮਨ ਗਰਗ, ਹਰਮੇਸ਼ ਮੇਸ਼ੀ, ਹਰਸਿਮਰਨ ਸਿੰਘ ਸਾਹਨੀ, ਅਸ਼ੋਕ ਅਰੋੜਾ ਸਵੀਟਸ, ਪੰਕਜ ਪੱਪੂ, ਹਰੀਸ਼ ਅਰੋੜਾ, ਵਿਨੇ ਮੱਗੋ, ਡਿੰਪਲ ਅਰੋੜਾ, ਮੋਹਨ ਸਿੰਘ ਬਾਬੂ, ਗੁਲਸ਼ਨ ਬਰਾਰਾ, ਸੁਨੀਤਾ ਰਾਣੀ, ਸੋਨੂ ਨਾਭਾ, ਸੋਨੂੰ ਤੁੱਲੀ, ਵਾਰਡ ਵਾਸੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।

# ਨੈਸ਼ਨਲ ਸਟਾਕ ਐਕਸਚੇਂਜ ਤੇ ਸੂਚੀਬੱਧ ਕੰਪਨੀਆਂ ਦਾ ਬਾਜ਼ਾਰ ਪੂੰਜੀਕਰਣ US$ E ਟ੍ਰਿਲੀਅਨ ਨੂੰ ਪਾਰ ਕਰ ਗਿਆ

**ਅੰਮ੍ਰਿਤਸਰ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਸਟਾਕ ਐਕਸਚੇਂਜ ਤੇ ਸੂਚੀਬੱਧ ਭਾਰਤੀ ਕੰਪਨੀਆਂ ਦਾ ਬਾਜ਼ਾਰ ਪੂੰਜੀਕਰਣ 23 ਮਈ, 2024 ਨੂੰ US$E ਟ੍ਰਿਲੀਅਨ (416.57 ਟ੍ਰਿਲੀਅਨ ਰੁਪਏ) ਨੂੰ ਪਾਰ ਕਰਨ ਲਈ ਤਿਆਰ ਹੈ। ਉਸੇ ਦਿਨ, ਨਿਫਟੀ 50 ਸੂਚਕਾਂਕ 22,993.60 ਦੇ ਸਰਵਕਾਲੀ ਉੱਚ ਪੱਧਰ ਨੂੰ ਛੂਹ ਗਿਆ। ਨਿਫਟੀ 500 ਇੰਡੈਕਸ ਵੀ ਸਭ ਤੋਂ ਉੱਚੇ ਪੱਧਰ ਨੂੰ ਛੂਹ ਗਿਆ। ਅੱਜ ਦਾ 21,505.25 ਦਾ ਉੱਚਾ ਦਰਸਾਉਂਦਾ ਹੈ ਕਿ ਇਕੁਇਟੀ ਮਾਰਕੀਟ ਵਿੱਚ ਵਾਧਾ ਸਿਰਫ ਵੱਡੇ, ਪੂੰਜੀਕ੍ਰਿਤ ਸਟਾਕਾਂ ਤੱਕ ਸੀਮਿਤ ਨਹੀਂ ਹੈ। ਭਾਰਤੀ ਸੂਚੀਬੱਧ ਕੰਪਨੀਆਂ ਦੇ ਬਾਜ਼ਾਰ ਪੂੰਜੀਕਰਣ ਨੂੰ US$B ਟ੍ਰਿਲੀਅਨ (ਜੁਲਾਈ 2017) ਤੋਂ US$C ਟ੍ਰਿਲੀਅਨ (ਮਈ 2021) ਤੱਕ ਪਹੁੰਚਣ ਵਿੱਚ ਲਗਭਗ 46 ਮਹੀਨੇ ਲੱਗੇ, US$C ਟ੍ਰਿਲੀਅਨ ਤੋਂ US$D ਟ੍ਰਿਲੀਅਨ (ਦਸੰਬਰ 2023) ਤੱਕ ਪਹੁੰਚਣ ਵਿੱਚ ਲਗਭਗ 30 ਮਹੀਨੇ ਲੱਗੇ ਅਤੇ ਹੁਣ ਨਵੀਨਤਮ US$A ਟ੍ਰਿਲੀਅਨ ਜੋੜਨ ਵਿੱਚ ਸਿਰਫ਼ 6 ਮਹੀਨੇ ਲੱਗੇ ਹਨ। ਮਾਰਕੀਟ ਪੂੰਜੀਕਰਣ ਦੁਆਰਾ ਚੋਟੀ ਦੀਆਂ 5 ਕੰਪਨੀਆਂ ਰਿਲਾਇੰਸ ਇੰਡਸਟਰੀਜ਼ ਲਿਮਿਟੇਡ, ਟਾਟਾ ਕੰਸਲਟੈਂਸੀ ਸਰਵਿਸਿਜ਼ ਲਿਮਟਿਡ,



ਐਚਡੀਐਫਸੀ ਬੈਂਕ ਲਿਮਿਟੇਡ, ਆਈਸੀਆਈਸੀਆਈ ਬੈਂਕ ਲਿਮਿਟੇਡ ਅਤੇ ਭਾਰਤੀ ਏਅਰਟੈੱਲ ਲਿਮਿਟੇਡ ਹਨ। ਸ਼੍ਰੀਰਾਮ ਕ੍ਰਿਸ਼ਨਨ, ਚੀਫ ਬਿਜ਼ਨਸ ਡਿਵੈਲਪਮੈਂਟ ਅਫਸਰ, NSE, ਨੇ ਕਿਹਾ, ਮੈਂ ਭਾਰਤ ਸਰਕਾਰ, ਸਕਿਓਰਿਟੀਜ਼ ਐਕਸਚੇਂਜ ਬੋਰਡ ਆਫ ਇੰਡੀਆ ਅਤੇ ਭਾਰਤੀ ਰਿਜ਼ਰਵ ਬੈਂਕ ਦਾ ਇੱਕ ਪ੍ਰਗਤੀਸ਼ੀਲ ਰੈਗੂਲੇਟਰੀ ਫਰੇਮਵਰਕ ਦੇ ਨਾਲ ਪੂੰਜੀ ਬਾਜ਼ਾਰ ਈਕੋ ਸਿਸਟਮ ਦਾ ਸਮਰਥਨ ਕਰਨ ਲਈ ਧੰਨਵਾਦ ਕਰਨਾ ਚਾਹਾਂਗਾ। ਮੈਂ ਇਸ ਮਹੱਤਵਪੂਰਨ ਮੀਲ ਪੱਥਰ ਨੂੰ ਹਾਸਲ ਕਰਨ ਲਈ ਸੂਚੀਬੱਧ ਕੰਪਨੀਆਂ, ਵਪਾਰਕ ਮੈਂਬਰਾਂ, ਨਿਵੇਸ਼ਕਾਂ ਅਤੇ ਹੋਰ ਸਾਰੇ ਹਿੱਸੇਦਾਰਾਂ ਨੂੰ ਵਧਾਈ ਦਿੰਦਾ ਹਾਂ। ਲਗਭਗ 6 ਮਹੀਨਿਆਂ ਦੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਮਾਰਕੀਟ ਪੂੰਜੀਕਰਣ ਵਿੱਚ US $ A ਟ੍ਰਿਲੀਅਨ ਦਾ ਤਾਜ਼ਾ ਵਾਧਾ ਆਉਣ ਵਾਲੇ ਸਾਲਾਂ ਵਿੱਚ ਭਾਰਤੀ ਅਰਥਵਿਵਸਥਾ ਵਿੱਚ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਮੁੜ ਸਥਾਪਿਤ ਕਰਦਾ ਹੈ। ਇੱਕ ਮਾਰਕੀਟ ਬੁਨਿਆਦੀ ਢਾਂਚਾ ਸੰਸਥਾ ਦੇ ਰੂਪ ਵਿੱਚ NSE ਵਧਣਾ ਜਾਰੀ ਰੱਖੇਗਾ ਅਤੇ ਨਿਵੇਸ਼ਕਾਂ ਦੇ ਨਾਲ-ਨਾਲ ਜਾਰੀਕਰਤਾਵਾਂ ਨੂੰ ਸਰੋਤ ਜੁਟਾਉਣ ਲਈ ਇੱਕ ਮਜ਼ਬੂਤ ਪਲੇਟਫਾਰਮ ਪ੍ਰਦਾਨ ਕਰੇਗਾ, ਜਿਸ ਨਾਲ ਦੇਸ਼ ਵਿੱਚ ਪੂੰਜੀ ਨਿਰਮਾਣ ਦੇ ਮਹੱਤਵਪੂਰਨ ਪਹਿਲੂ ਦਾ ਸਮਰਥਨ ਕੀਤਾ ਜਾ ਸਕੇਗਾ।

# ਸੋਸ਼ਲ ਮੀਡੀਆ ਵੋਟਰ ਜਾਗਰੂਕਤਾ ਦਾ ਅਹਿਮ ਸਾਧਨ

**ਅੰਮ੍ਰਿਤਸਰ 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ ਅੱਜ ਸੂਚਨਾ ਦੇ ਆਦਾਨ ਪ੍ਰਦਾਨ ਦਾ ਸੱਭ ਤੋਂ ਪ੍ਰਚਲਿਤ ਸਾਧਨ ਹੈ ਅਤੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਇਹ ਇੱਕ ਅਹਿਮ ਰੋਲ ਅਦਾ ਕਰ ਰਿਹਾ ਹੈ।ਇਹ ਗੱਲ ਉਹਨਾਂ ਅੱਜ ਜ਼ਿਲ੍ਹਾ ਪੱਧਰੀ ਸੋਸ਼ਲ ਮੀਡੀਆ ਟੀਮ ਮੈਂਬਰਾਂ ਨਾਲ ਮੁਲਾਕਾਤ ਦੌਰਾਨ ਕਹੀ।ਉਹਨਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੋਲਿੰਗ ਸਟਾਫ਼ ਨੂੰ ਟ੍ਰੇਨਿੰਗ ਦੇਣ ਲਈ ਲਗਾਤਾਰ ਰਿਹਰਸਲਾਂ ਕਰਵਾਈਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਇਹਨਾਂ ਟ੍ਰੇਨਿੰਗਾਂ ਨੂੰ ਹੋਰ ਅਸਰਦਾਰ ਬਣਾਉਣ ਲਈ ਜ਼ਿਲ੍ਹੇ ਦੇ ਮਾਸਟਰ ਟ੍ਰੇਨਰਾਂ ਵਲੋਂ ਇੱਕ ਵਿਸਤ੍ਰਿਤ ਵੀਡੀਓ ਤਿਆਰ ਕੀਤੀ ਗਈ ਹੈ,ਜਿਸਨੂੰ ਜ਼ਿਲ੍ਹੇ ਦੇ ਅਧਿਕਾਰਤ ਯੂ-ਟਿਊਬ ਚੈਨਲ 'ਸਵੀਪ ਅੰਮ੍ਰਿਤਸਰ' ਤੇ ਅਪਲੋਡ ਕੀਤਾ ਗਿਆ ਹੈ,ਜਿਸਨੂੰ ਹੁਣ ਤੱਕ 10 ਹਜ਼ਾਰ ਤੋ ਵੱਧ ਲੋਕਾਂ ਵਲੋਂ ਦੇਖਿਆ ਜਾ ਚੁੱਕਾ ਹੈ।

# ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਵਿਸ਼ੇਸ਼ ਲੋਕ ਅਦਾਲਤ 29 ਜੁਲਾਈ ਤੋਂ 3 ਅਗਸਤ ਤੱਕ ਲਗਾਈ ਜਾਵੇਗੀ

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵਿਖੇ 29 ਜੁਲਾਈ ਤੋਂ 03 ਅਗਸਤ 2024 ਤੱਕ ਵਿਸ਼ੇਸ਼ ਲੋਕ ਅਦਾਲਤ ਲਗਾਈ ਜਾ ਰਹੀ ਹੈ।

ਇਸ ਸਬੰਧੀ ਸੀਜੇਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਮਾਨੀ ਅਰੋੜਾ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਕੇਸ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵਿੱਚ ਲੰਬਿਤ ਹੈ ਅਤੇ ਦੂਜੀ ਧਿਰ ਵਿਸ਼ੇਸ਼ ਲੋਕ ਅਦਾਲਤ ਵਿੱਚ ਇਸ ਝਗੜੇ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨਾ ਚਾਹੁੰਦੀ ਹੈ ਤਾਂ ਧਿਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਦਫ਼ਤਰ ਜਾਂ ਫ਼ੋਨ ਨੰਬਰ 0175-2306500 'ਤੇ 28 ਜੁਲਾਈ, 2024 ਤੋਂ ਪਹਿਲਾਂ ਪਹਿਲਾਂ ਸੰਪਰਕ ਕਰ ਸਕਦੀ ਹੈ। ਮੈਡਮ ਅਰੋੜਾ ਨੇ ਦੱਸਿਆ ਕਿ ਇਸ ਵਿਸ਼ੇਸ਼ ਲੋਕ ਅਦਾਲਤ ਵਿੱਚ ਲੇਬਰ ਨਾਲ ਸੰਬੰਧਿਤ ਮਾਮਲੇ, ਚੈੱਕ ਨਾਲ ਸੰਬੰਧਤ ਮਾਮਲੇ (138 ਐਨ. ਆਈ. ਐਕਟ), ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਹੋਰ ਮੁਆਵਜ਼ੇ ਦੇ ਮਾਮਲੇ, ਪਰਿਵਾਰਿਕ ਕਾਨੂੰਨ ਦੇ ਮਾਮਲੇ, ਸਰਵਿਸਿਜ਼ ਦੇ ਮਾਮਲੇ, ਰੈਂਟ ਸੰਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸੰਬੰਧਤ ਮੁੱਦੇ, ਮੌਰਟਗੇਜ ਨਾਲ ਸੰਬੰਧਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨਾਂ (ਦੀਵਾਨੀ ਅਤੇ ਫ਼ੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਕਰਿਮੀਨਲ ਕੰਪਾਊਂਡੇਬਲ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸੰਬੰਧਤ ਮਾਮਲੇ ਅਤੇ ਹੋਰ ਸਿਵਲ ਮਾਮਲੇ ਲਏ ਜਾਣਗੇ।

ਮੈਡਮ ਅਰੋੜਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਲੰਬਿਤ ਝਗੜਿਆਂ ਨੂੰ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵਿਖੇ ਲਗਾਈ ਜਾਣ ਵਾਲੀ ਵਿਸ਼ੇਸ਼ ਲੋਕ ਅਦਾਲਤ ਅੱਗੇ ਪੇਸ਼ ਕਰਨ ਤਾਂ ਜੋ ਉਨ੍ਹਾਂ ਦਾ ਕੀਮਤੀ ਸਮਾਂ ਅਤੇ ਮਿਹਨਤ ਦੀ ਕਮਾਈ ਦੀ ਬੱਚਤ ਹੋ ਸਕੇ। ਇਸ ਮੰਤਵ ਲਈ ਵਿਸ਼ੇਸ਼ ਲੋਕ ਅਦਾਲਤ ਰਾਹੀਂ ਨਿਪਟਾਰਾ ਕਰਨ ਦਾ ਇੱਛੁਕ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ। ਕੋਈ ਵੀ ਵਿਸਤ੍ਰਿਤ ਜਾਣਕਾਰੀ ਨਾਲਸਾ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਸੰਪਰਕ ਨੰਬਰ 0175-2306500 ਤੋਂ ਉਪਲਬਧ ਕਰਵਾਈ ਜਾ ਸਕਦੀ ਹੈ। ।

ਇਹ ਸਪਸ਼ਟ ਹੈ ਕਿ ਲੋਕ ਅਦਾਲਤਾਂ ਆਪਸੀ ਸਮਝੌਤੇ ਰਾਹੀਂ ਝਗੜਿਆਂ ਦਾ ਨਿਪਟਾਰਾ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਧਿਰਾਂ ਵਿੱਚ ਸਦਭਾਵਨਾ ਨੂੰ ਵਧਾਵਾ ਦਿੰਦੀਆਂ ਹਨ।

# ਜਨ ਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਲਈ ਸੈਟਚਰ ਅਤੇ ਵੀਲਚੇਅਰ ਦੇਣੀਆਂ ਸ਼ਲਾਘਾਯੋਗ

**ਪਟਿਆਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਲੋੜਵੰਦ ਮਰੀਜ਼ਾਂ ਲਈ ਸੈਟਚਰ ਅਤੇ ਵੀਲਚੇਅਰ ਵੰਡਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ , ਜਿਸ ਵਿਚ ਮੁੱਖ ਮਹਿਮਾਨ ਡਾ ਐਚ ਐਸ ਰੇਖੀ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਕੀਤੀ, ,,ਵਿਸ਼ੇਸ਼ ਤੌਰ ਤੇ ਡਾ ਵਿਨੋਦ ਡਗਵਾਲ, ਅਮਰਜੀਤ ਕੌਰ ਸਾਈਵਾਲ,ਮੀਤ ਪ੍ਰਧਾਨ ਸੁਰਵਿੰਦਰ ਸਿੰਘ ਛਾਬੜਾ,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ , ਉਘੇ ਸਮਾਜ ਸੇਵੀ ਗੋਰਵ ਸੰਧੂ,ਚਮਨ ਲਾਲ ਗਰਗ, ਪ੍ਰੈਸ ਸਕੱਤਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਐਸ ਪੀ ਪਰਾਸਰ, ਜਸਬੀਰ ਸਿੰਘ, ਸਤੀਸ਼ ਜੋਸ਼ੀ,ਰੁਦਰਪ੍ਰਤਾਪ ਸਿੰਘ, ,ਲੱਕੀ ਹਰਦਾਸਪੁਰ, ਸੁਰਿੰਦਰ ਸਿੰਘ,ਅਨਿਲ ਚੋਪੜਾ,ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਡਾ ਐਚ ਐਸ ਰੇਖੀ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਲੋੜਵੰਦ ਮਰੀਜ਼ਾਂ ਨੂੰ ਸੈਟਚਰ ਅਤੇ ਵੀਲਚੇਅਰ ਦੇਣੀਆਂ ਬਹੁਤ ਹੀ ਵਧੀਆ ਉਪਰਾਲਾ ਹੈ ਅਤੇ ਇਸ ਤੋਂ ਇਲਾਵਾ ਸੰਸਥਾ ਵਲੋਂ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ।

# ਪੰਜਾਬ ਵਿੱਚ ਪੋਲਿੰਗ ਦਾ ਸਮਾਂ ਹੋਰ ਵਧਾਉਣ ਦੀ ਲੋੜ ਨਹੀਂ: ਸ਼ੇਰੇਵਾਲਾ

**ਫਾਜਿਲਕਾ ,25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਗੁਰਬਿੰਦਰ ਸਸਕੌਰ, ਵਿੱਤ ਸਕੱਤਰ ਪਿ ?ਸੀਪਲ ਅਮਨਦੀਪ ਸ਼ਰਮਾਂ ਤੇ ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਬੀ ਜੇ ਪੀ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਪੰਜਾਬ ਦੀਆਂ ਲੋਕ ਸਭਾ ਚੋਣਾਂ ਦਾ ਸਮਾਂ ਵਧਾਉਣ ਦੀ ਮੰਗ ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਚੋਣ ਪ੍ਰਕਿਰਿਆ ਵਿੱਚ ਲੱਗੇ ਮੁਲਾਜਮ ਵੀ ਇਨਸਾਨ ਹੀ ਹਨ ਉਨ੍ਹਾਂ ਨੂੰ ਵੀ ਮੌਸਮ ਦੀ ਮਾਰ ਝੱਲਣੀ ਪੈ ਰਹੀ ਹੈ, ਪਹਿਲਾਂ ਹੀ ਵੋਟਿੰਗ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਗਿਆਰਾਂ ਘੰਟੇ ਬਹੁਤ ਹੁੰਦਾ ਹੈ, ਜਿਹਨਾਂ ਨੇ ਵੋਟ ਪਾਉਣੀ ਹੈ ਉਸ ਲਈ ਗਿਆਰਾਂ ਘੰਟੇ ਵੀ ਸਮਾਂ ਬਹੁਤ ਹੈ। ਇਸ ਸਮੇਂ ਆਗੂਆਂ ਨੇ ਮੁੱਖ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਚੋਣਾ ਦਾ ਸਮਾਂ ਬਿੱਲਕੁਲ ਵਧਾਉਣਾ ਨਹੀਂ ਚਾਹੀਦਾ ਕਿਉਂਕਿ ਕਿ ਕਹਿਰ ਦੀ ਗਰਮੀ ਕਾਰਨ ਲਈ ਲੰਬੀ ਡਿਊਟੀ ਕਰਕੇ ਮੁਲਾਜ਼ਮਾਂ ਖਾਸ ਕਰਕੇ ਔਰਤਾਂ ਲਈ ਸਿਹਤ ਦੀਆਂ ਸਮਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਮੌਕੇ ਜੀ ਟੀ ਯੂ ਆਗੂਆਂ ਨੇ ਮੰਗ ਕੀਤੀ ਕਿ ਗਰਮੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਪੋਲਿੰਗ ਬੂਥਾਂ ਤੇ ਏਸੀ ਦੀ ਸਹੂਲਤ ਦਾ ਪਰਬੰਧ ਚੋਣ ਕਮਿਸ਼ਨ ਵਲੋਂ ਕੀਤਾ ਜਾਵੇ ਨਾ ਕਿ ਇਹ ਬੋਝ ਬੂਥ ਲੈਵਲ ਅਫਸਰਾਂ ਤੇ ਪਾਇਆ ਜਾਵੇ। ਇਸ ਸਮੇਂ ਬਲਵਿੰਦਰ ਸਿੰਘ ਭੁੱਟੋ ਜਥੇਬੰਧਕ ਸਕੱਤਰ, ਜਸਵਿੰਦਰ ਸਮਾਣਾ ਸਹਾਇਕ ਜਥੇਬੰਧਕ ਸਕੱਤਰ, ਕੁਲਦੀਪ ਸਿੰਘ ਪੂਰੇਵਾਲ ਤੇ ਗੁਰਪ੍ਰੀਤ ਸਿੰਘ ਅੰਮੀਵਾਲ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਬਾਜਵਾ ਤੇ ਮਨੋਹਰ ਲਾਲ ਸ਼ਰਮਾਂ ਮੀਤ ਪ੍ਰਧਾਨ, ਦੇਵੀ ਦਿਆਲ ਤੇ ਹਰਿੰਦਰ ਮੱਲ੍ਹੀਆਂ ਜੁਆਇੰਟ ਸਕੱਤਰ,ਦਿਲਦਾਰ ਭੰਡਾਲ ਤੇ ਗਣੇਸ਼ ਭਗਤ , ਬਲਵਿੰਦਰ ਸਿੰਘ ਭੁੱਟੋ, ਜਿਲਾ ਫਾਜਿਲਕਾ ਤੋਂ ਪਰਮਜੀਤ ਸਿੰਘ ਸ਼ੇਰੇਵਾਲਾ, ਭਗਵੰਤ ਭਠੇਜਾ, ਨਿਸ਼ਾਂਤ ਅਗਰਵਾਲ, ਪਰਮਜੀਤ ਸਿੰਘ ਮਮੂ ਖੇੜਾ, ਅਮਨਦੀਪ ਸਿੰਘ, ਰਾਜ ਕੁਮਾਰ ਖੱਤਰੀ, ਸੌਰਭ ਧੂੜੀਆ, ਸ਼ਗਨ ਲਾਲ, ਸੁਧੀਰ ਕਾਲੜਾ, ਵਿਜੇ ਕੁਮਾਰ, ਓਮ ਪ੍ਰਕਾਸ਼ ਸੁਸ਼ੀਲ ਕੁਮਾਰ ਆਦਿ ਹਾਜ਼ਰ ਸਨ।

# ਜੰਗਲਾਤ ਬੇਲਦਾਰ 10000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ



**ਚੰਡੀਗੜ੍ਹ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਜ਼ਿਲ੍ਹਾ ਜੰਗਲਾਤ ਦਫ਼ਤਰ ਖਾਸਾ, ਅੰਮ੍ਰਿਤਸਰ ਵਿਖੇ ਬੇਲਦਾਰ ਵਜੋਂ ਤਾਇਨਾਤ ਨਿਰਮਲ ਸਿੰਘ ਨੂੰ 10000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਜੋਬਨਦੀਪ ਸਿੰਘ ਵਾਸੀ ਪਿੰਡ ਘਰਿੰਡਾ, ਤਹਿਸੀਲ ਅਟਾਰੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਹੈ ਕਿ ਉਹ ਲੱਕੜ ਦਾ ਆਰਾ ਲਾਉਣਾ ਚਾਹੁੰਦਾ ਹੈ ਅਤੇ ਉਕਤ ਬੇਲਦਾਰ ਨੇ ਉਸਨੂੰ ਲਾਇਸੈਂਸ ਜਾਰੀ ਕਰਾਉਣ ਵਿੱਚ ਮੱਦਦ ਕਰਨ ਬਦਲੇ 10000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਆਊਟ ਸੋਰਸਿੰਗ ਆਲ ਬੈਂਕ ਯੂਨੀਅਨ ਦੀ ਮੀਟਿੰਗ ਹੋਈ




**ਮਲੇਰਕੋਟਲਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਊਟ ਸੋਰਸਿੰਗ ਆਲ ਬੈਂਕ ਯੂਨੀਅਨ ਪੰਜਾਬ ਸੂਬਾ ਪ੍ਰਧਾਨ ਦਿਲਬਾਗ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ ਇਹ ਮੀਟਿੰਗ ਬਹੁਤ ਸਾਰੇ ਮੁੱਦਿਆਂ ਤੇ ਕੀਤੀ ਗਈ ਜਿਵੇਂ ਕਿ ਸਰਕਾਰੀ ਬੈਂਕ ਦੇ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਠੇਕੇਦਾਰ ਵੱਲੋਂ ਬਹੁਤ ਘੱਟ ਤਨਖਾਹਾਂ ਅਤੇ ਨਾ ਹੀ ਕੋਈ ਮੈਡੀਕਲ ਸਹੂਲਤ ਅਤੇ ਨਾ ਹੈ ਈ,ਐਸ,ਆਈ ਕਾਰਡ ਬਣਾ ਕੇ ਦਿੱਤੇ ਜਾ ਰਹੇ ਹਨ ਅਤੇ ਨਾ ਹੀ ਕੋਈ ਇਹਨਾਂ ਮੁਲਾਜਮਾਂ ਨੂੰ ਕੋਈ ਹੋਰ ਛੁੱਟੀ ਦਿੱਤੀ ਜਾਂਦੀ ਹੈ ਅਤੇ ਤਨਖਾਹ ਵਿੱਚ ਵਾਧਾ, ਠੋਸ ਛੁੱਟੀ ਦੇ ਨਿਯਮ, ਪਰਾਵੀਡੈਂਟ ਫੰਡ ਬੋਨਸ ਤੇ ਸਿਹਤ ਬੀਮਾ ਪ੍ਰਮੁੱਖ ਮੰਗਾਂ ਸ਼ਾਮਿਲ ਹਨ,ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਨੇ ਦੱਸਿਆ ਕਿ ਬੈਂਕਾਂ ਵੱਲੋਂ ਇਹ ਠੇਕੇਦਾਰ 25 ਹਜ਼ਾਰ ਤੋਂ ਲੈ ਕੇ 35000 ਪੈ ਲੈ ਰਹੇ ਹਨ ਅਤੇ ਇਹਨਾਂ ਮੁਲਾਜ਼ਮਾਂ ਨੂੰ ਮਹਿਜ਼ ਕਿਸੇ ਨੂੰ 5000 ਕਿਸੇ ਨੂੰ 7000 ਅਤੇ ਕਿਸੇ ਨੂੰ 10 ਦਿੱਤੇ ਜਾਂਦੇ ਹਨ ਅਤੇ ਬੈਂਕਾਂ ਦੇ ਵਿੱਚ ਕੰਮ ਕਰਨ ਦਾ ਕੋਈ ਵੀ ਪੱਕਾ ਸਮਾਂ ਨਹੀਂ ਹੈ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਸਾਡੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਰੈਗੂਲਰ ਕੀਤਾ ਜਾਵੇ ਜੇਕਰ ਸਰਕਾਰ ਸਾਡੀਆਂ ਇਹਨਾਂ ਮੰਗਾਂ ਤੇ ਕੋਈ ਗੌਰ ਨਹੀਂ ਕਰਦੀ ਤਾਂ ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਪੂਰੇ ਪੰਜਾਬ ਵਿੱਚ ਧਰਨੇ ਲਗਾਏ ਜਾਣਗੇ ਅਤੇ ਸਰਕਾਰ ਤੋਂ ਮੰਗਾਂ ਮਨਵਾਈਆਂ ਜਾਣਗੀਆਂ,ਸੂਬਾ ਪ੍ਰਧਾਨ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

ਜਨਰਲ ਸਕੱਤਰ ਗੁਰਵਿੰਦਰ ਸਿੰਘ ਰਾਮਗੜ੍ਹ ਸਰਦਾਰਾ, ਸੈਕਟਰੀ ਸੋਨੂ ਖਨੌਰੀ, ਵਾਈਸ ਪ੍ਰਧਾਨ ਧਰਮਿੰਦਰ ਸਿੰਘ, ਮੁੱਖ ਸਲਾਹਕਾਰ ਸੁਖਜਿੰਦਰ ਸਿੰਘ ਨਿੱਕੂ, ਖਜਾਨ ਜੀ ਹਰਜਿੰਦਰ ਸਿੰਘ, ਸੀਨੀਅਰ ਮੈਂਬਰ ਕੁਲਵਿੰਦਰ ਸਿੰਘ, ਗੁਰਮੁਖ ਸਿੰਘ ਮਲੇਰਕੋਟਲਾ ਸੈਕਟਰੀ, ਗਗਨਦੀਪ ਸਿੰਘ ਮਲੇਰਕੋਟਲਾ ਹਾਜ਼ਰ ਸਨ

# ਸੈਂਸੋਵਾਲ ਕਲਾਂ ਅਤੇ ਜੱਸੋਵਾਲ ਪਿੰਡ ਵਿੱਚੋਂ ਕਾਂਗਰਸ ਪਾਰਟੀ ਛੱਡ 'ਆਪ' ਵਿੱਚ ਸ਼ਾਮਿਲ ਹੋਏ ਪਰਿਵਾਰ

**ਮਾਛੀਵਾੜਾ ਸਾਹਿਬ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਫਤਿਹਗੜ੍ਹ ਦੇ ਬਲਾਕ ਮਾਛੀਵਾੜਾ ਅਧੀਨ ਆਉਂਦੇ ਪਿੰਡ ਸੈਂਸੋਵਾਲ ਕਲਾਂ ਅਤੇ ਜੱਸੋਵਾਲ ਵਿੱਚ ਅੱਜ ਉਸ ਸਮੇਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀ. ਪੀ. ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਿਆ ਜਦੋਂ ਅਨੇਕਾਂ ਪਰਿਵਾਰ ਕਾਂਗਰਸ ਪਾਰਟੀ ਅਤੇ ਹੋਰਨਾਂ ਪਾਰਟੀਆਂ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਜੱਸੋਵਾਲ ਵਿੱਚ ਆਪ ਆਗੂ ਜਗਤਾਰ ਸਿੰਘ ਜੱਸੋਵਾਲ ਅਤੇ ਸੈਂਸੋਵਾਲ ਕਲਾਂ ਵਿਖੇ ਉੱਘੇ ਪ੍ਰਾਪਰਟੀ ਅਡਵਾਈਜ਼ਰ ਸਾਬਕਾ ਸਰਪੰਚ ਭੁਪਿੰਦਰ ਸਿੰਘ ਚੌਹਾਨ ਦੀ ਦੇਖਰੇਖ ਹੇਠ ਹੋਏ ਸਮਾਗਮ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਾਮਿਲ ਹੁੰਦਿਆਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਭਰੋਸਾ ਜਤਾਇਆ। ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਪਰਿਵਾਰਾਂ ਦਾ ਸਵਾਗਤ ਕਰਦੇ ਹਾਂ ਕਿਹਾ ਕਿ ਪਾਰਟੀ ਵੱਲੋਂ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਪੰਜਾਬ ਦੇ ਵਿਕਾਸ ਲਈ ਪੰਜਾਬ ਸਰਕਾਰ ਦੀਆਂ ਲੋਕ ਨੀਤੀਆਂ ਕਾਰਨ ਜੋ ਪਰਿਵਾਰ ਦੂਸਰੀਆਂ ਪਾਰਟੀਆਂ ਤੋਂ ਸ਼ਾਮਿਲ ਹੋ ਰਹੇ ਹਨ। ਇਸ ਗੱਲ ਦੀ ਗਵਾਹੀ ਹਨ ਕਿ ਪੰਜਾਬ ਵਿੱਚ ਪੰਜਾਬ ਵਿਕਾਸ ਦੀਆਂ ਲੀਹਾਂ ਤੇ ਪਿਆ ਹੋਇਆ ਹੈ। ਪੰਜਾਬ ਵਿੱਚ ਆਪ ਦੇ ਸਾਰੇ ਉਮੀਦਵਾਰ ਕੰਮ ਦੇ ਅਧਾਰ ਤੇ ਵੋਟਾਂ ਦੀ ਮੰਗ ਕਰ ਰਹੇ ਹਨ। ਜੇਕਰ ਪੰਜਾਬ ਵਿੱਚ ਵਿਕਾਸ ਹੋਇਆ ਹੈ, 'ਆਪ' ਸਰਕਾਰ ਕੰਮ ਕਰ ਰਹੀ ਹੈ ਤਾਂ ਆਪ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਹੋਰ ਮਜਬੂਤ ਕੀਤਾ ਜਾਵੇ।

ਗੁਰਪ੍ਰੀਤ ਸਿੰਘ ਜੀ.ਪੀ. ਨੇ ਸੰਬੋਧਨ ਦੌਰਾਨ ਕਿਹਾ ਕਿ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਹਲਕੇ ਵਿੱਚ ਵਿਕਾਸ ਦੇ ਕੰਮਾਂ ਦੀ ਲੀਹ ਇਸ ਕਦਰ ਤੋਰੀ ਹੈ ਕਿ ਹਰ ਪਿੰਡ ਸ਼ਹਿਰ ਦੇ ਹਰ ਵਾਰਡ ਵਿੱਚੋਂ ਉਹਨਾਂ ਨੂੰ ਭਰਮਾ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਇਸ ਗੱਲ ਦੀ ਹਲਕਾ ਵਿਧਾਇਕ ਅਤੇ ਉਹਨਾਂ ਨਾਲ ਆਈ ਸਮੁੱਚੀ ਟੀਮ ਮੋਹਿਤ ਕੁੰਦਰਾ ਸਮੇਤ ਸਾਰੇ ਆਗੂਆਂ ਨੂੰ ਵਧਾਈ ਦਿੱਤੀ ਕਿ ਉਹਨਾਂ ਦੀ ਮਿਹਨਤ ਰੰਗ ਲਿਆ ਰਹੀ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਉਹਨਾਂ ਤੇ ਵਿਸ਼ਵਾਸ ਜਤਾਉਂਦਿਆਂ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਭੁਪਿੰਦਰ ਸਿੰਘ ਚੌਹਾਨ ਅਤੇ ਜਗਤਾਰ ਸਿੰਘ ਜੱਸੋਵਾਲ ਨੇ ਪਿੰਡਾਂ ਵਿੱਚ ਹੋਏ ਭਾਰੀ ਇਕੱਠ ਤੇ ਪਿੰਡ ਵਾਸੀਆਂ ਦਾ ਧੰਨਵਾਦ ਪ੍ਰਗਟ ਕੀਤਾ ਉੱਥੇ ਹੀ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ,'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ,ਸੀਨੀਅਰ 'ਆਪ' ਆਗੂ ਮੋਹਿਤ ਸੋਨੂੰ ਕੁੰਦਰਾ ਅਤੇ ਨਾਲ ਆਈ ਸਮੁੱਚੀ ਟੀਮ ਦਾ ਵੀ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਸਾਬਕਾ ਸਰਪੰਚ ਭੁਪਿੰਦਰ ਸਿੰਘ ,ਰੋਸ਼ਨ ਸਿੰਘ ,ਅਜਮੇਰ ਸਿੰਘ, ਅਮੀਰ ਸਿੰਘ ,ਹਰਮੀਤ ਸਿੰਘ ,ਸਤਪਾਲ ਸਿੰਘ, ਰਣਜੀਤ ਸਿੰਘ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ ਲਾਡੀ ,ਹੀਰਾ ਸਿੰਘ ਅਤੇ ਸਮੁੱਚਾ ਰਾਜਪੂਤ ਭਾਈਚਾਰਾ ਸ਼ਾਮਿਲ ਸੀ।

# 90 ਵੀ ਵਾਰ ਖ਼ੂਨਦਾਨ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ



**ਪਟਿਆਲਾ, 25 ਮਈ**
**--ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਖ਼ੂਨਦਾਨ ਕੈਂਪ ਦਾ ਆਯੋਜਨ ਲਾਈਫ ਲਾਈਨ ਬਲੱਡ ਬੈਂਕ ਵਿਖੇ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਇੰਸਪੈਕਟਰ ਜੋਗਿੰਦਰ ਸਿੰਘ ਜ਼ਿਲ੍ਹਾ ਇੰਚਾਰਜ ਟ੍ਰੈਫਿਕ ਪਟਿਆਲਾ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਪਟਿਆਲਾ ਨੇ ਖੁਦ 90 ਵੀ ਵਾਰ ਖ਼ੂਨਦਾਨ ਕਰਕੇ ਕੀਤੀ, ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ,,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਜਗਤਾਰ ਨਿੱਕਾ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਇੰਸਪੈਕਟਰ ਜੋਗਿੰਦਰ ਸਿੰਘ ਜ਼ਿਲ੍ਹਾ ਇੰਚਾਰਜ ਟ੍ਰੈਫਿਕ ਪਟਿਆਲਾ ਜੀ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵਲੋਂ 90 ਵੀ ਵਾਰ ਖ਼ੂਨਦਾਨ ਕਰਕੇ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਚੱਲਣ ਅਤੇ ਜਾਗਰੂਕ ਕਰਨ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਸੇਵਾ ਵੱਲ ਜੁੜਨ ਲਈ ਪ੍ਰੇਰਿਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ।

ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪਿਛਲੇ 15 ਸਾਲਾਂ ਵਿਚ ਵੱਖ ਵੱਖ ਧਾਰਮਿਕ ਸੰਸਥਾਵਾਂ, ਰਾਜਨੀਤੀ, ਯੂਥ ਕਲੱਬ ਦੇ ਸਹਿਯੋਗ ਨਾਲ ਭਾਰਤ ਦੇ 18 ਰਾਜਾ ਅਤੇ ਅੰਤਰਰਾਸ਼ਟਰੀ ਪੱਧਰ ਤੇ 6 ਦੇਸਾ ਅਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਤਕਰੀਬਨ 800 ਤੋਂ ਉਪਰ ਖ਼ੂਨਦਾਨ ਕੈਂਪ ਆਯੋਜਿਤ ਕਰਕੇ ਹੁਣ ਤੱਕ ਭਾਰਤ ਦੇ ਵੱਖ ਵੱਖ ਬਲੱਡ ਬੈਂਕਾਂ ਨੂੰ 45000 ਹਜ਼ਾਰ ਤੋਂ ਉਪਰ ਬਲੱਡ ਇੱਕਤਰ ਕਰਕੇ ਦਿੱਤਾ ਜਾ ਚੁੱਕਾ ਹੈ ਦਿੱਤਾ ਜਾ ਚੁੱਕਾ ਹੈ, ਇਸ ਤੋਂ ਇਲਾਵਾ ਉਹਨਾਂ ਦੀਆਂ ਸੰਸਥਾਵਾਂ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕੰਮ ਕਰ ਰਹੀਆਂ ਹਨ।

# ਫ਼ਰੀਦਾਬਾਦ ਪੁਲੀਸ ਵੱਲੋਂ ਫਲੈਗ ਮਾਰਚ



**ਫਰੀਦਾਬਾਦ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਕਮਿਸ਼ਨਰ ਰਾਕੇਸ਼ ਕੁਮਾਰ ਆਰੀਆ ਨੇ ਡੀਸੀ ਵਿਕਰਮ ਸਿੰਘ ਤੇ ਸੀਨੀਅਰ ਪੁਲੀਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਫਲੈਗ ਮਾਰਚ ਕੱਢਿਆ ਅਤੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਵੋਟਿੰਗ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਫਲੈਗ ਮਾਰਚ ਦੌਰਾਨ ਅਧਿਕਾਰੀਆਂ ਨੇ ਪੋਲਿੰਗ ਬੂਥਾਂ ਦਾ ਨਿਰੀਖਣ ਕੀਤਾ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਚੋਣਾਂ ਦੌਰਾਨ ਪੁਲੀਸ ਫਲੈਗ ਮਾਰਚ ਚੋਣ ਸੁਰੱਖਿਆ ਪ੍ਰਬੰਧਾਂ ਦਾ ਅਹਿਮ ਹਿੱਸਾ ਹੈ। ਇਸ ਫਲੈਗ ਮਾਰਚ ਦਾ ਮਕਸਦ ਚੋਣਾਂ ਸਮੇਂ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਅਤੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਉਣਾ ਹੈ ਕਿ ਪੁਲੀਸ ਉਨ੍ਹਾਂ ਦੀ ਸੁਰੱਖਿਆ ਲਈ ਤਿਆਰ ਰਹੇਗੀ।ਇਸ ਨਾਲ ਪੁਲੀਸ ਆਪਣੀ ਮੌਜੂਦਗੀ ਨੂੰ ਮਜ਼ਬੂਤ ? ?ਕਰਦੀ ਹੈ ਅਤੇ ਆਮ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਂਦੀ ਹੈ ਕਿ ਇਹ ਮਾਰਚ ਪੁਲੀਸ ਅਤੇ ਜਨਤਾ ਵਿਚਕਾਰ ਮੇਲ-ਜੋਲ ਅਤੇ ਭਾਈਵਾਲੀ ਨੂੰ ਹੱਲਾਸ਼ੇਰੀ ਦਿੰਦਾ ਹੈ। ਫਲੈਗ ਮਾਰਚ ਦਾ ਕਾਫਲਾ ਪੁਲੀਸ ਕਮਿਸ਼ਨਰ ਦਫ਼ਤਰ ਤੋਂ ਸ਼ੁਰੂ ਹੋ ਕੇ ਅਣਖੀਰ ਚੌਂਕ ਤੋਂ ਹੁੰਦਾ ਹੋਇਆ ਸੋਹਾਣਾ ਬੱਲਭਗੜ੍ਹ ਰੋਡ 'ਤੇ ਪਾਲੀ ਟੀ-ਪੁਆਇੰਟ ਤੋਂ ਗੋਠਦਾ ਮੁਹਤਬਾਦ, ਪਾਖਾਲ ਵਾਇਆ ਨੇਕਪੁਰ, ਨੇਕਪੁਰ ਵਾਇਆ ਨੰਗਲਾ ਚੌਂਕ, ਪਿੰਡ ਢੋਜ, ਖੋਰੀ ਜਮਾਲਪੁਰ ਤੋਂ ਹੁੰਦਾ ਹੋਇਆ ਵਾਪਸ ਪਰਤਿਆ।

ਸੋਹਨਾ ਵਾਇਆ ਬੱਲਭਗੜ੍ਹ ਰੋਡ ਤੋਂ ਪਾਲੀ ਟੀ-ਪੁਆਇੰਟ ਤੋਂ ਸੈਨਿਕ ਕਲੋਨੀ ਵਾਇਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਾਂ, ਪੀਡਬਲਯੂਡੀ ਰੈਸਟ ਹਾਊਸ ਬੱਲਭਗੜ੍ਹ, ਪੀਡਬਲਯੂਡੀ ਰੈਸਟ ਹਾਊਸ ਬੱਲਭਗੜ੍ਹ ਤੋਂ ਪਿੰਡ ਦਿਆਲਪੁਰ, ਮੋਹਣਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੰਨਸਾ, ਸ਼ਾਹਜਹਾਂਪੁਰ, ਇਮਾਮੂਦੀਨਪੁਰ, ਚਾਂਦਪੁਰ, ਕੁਰਾਲੀ, ਬਦਰੌਲਾ, ਤਿਗਾਂਵ, ਸੈਦਪੁਰ, ਫਰੀਦਪੁਰ ਵਾਇਆ ਬਟੌਲਾ, ਖੇੜੀਕਲਾਂ, ਖੇੜੀਕਲਾਂ ਵਾਇਆ ਸੈਕਟਰ 28, 29, 30, 31 ਤੋਂ ਇਤਮਾਦਪੁਰ, ਉਥੋਂ ਸਰਾਏ ਖਵਾਜਾ, ਤਿਲਪਤ ਵਿਖੇ ਸਮਾਪਤ ਹੋਇਆ।

# ਲੋਕਤੰਤਰ ਬਚਾਉਣ ਲਈ 'ਇੰਡੀਆ' ਗੱਠਜੋੜ ਜ਼ਰੂਰੀ: ਪਾਇਲਟ

**ਟੋਹਾਣਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਦੇ ਸੀਨੀਅਰ ਆਗੂ ਅਤੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਅੱਜ ਕਿਹਾ ਕਿ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਲਈ 'ਇੰਡੀਆ' ਗੱਠਜੋੜ ਨੂੰ ਕੇਂਦਰ ਦੀ ਸੱਤਾ ਵਿੱਚ ਲਿਆਉਣਾ ਜ਼ਰੂਰੀ ਹੈ। ਸਿਰਸਾ ਲੋਕ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਕੁਮਾਰੀ ਸੈਲਜ਼ਾ ਲਈ ਚੋਣ-ਪ੍ਰਚਾਰ ਕਰਨ ਵਾਸਤੇ ਇੱਥੇ ਪੁੱਜੇ ਹੋਏ ਸਨ। ਭੂਨਾ ਦੀ ਅਨਾਜ ਮੰਡੀ ਵਿਖੇ ਪੁੱਜਣ 'ਤੇ ਕਾਂਗਰਸੀ ਆਗੂ ਤੇ ਸਾਬਕਾ ਵਿਧਾਇਕ ਬਲਵਾਨ ਸਿੰਘ ਦੌਲਤਪੁਰੀਆ, ਸਾਬਕਾ ਵਿਧਾਇਕ ਪ੍ਰਲਾਦ ਸਿੰਘ ਗਿੱਲਾਖੇੜਾ, ਪਾਰਟੀ ਨੇਤਾ ਵਿਰੇਂਦਰ ਸਿਵਾਚ, ਸਾਬਕਾ ਵਿਧਾਇਕ ਕੁਲਬੀਰ ਬੈਨੀਵਾਨ ਆਦਿ ਨੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਪਾਇਲਟ ਦਾ ਸਵਾਗਤ ਕੀਤਾ। ਸਚਿਨ ਪਾਇਲਟ ਨੇ ਕਿਹਾ ਕਿ ਦੇਸ਼ ਦੇ ਲੋਕਤੰਤਰ ਢਾਂਚੇ, ਸੰਵਿਧਾਨ ਨੂੰ ਬਰਕਰਾਰ ਭਾਰਤੀ ਸਭਿਆਚਾਰ ਤੇ ਭਾਰਤੀ ਸਮਾਜ ਨੂੰ ਬਚਾਉਣ ਲਈ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਵਾਸਤੇ ਹਰੇਕ ਨਾਗਰਿਕ ਨੂੰ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਦੋਸ਼ ਲਾਇਆ ਕਿ ਅਹਿਮ ਪਰੰਪਰਾਵਾਂ ਨੂੰ ਬਚਾਉਣ ਲਈ ਭਾਜਪਾ ਦੀਆਂ ਕੋਝੀਆਂ ਨੀਤੀਆਂ ਨੂੰ ਹਰਾਉਣ ਲਈ 'ਇੰਡੀਆ' ਗੱਠਜੋੜ ਉਮੀਦਵਾਰਾਂ ਨੂੰ ਜਿਤਾਉਣ ਜ਼ਰੂਰੀ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਕਿਸਾਨ, ਮਜ਼ਦੂਰ, ਨੌਜਵਾਨ, ਗ਼ਰੀਬ ਪਰਿਵਾਰਾਂ ਨੂੰ ਝੂਠੇ ਲਾਰੇ ਪਰੋਸਣ ਅਤੇ ਕਾਰਪੋਰੇਟ ਘਰਾਣਿਆਂ ਨੂੰ ਗੱਫੇ ਵੰਡਣ ਤੋਂ ਬਿਨਾਂ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਈ ਕਾਰੋਬਾਰੀ ਦੇਸ਼ ਦਾ ਪੈਸਾ ਲੈ ਕੇ ਫ਼ਰਾਰ ਹੋਏ ਹੋ ਗਏ ਪਰ ਉਨ੍ਹਾਂ ਖ਼ਿਲਾਫ਼ ਕਾਰਵਾਈ ਨਹੀਂ ਹੋਈ। ਭਾਜਪਾ ਨੇ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਦੌਰਾਨ ਮੌਤਾਂ 'ਤੇ ਚੁੱਪ ਵੱਟੀ ਰੱਖੀ ਅਤੇ ਉਲਟੇ ਉਨ੍ਹਾਂ ਖ਼ਿਲਾਫ਼ ਪੁਲੀਸ ਕੇਸ ਮੜ੍ਹ ਦਿੱਤੇ। ਸਚਿਨ ਪਾਇਲਟ ਨੇ ਕਿਹਾ ਕਿ ਕੁਮਾਰੀ ਸੈਲਜਾ ਦੇ ਪੱਖ ਵਿੱਚ ਮਤਦਾਨ ਕਰਨ ਦੀ ਅਪੀਲ ਕੀਤੀ।

# ਭਾਜਪਾ ਦੀਆਂ ਗ਼ਰੀਬ ਵਿਰੋਧੀ ਨੀਤੀਆਂ ਤੋਂ ਲੋਕ ਪ੍ਰੇਸ਼ਾਨ: ਮਹਿੰਦਰ ਪ੍ਰਤਾਪ ਸਿੰਘ

**ਫਰੀਦਾਬਾਦ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕਰਨ ਸਿੰਘ ਦਲਾਲ ਹੁਣ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਮਹਿੰਦਰ ਪ੍ਰਤਾਪ ਸਿੰਘ ਦੇ ਚੋਣ ਪ੍ਰਚਾਰ ਵਿੱਚ ਪੂਰੀ ਤਰ੍ਹਾਂ ਜੁਟੇ ਹੋਏ ਹਨ। ਮਹਿੰਦਰ ਪ੍ਰਤਾਪ ਸਿੰਘ ਦੇ ਨਾਲ ਪਲਵਲ ਵਿਧਾਨ ਸਭਾ ਹਲਕੇ ਵਿੱਚ ਦਰਜਨ ਤੋਂ ਵੱਧ ਚੋਣ ਸਭਾਵਾਂ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਪਿੰਡ ਕੁਲੈਨਾ ਤੋਂ ਕੀਤੀ ਜਿਸ ਤੋਂ ਬਾਅਦ ਪਿੰਡ ਬਾਗਪੁਰ, ਸੋਲਦਾ, ਚੰਡਾਲ, ਘੋੜੀ, ਸਿਹੌਲ, ਰਸੂਲਪੁਰ, ਬਡੌਲੀ, ਰੂੰਢੀ ਤੋਂ ਇਲਾਵਾ ਪਲਵਲ ਦੇ ਸ਼ਹਿਰੀ ਖੇਤਰ ਕੈਂਪ ਕੋਲਾਨੀ ਚੌਂਕ, ਮੋਹਨ ਨਗਰ ਅਤੇ ਰਾਜੀਵ ਨਗਰ 'ਚ ਕੀਤੀਆਂ ਮੀਟਿੰਗਾਂ 'ਚ ਲੋਕਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਉਨ੍ਹਾਂ ਦੋਵੇਂ ਹੱਥ ਚੁੱਕੇ ਖੁੱਲ੍ਹੇਆਮ ਸਮਰਥਨ ਦਾ ਐਲਾਨ ਕੀਤਾ ਗਿਆ।

ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਉਮੀਦਵਾਰ ਚੌਧਰੀ ਮਹਿੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਅੱਜ ਕਿਸਾਨ, ਕਿਸਾਨ, ਔਰਤਾਂ, ਮੁਲਾਜ਼ਮਾਂ ਸਮੇਤ ਸਮਾਜ ਦਾ ਹਰ ਵਰਗ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਹੈ। ਭਾਜਪਾ ਦੀਆਂ ਗ਼ਰੀਬ ਵਿਰੋਧੀ ਨੀਤੀਆਂ ਕਾਰਨ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਘੁਟਾਲੇ ਹੋ ਰਹੇ ਹਨ। ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਤੋਂ ਸਿਵਾਏ ਕੁਝ ਨਹੀਂ ਹੈ ਅਤੇ ਪੋਰਟਲ ਅਤੇ ਫੈਮਿਲੀ ਆਈਡੀ ਦੇ ਨਾਂ 'ਤੇ ਲੋਕਾਂ ਨਾਲ ਠੱਗੀ ਮਾਰੀ ਜਾ ਰਹੀ ਹੈ। ਇਸ ਦੇ ਨਾਲ ਹੀ ਵਿਕਾਸ ਦੇ ਨਾਂ 'ਤੇ ਕੁਝ ਵੀ ਨਜ਼ਰ ਨਹੀਂ ਆ ਰਿਹਾ ਅਤੇ ਵਿਕਾਸ ਦੇ ਨਾਂ 'ਤੇ ਸਿਰਫ ਘੁਟਾਲੇ ਹੀ ਹੋ ਰਹੇ ਹਨ। ਜਿੱਥੇ ਸੜਕਾਂ ਦਾ ਬੁਰਾ ਹਾਲ ਹੈ, ਉੱਥੇ ਹੀ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ।

# ਝੂਠ ਦੇ ਸਹਾਰੇ ਹੁਣ ਭਾਜਪਾ ਨੂੰ ਨਹੀਂ ਮਿਲੇਗੀ ਸੱਤਾ: ਕੁਮਾਰੀ ਸ਼ੈਲਜਾ

**ਸਿਰਸਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਸਿਰਸਾ ਤੋਂ 'ਇੰਡੀਆ' ਗੱਠਜੋੜ ਦੀ ਉਮੀਦਵਾਰ ਕੁਮਾਰੀ ਸ਼ੈਲਜਾ ਦੇ ਹੱਕ 'ਚ ਪ੍ਰਿਯੰਕਾ ਗਾਂਧੀ 23 ਮਈ ਨੂੰ ਸਿਰਸਾ 'ਚ ਰੋਡ ਸ਼ੋਅ ਕਰਨਗੇ। ਇਹ ਜਾਣਕਾਰੀ ਕੁਮਾਰੀ ਸ਼ੈਲਜਾ ਨੇ ਇਥੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਸਿਰਸਾ ਦੇ ਵੱਖ-ਵੱਖ ਇਲਾਕੇ 'ਚ ਨੁੱਕੜ ਚੋਣ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਉਮੀਦਵਾਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਲੋਕ ਝੂਠ ਅਤੇ ਬਿਆਨਬਾਜ਼ੀ ਤੋਂ ਤੰਗ ਆ ਚੁੱਕੇ ਹਨ। ਹੁਣ ਭਾਜਪਾ ਨੂੰ ਝੂਠ ਅਤੇ ਬਿਆਨਬਾਜ਼ੀ ਦੇ ਸਹਾਰੇ ਸੱਤਾ ਮਿਲਣ ਵਾਲੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਮੋਦੀ ਅਤੇ ਭਾਜਪਾ ਨੇ ਸਾਲ 2014 ਵਿੱਚ ਝੂਠ ਅਤੇ ਬਿਆਨਬਾਜ਼ੀ ਦੇ ਸਹਾਰੇ ਦੇਸ਼ ਦੀ ਸੱਤਾ ਹਾਸਲ ਕੀਤੀ ਸੀ। ਭਾਜਪਾ ਨੇ ਦੇਸ਼ ਅਤੇ ਸੂਬੇ 'ਚ ਆਪਣੇ ਦਸ ਸਾਲਾਂ ਦੇ ਰਾਜ 'ਚ ਲੋਕਾਂ 'ਤੇ ਡਾਢਾ ਜ਼ੁਲਮ ਢਾਇਆ ਹੈ। ਭਾਜਪਾ ਨੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਵੰਡਿਆ ਹੈ। ਇਸੇ ਲਈ ਰਾਹੁਲ ਨੇ ਨਫ਼ਰਤ ਦੇ ਬਾਜ਼ਾਰ ਵਿੱਚ ਪਿਆਰ ਦੀ ਦੁਕਾਨ ਖੋਲ੍ਹਣ ਲਈ ਦੇਸ਼ ਵਿੱਚ 10 ਹਜ਼ਾਰ ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕੀਤਾ। ਕੁਮਾਰੀ ਸ਼ੈਲਜਾ ਨੇ ਕਿਹਾ ਕਿ ਅੱਜ ਹਰ ਵਿਅਕਤੀ ਇਨਸਾਫ਼ ਚਾਹੁੰਦਾ ਹੈ।

# ਭੁਪਿੰਦਰ ਸਿੰਘ ਹੁੱਡਾ ਭਾਜਪਾ ਦੀ 'ਬੀ' ਟੀਮ: ਅਭੈ ਚੌਟਾਲਾ

**ਸਿਰਸਾ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇੰਡੀਅਨ ਨੈਸ਼ਨਲ ਲੋਕ ਦਲ ਦੇ ਕੌਮੀ ਪ੍ਰਧਾਨ ਅਤੇ ਏਲਨਾਬਾਦ ਹਲਕੇ ਤੋਂ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਹੁੱਡਾ ਭਾਜਪਾ ਦੀ ਬੀ ਟੀਮ ਵਜੋਂ ਕੰਮ ਕਰ ਰਿਹਾ ਹੈ। ਉਹ ਇਥੇ ਨਹਿਰੂ ਪਾਰਕ 'ਚ ਇਨੈਲੋ ਉਮੀਦਵਾਰ ਸੰਦੀਪ ਲੋਟ ਦੇ ਹੱਕ ਵਿੱਚ ਰੈਲੀ ਕਰਕੇ ਲੋਕਾਂ ਨੂੰ ਵੋਟਾਂ ਦੀ ਅਪੀਲ ਕਰ ਰਹੇ ਸਨ।

ਅਭੈ ਸਿੰਘ ਚੌਟਾਲਾ ਨੇ ਕਿਹਾ ਕਿ ਭੁਪਿੰਦਰ ਹੁੱਡਾ ਤੇ ਉਨ੍ਹਾਂ ਦੇ ਚਹੇਤੇ ਕਹਿ ਰਹੇ ਹਨ ਕਿ ਉਹ (ਅਭੈ ਸਿੰਘ ਚੌਟਾਲਾ) ਕੁਮਾਰੀ ਸ਼ੈਲਜਾ ਦੀ ਮਦਦ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਗੱਲ ਪੂਰੀ ਤਰ੍ਹਾਂ ਬੇਬੁਨਿਆਦ ਹੈ। ਉਨ੍ਹਾਂ ਨੇ ਕਿਹਾ ਕਿ ਭੁਪਿੰਦਰ ਸਿੰਘ ਹੁੱਡਾ ਹੀ ਅਸਲੀਅਤ ਵਿੱਚ ਭਾਜਪਾ ਦੀ ਬੀ ਟੀਮ ਹੈ। ਉਹ ਇਸ ਗੱਲ ਨੂੰ ਸਾਬਤ ਕਰ ਸਕਦੇ ਹਨ। ਅਭੈ ਸਿੰਘ ਚੌਟਾਲਾ ਨੇ ਕਿਹਾ ਕਿ ਇਨੈਲੋ ਸਾਬਕਾ ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਦੀਆਂ ਨੀਤੀਆਂ 'ਤੇ ਚੱਲ ਰਹੀ ਹੈ।

ਇਹ ਇੱਕ ਸਿਧਾਂਤਕ ਪਾਰਟੀ ਹੈ, ਜਿਸ ਨੇ ਹਮੇਸ਼ਾ ਸਾਫ਼-ਸੁਥਰੀ ਰਾਜਨੀਤੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨੇ ਸਿਰਸਾ ਸੰਸਦੀ ਹਲਕੇ ਤੋਂ ਇਨੈਲੋ ਉਮੀਦਵਾਰ ਸੰਦੀਪ ਲੋਟ ਨੂੰ ਰਿਕਾਰਡ ਵੋਟਾਂ ਨਾਲ ਜਿਤਾਉਣ ਦਾ ਸੱਦਾ ਦਿੱਤਾ।

# ਤੀਜੀ ਵਾਰ ਸਰਕਾਰ ਬਣਾਏਗੀ ਭਾਜਪਾ: ਕਾਂਡਾ

**ਰਤੀਆ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਰਸਾ ਦੇ ਵਿਧਾਇਕ ਤੇ ਸਾਬਕਾ ਮੰਤਰੀ ਗੋਪਾਲ ਕਾਂਡਾ ਨੇ ਕਿਹਾ ਕਿ ਦੇਸ਼ ਵਿੱਚ ਤੀਜੀ ਵਾਰ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ।

ਰਤੀਆ ਪੁੱਜੇ ਸ੍ਰੀ ਕਾਂਡਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਗ਼ਰੀਬ ਵਰਗ ਦੀਆਂ ਸਮੱਸਿਆਵਾਂ ਨੂੰ ਸਮਝਿਆ ਹੈ ਅਤੇ ਉਨ੍ਹਾਂ ਦੇ ਹੱਲ ਲਈ ਕਈ ਅਹਿਮ ਯੋਜਨਾਵਾਂ ਲਾਗੂ ਕੀਤੀਆਂ ਹਨ। ਵਿਧਾਇਕ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਯੋਗ ਅਗਵਾਈ ਵਿੱਚ ਦੇਸ਼ ਨੇ ਤਰੱਕੀ ਦੇ ਨਵੇਂ ਆਯਾਮ ਸਥਾਪਤ ਕੀਤੇ ਹਨ।

# ਸੁਸ਼ੀਲ ਗੁਪਤਾ ਵੱਲੋਂ ਬਾਬੈਨ ਖੇਤਰ ਦੇ ਪਿੰਡਾਂ 'ਚ ਚੋਣ ਪ੍ਰਚਾਰ

**ਸ਼ਾਹਬਾਦ ਮਾਰਕੰਡਾ,25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ 'ਇੰਡੀਆ' ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਤੇ ਵਿਧਾਇਕ ਮੇਵਾ ਸਿੰਘ ਨੇ ਬਾਬੇਨ ਖੇਤਰ ਦੇ ਪਿੰਡ ਈਸ਼ਰਹੇੜੀ, ਬੀੜ ਕਾਲਵਾ, ਸੁਨਾਰੀਆਂ, ਬੇਰਥਲਾ, ਹਮੀਦਪੁਰ ਬਚਗਾਂਵ ਜਾਟਾਨ ਆਦਿ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ। ਡਾ. ਸੁਸ਼ੀਲ ਗੁਪਤਾ ਨੇ ਦਾਅਵਾ ਕੀਤਾ ਕਿ ਪਿੰਡਾਂ ਵਿਚ ਭਾਜਪਾ ਤੇ ਜੇਜੇਪੀ ਉਮੀਦਵਾਰਾਂ ਨੂੰ ਪਿੰਡਾਂ 'ਚ ਦਾਖ਼ਲ ਨਾ ਹੋਣ ਦੇਣ ਸਬੰਧੀ ਬੋਰਡ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਕਾਰਕੁਨ ਪੂਰੀ ਮਿਹਨਤ ਨਾਲ ਹਰਿਆਣਾ ਦੀਆਂ ਸਾਰੀਆਂ ਦਸ ਲੋਕ ਸਭਾ ਸੀਟਾਂ ਜਿੱਤਣ ਲਈ ਜੁਟੇ ਹੋਏ ਹਨ। ਉਨ੍ਹਾਂ ਕਿਹਾ ਕਿ 'ਇੰਡੀਆ' ਗੱਠਜੋੜ ਦੀ ਸਰਕਾਰ ਬਣਨ ਦੀ ਸੂਰਤ ਵਿੱਚ ਕਿਸਾਨਾਂ ਨੂੰ ਸਵਾਮੀਨਾਥਨ ਰਿਪੋਰਟ ਦੇ ਹਿਸਾਬ ਨਾਲ ਐੱਮਐੱਸਪੀ ਮਿਲੇਗਾ।

ਵਿਧਾਇਕ ਮੇਵਾ ਸਿੰਘ ਨੇ ਕਿਹਾ ਕਿ ਅੱਜ ਪੂਰੇ ਹਰਿਆਣਾ ਵਿਚ ਗੱਠਜੋੜ ਦੀ ਲਹਿਰ ਚੱਲ ਰਹੀ ਹੈ। ਸੂਬੇ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਤੇ ਕਰਨਾਲ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿਚ 'ਇੰਡੀਆ' ਗੱਠਜੋੜ ਦੇ ਉਮੀਦਵਾਰ ਜਿੱਤ ਹਾਸਲ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਹੋਣ ਵਾਲੇ ਵਿਧਾਨ ਸਭਾ ਚੋਣਾਂ ਵਿਚ ਵੀ ਕਾਂਗਰਸ ਭਾਰੀ ਬਹੁਮੱਤ ਹਾਸਲ ਕਰ ਸਰਕਾਰ ਬਣਾਏਗੀ।

ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਲੋਕ ਸਭਾ ਸੀਟ ਤੇ ਚੋਣ ਪ੍ਰਚਾਰ ਜ਼ੋਰਾਂ 'ਤੇ ਹੈ ਅਤੇ ਹਰ ਸ਼ਹਿਰ ਪਿੰਡ ਤੇ ਵਾਰਡ ਦੇ ਲੋਕ ਗੱਠਜੋੜ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਸਾਬਕਾ ਸੰਸਦ ਕੈਲਾਸ਼ੋ ਸੈਣੀ ਨੇ ਕਿਹਾ ਕਿ ਨਵੀਨ ਜਿੰਦਲ ਵੀ ਇਥੋਂ ਦੋ ਵਾਰ ਸੰਸਦ ਰਹੇ ਤੇ ਨਾਇਬ ਸੈਣੀ ਵੀ ਪਰ ਇਨਾਂ ਨੇ ਕਦੇ ਗ਼ਰੀਬਾਂ ਦੀ ਆਵਾਜ਼ ਸੰਸਦ ਵਿੱਚ ਨਹੀਂ ਉਠਾਈ। ਚੋਣਾਂ ਸਮੇਂ ਹੱਥ ਜੋੜ ਕੇ ਵੋਟ ਮੰਗਦੇ ਹਨ ਤੇ ਜਿੱਤਣ ਤੋਂ ਬਾਅਦ ਸ਼ਕਲ ਤਕ ਨਹੀਂ ਦਿਖਾਉਂਦੇ। ਇਸ ਮੌਕੇ ਜੈ ਪਾਲ ਪੰਚਾਲ, ਨੈਬ ਸਿੰਘ ਪਟਾਕਮਾਜਰਾ, ਗੁਰਦੇਵ ਸੂਰਾ, ਸੰਜੀਵ ਭੁਖੜੀ, ਅਮਰੀਕ ਬਕਾਲੀ, ਅਸ਼ੋਕ ਸੈਣੀ ਰਾਮ ਪਾਲ ਸੈਣੀ ਆਦਿ ਤੋਂ ਇਲਾਵਾ ਕਈ ਪਤਵੰਤੇ ਮੌਜੂਦ ਸਨ।

# ਪਾਣੀ ਦੀ ਕਿੱਲਤ ਨੇ ਸੁੱਕਣੇ ਪਾਏ ਲੋਕ

**ਫਰੀਦਾਬਾਦ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਐੱਨਸੀਆਰ ਦੇ ਇਲਾਕੇ ਵਿੱਚ ਪੈ ਰਹੀ ਤਾਬੜ-ਤੋੜ ਗਰਮੀ ਦੌਰਾਨ ਫਰੀਦਾਬਾਦ ਵਿੱਚ ਪਾਣੀ ਦੀ ਕਿੱਲਤ ਪਾਈ ਜਾ ਰਹੀ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਾਣੀ ਦੀ ਧੀਮੀ ਸਪਲਾਈ ਸੱਤਾਧਾਰੀ ਧਿਰ ਦੇ ਉਮੀਦਵਾਰ ਲਈ ਮੁਸੀਬਤ ਬਣ ਗਈ ਹੈ। ਜਦੋਂ ਵੀ ਭਾਜਪਾ ਦੇ ਉਮੀਦਵਾਰ ਕ੍ਰਿਸ਼ਨਪਾਲ ਗੁਜਰ ਦੇ ਸਮਰਥਕ ਕਲੋਨੀਆਂ ਵਿੱਚ ਵੋਟਾਂ ਮੰਗਣ ਆਉਂਦੇ ਹਨ ਜਾਂ ਉਨ੍ਹਾਂ ਨਾਲ ਸੰਪਰਕ ਕਰਦੇ ਹਨ ਤਾਂ ਔਰਤਾਂ ਉਨ੍ਹਾਂ ਨੂੰ ਗਰਮੀ ਵਿੱਚ ਪਾਣੀ ਦੀ ਭਾਰੀ ਕਮੀ ਦਾ ਤਾਅਨਾ ਮਾਰਦੀਆਂ ਹਨ। ਐੱਨਆਈਟੀ ਫਰੀਦਾਬਾਦ ਦੇ ਸੈਕਟਰਾਂ ਤੋਂ ਇਲਾਵਾ ਕਲੋਨੀਆਂ ਦੇ ਲੋਕਾਂ ਨੂੰ ਨਿੱਜੀ ਟੈਂਕਰਾਂ ਵਾਲਿਆਂ ਤੋਂ ਮਹਿੰਗੇ ਭਾਅ ਪਾਣੀ ਖ਼ਰੀਦਣਾ ਪੈ ਰਿਹਾ ਹੈ। ਜਵਾਹਰ ਕਲੋਨੀ, ਸੰਜੈ ਗਾਂਧੀ ਮੈਮੋਰੀਅਲ ਨਗਰ, ਆਦਰਸ਼ ਨਗਰ, ਡਬੂਆ ਕਲੋਨੀ ਅਤੇ ਹੋਰ ਇਲਾਕਿਆਂ ਵਿੱਚ ਪਾਣੀ ਦੀ ਭਾਰੀ ਕਿੱਲਤ ਪਾਈ ਜਾ ਰਹੀ ਹੈ। ਸਰਕਾਰੀ ਟੂਟੀਆਂ 'ਤੇ ਪਾਣੀ ਦੀ ਸਪਲਾਈ ਬਹੁਤ ਘੱਟ ਆ ਰਹੀ ਹੈ।

ਉਹ ਵੀ ਰਾਤ ਸਮੇਂ ਆਉਂਦੀ ਹੈ ਜਿਸ ਕਰਕੇ ਔਰਤਾਂ ਨੂੰ ਰਾਤਾਂ ਨੂੰ ਜਾਗ ਕੇ ਪਾਣੀ ਭਰਨਾ ਪੈਂਦਾ ਹੈ। ਜ਼ਿਲ੍ਹੇ ਵਿੱਚ ਪਾਣੀ ਦੀ ਪਹਿਲਾਂ ਹੀ ਕਮੀ ਹੈ, ਉਪਰੋਂ ਤੇਜ਼ ਗਰਮੀ ਕਾਰਨ ਖਪਤ ਵਧ ਜਾਂਦੀ ਹੈ। ਫਰੀਦਾਬਾਦ ਨਗਰ ਨਿਗਮ ਪਾਣੀ ਸਪਲਾਈ ਨੂੰ ਪੂਰਾ ਕਰਨ ਵਿੱਚ ਨਾਕਾਮ ਸਾਬਤ ਹੋਇਆ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਹੇਠਾਂ ਜਾਣ ਕਰਕੇ ਕਲੋਨੀਆਂ ਵਿੱਚ ਲੱਗੇ ਟਿਊਬਵੈੱਲ ਠੱਪ ਹੋ ਕੇ ਰਹਿ ਗਏ ਹਨ।

ਬੀਤੇ ਦਿਨੀਂ ਸਥਾਨਕ ਵਿਧਾਇਕਾ ਸੀਮਾ ਤ੍ਰਿਖਾ ਕੋਲ ਵੀ ਔਰਤਾਂ ਨੇ ਪਾਣੀ ਦੀ ਕਮੀ ਦਾ ਮੁੱਦਾ ਉਠਾਇਆ ਸੀ। ਲੋਕਾਂ ਨੇ ਮੰਗ ਕੀਤੀ ਕਿ ਗਰਮੀਆਂ ਵਿੱਚ ਪਾਣੀ ਦੀ ਪੂਰੀ ਪੂਰਤੀ ਕੀਤੀ ਜਾਵੇ।
ਉਧਰ, ਵਿਧਾਇਕਾ ਸੀਮਾ ਤ੍ਰਿਖਾ ਵੱਲੋਂ ਸਥਾਨਕ ਲੋਕਾਂ ਨੂੰ ਪਾਣੀ ਦੀ ਕਮੀ ਦੂਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ।ਲਗਾਤਾਰ ਵੱਧ ਰਹੇ ਤਾਪਮਾਨ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸੈਮਸੰਗ 'ਸੋਲਵ ਫਾਰ ਟੂਮੋਰੋ' ਸਕੂਲੀ ਵਿਦਿਆਰਥੀਆਂ ਵਿੱਚ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਵਿਕਸਤ ਕਰਨ ਲਈ ਪਹਿਲੀ ਵਾਰ ਡਿਜ਼ਾਈਨ ਥਿੰਕਿੰਗ ਵਰਕਸ਼ਾਪ ਦਾ ਆਯੋਜਨ ਕੀਤਾ

**ਚੰਡੀਗੜ੍ਹ, 25 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੌਨਿਕਸ ਬ੍ਰਾਂਡ ਨੇ ਦੇਸ਼ ਭਰ ਦੇ ਚੋਣਵੇਂ ਸਕੂਲਾਂ ਵਿੱਚ ਪਹਿਲੀ ਵਾਰ ਡਿਜ਼ਾਇਨ ਸੋਚ ਅਤੇ ਸਿਖਲਾਈ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਹੈ। ਇਹ ਵਿਲੱਖਣ ਪਹਿਲਕਦਮੀ, ਸੈਮਸੰਗ ਦੇ 'ਸੋਲਵ ਫਾਰ ਟੂਮੋਰੋ' ਪ੍ਰੋਗਰਾਮ ਦਾ ਹਿੱਸਾ ਹੈ, ਮਨੁੱਖੀ- ਕੇਂਦਰਿਤ ਡਿਜ਼ਾਈਨ ਥਿੰਕਿੰਗ ਫਰੇਮਵਰਕ ਦੁਆਰਾ ਵਿਦਿਆਰਥੀਆਂ ਵਿੱਚ ਸਮੱਸਿਆ-ਹੱਲ ਕਰਨ, ਆਲੋਚਨਾਤਮਕ ਸੋਚ, ਜਾਂਚ ਅਤੇ ਰਚਨਾਤਮਕਤਾ ਵਰਗੇ ਜ਼ਰੂਰੀ ਹੁਨਰਾਂ ਨੂੰ ਵਧਾਉਣ 'ਤੇ ਕੇਂਦਰਿਤ ਹੈ। ਰਾਸ਼ਟਰੀ ਸਿੱਖਿਆ ਅਤੇ ਨਵੀਨਤਾ ਪ੍ਰਤੀਯੋਗਤਾ ਦਾ ਉਦੇਸ਼ ਅਗਲੀ ਪੀੜ੍ਹੀ ਵਿੱਚ ਨਵੀਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ, ਇਕ ਰੋਜ਼ਾ ਵਰਕਸ਼ਾਪ ਦੀ ਧਾਰਨਾ ਵਿਦਿਆਰਥੀਆਂ ਨੂੰ ਡਿਜ਼ਾਈਨ ਸੋਚ ਦੇ ਵਿਚਾਰ ਦੀ ਕਦਰ ਕਰਨ ਅਤੇ ਅਸਲ-ਸੰਸਾਰ ਦੀਆਂ ਸਮੱਸਿਆਵਾਂ ਦੀ ਪਛਾਣ ਕਰਨ ਅਤੇ ਹੱਲ ਕਰਨ ਲਈ ਪ੍ਰੇਰਿਤ ਕਰਨ ਲਈ ਕੀਤੀ ਗਈ ਹੈ। ਅਕਾਦਮਿਕ ਪਾਠਕ੍ਰਮ ਦੇ ਹਿੱਸੇ ਵਜੋਂ, ਮਨੁੱਖੀ- ਕੇਂਦਰਿਤ ਡਿਜ਼ਾਈਨ ਸੋਚ-ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਸ਼ਕਤੀਸ਼ਾਲੀ ਅਭਿਆਸ ਹੈ। ਡਿਜ਼ਾਈਨ ਸੰਸਾਰ ਦੀਆਂ ਪ੍ਰਕਿਰਿਆਵਾਂ ਅਤੇ ਸਾਧਨਾਂ ਦੀ ਵਰਤੋਂ ਕਰਦੇ ਹੋਏ, ਮਨੁੱਖੀ ਕੇਂਦਰਿਤ ਡਿਜ਼ਾਈਨ ਫਰੇਮਵਰਕ ਉਪਭੋਗਤਾਵਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਹਮਦਰਦੀ, ਪਰਿਭਾਸ਼ਾ, ਵਿਚਾਰਧਾਰਾ, ਪ੍ਰੋਟੋਟਾਈਪਿੰਗ ਅਤੇ ਇੱਕ ਹੱਲ ਦੀ ਜਾਂਚ 'ਤੇ ਪ੍ਰਭਾਵ ਪਾਉਂਦਾ ਹੈ।

ਸੈਮਸੰਗ ਸੋਲਵ ਫਾਰ ਟੂਮੋਰੋ ਅਗਲੀ ਪੀੜ੍ਹੀ ਨੂੰ ਸਸ਼ਕਤ ਕਰਨ ਅਤੇ ਦੇਸ਼ ਵਿੱਚ ਨਵੀਨਤਾ ਦਾ ਇੱਕ ਈਕੋਸਿਸਟਮ ਬਣਾਉਣ ਲਈ ਸਾਡੇ ਵਿਜ਼ਨ ਦਾ ਹਿੱਸਾ ਹੈ। ਸਾਡਾ ਮੰਨਣਾ ਹੈ ਕਿ ਉਹ ਨਵੀਨਤਾ ਦੇ ਝੰਡਾਬਰਦਾਰ ਹਨ ਅਤੇ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਪਾਲਣ ਪੋਸ਼ਣ ਦੀ ਲੋੜ ਹੁੰਦੀ ਹੈ। ਡਿਜ਼ਾਇਨ ਸੋਚ ਵਰਕਸ਼ਾਪਾਂ ਨੂੰ ਇਸ ਸਾਲ 10 ਸਕੂਲਾਂ ਵਿੱਚ ਪਾਇਲਟ ਵਜੋਂ ਪੇਸ਼ ਕੀਤਾ ਗਿਆ ਹੈ ਤਾਂ ਜੋ ਨੌਜਵਾਨ ਵਿਦਿਆਰਥੀਆਂ ਨੂੰ ਪ੍ਰੋਜੈਕਟਾਂ ਨੂੰ ਚਲਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ, ਜਿਸ ਵਿੱਚ ਸਮੱਸਿਆ-ਹੱਲ ਕਰਨਾ, ਸਹਿਯੋਗ ਕਰਨਾ ਅਤੇ ਰਚਨਾਤਮਕ ਸੋਚ ਸ਼ਾਮਲ ਹੈ। ਇਹਨਾਂ ਔਫਲਾਈਨ ਸੈਸ਼ਨਾਂ ਰਾਹੀਂ, ਸਕੂਲੀ ਵਿਦਿਆਰਥੀਆਂ ਨੂੰ ਬੁਨਿਆਦੀ ਸਵਾਲਾਂ ਦੇ ਸਵਾਲ ਕਰਨ, ਅਸਲ-ਸੰਸਾਰ ਦੇ ਮੁੱਦਿਆਂ ਦੀ ਪਛਾਣ ਕਰਨ ਅਤੇ ਤਕਨੀਕੀ-ਅਧਾਰਿਤ ਹੱਲ ਪ੍ਰਸਤਾਵਿਤ ਕਰਨ ਦਾ ਇੱਕ ਵਿਲੱਖਣ ਮੌਕਾ ਮਿਲੇਗਾ÷, ਸੈਮਸੰਗ ਦੱਖਣ-ਪੱਛਮੀ ਏਸ਼ੀਆ ਦੇ ਕਾਰਪੋਰੇਟ ਵਾਈਸ ਪ੍ਰੈਜ਼ੀਡੈਂਟ SP ਚੁਨ ਨੇ ਕਿਹਾ।

## ਤੁਹਾਡੀ ਸਿਹਤ

# ਕੁਦਰਤ ਦਾ ਵਰਦਾਨ ਮੇਥੀ



- ਡਾ. ਹਰਸ਼ਿੰਦਰ ਕੌਰ

ਇੱਕ ਮੈਡੀਕਲ ਕਾਨਫਰੰਸ ਵਿੱਚ ਇੱਕ ਨਵੀਂ ਦਵਾਈ ਬਾਰੇ ਦੱਸਿਆ ਗਿਆ ਕਿ ਇਹ ਸ਼ੱਕਰ ਰੋਗੀਆਂ ਲਈ ਬਹੁਤ ਫ਼ਾਇਦੇਮੰਦ ਸਾਬਤ ਹੋ ਰਹੀ ਹੈ। ਉਸ ਦਵਾਈ ਦਾ ਨਾਂ ਸੀ 'ਫੈਨਫਿਊਰੋ'। ਕਾਨਫਰੰਸ ਦੇ ਅੰਤ ਵਿੱਚ ਦੱਸਿਆ ਗਿਆ ਕਿ ਇਹ ਦਵਾਈ ਮੇਥੀ ਤੋਂ ਬਣਾਈ ਗਈ ਹੈ, ਜਿਸਨੂੰ ਸੁਣ ਕੇ ਸਾਰੇ ਜਣੇ ਹੈਰਾਨ ਰਹਿ ਗਏ ਕਿ ਇਹ ਨਿੱਕੀਆਂ ਜਿਹੀਆਂ ਹਰੀਆਂ ਪੱਤੀਆਂ ਏਨੀਆਂ ਲਾਹੇਵੰਦ ਕਿਵੇਂ ਹੋ ਸਕਦੀਆਂ ਹਨ? ਉਸ ਕਾਨਫਰੰਸ ਤੋਂ ਬਾਅਦ ਅਮਰੀਕਾ ਵਿੱਚ ਵਰਤੇ ਜਾ ਰਹੇ 'ਫੇਸ ਪੈਕ' ਵਿਖਾਏ ਗਏ, ਜੋ ਮੂੰਹ ਉੱਤੇ ਬਣ ਰਹੇ ਬਲੈਕ ਹੈੱਡਜ਼, ਫਿੰਸੀਆਂ, ਕਿਲ, ਝੁਰੜੀਆਂ ਆਦਿ ਲਈ ਕਮਾਲ ਦਾ ਅਸਰ ਵਿਖਾ ਰਹੇ ਸਨ ਤੇ ਅਮਰੀਕੀ ਔਰਤਾਂ ਦੀ ਪਹਿਲੀ ਪਸੰਦ ਬਣ ਚੁੱਕੇ ਸਨ। ਉਨ੍ਹਾਂ ਵਿੱਚ ਅਸਲ ਚੀਜ਼ 'ਮੇਥੀ' ਸੀ! ਉੱਥੋਂ ਦੇ ਕਈ ਬਿਊਟੀ ਕਲੀਨਿਕ ਮੇਥੀ ਦੇ ਬੀਜ (ਮੇਥਰੇ) ਪਾਣੀ ਵਿੱਚ ਉਬਾਲ ਕੇ ਉਸ ਨਾਲ ਆਪਣੀਆਂ ਗਾਹਕ ਔਰਤਾਂ ਦਾ ਮੂੰਹ ਚੰਗੀ ਤਰ੍ਹਾਂ ਧੋ ਕੇ, ਤਾਜ਼ੀ ਮੇਥੀ ਦਾ ਲੇਪ ਵੀਹ ਮਿੰਟ ਲਈ ਮੂੰਹ ਉੱਤੇ ਲਾ ਦਿੰਦੇ ਹਨ। ਇਹ ਝੁਰੜੀਆਂ ਅਤੇ ਮੁਹਾਸਿਆਂ ਵਾਸਤੇ ਕਮਾਲ ਦਾ ਅਸਰ ਵਿਖਾਉਂਦੀ ਹੈ। ਵਾਲਾਂ ਲਈ ਵੀ ਮੇਥੀ ਤੋਂ ਬਣੇ ਸ਼ੈਂਪੂ ਸਭ ਤੋਂ ਮਹਿੰਗੇ ਵਿਕਦੇ ਹਨ। ਸਿਕਰੀ ਅਤੇ ਵਾਲ ਝੜਨ ਤੋਂ ਰੋਕਣ ਲਈ ਮੇਥੀ ਦੀ ਵਰਤੋਂ ਜ਼ੋਰਾਂ ਉੱਤੇ ਹੈ। ਭਾਵੇਂ ਰੋਜ਼ ਖਾਧੀ ਜਾਵੇ ਅਤੇ ਭਾਵੇਂ ਵਾਲਾਂ ਉੱਤੇ ਪੇਸਟ ਬਣਾ ਕੇ ਲਾ ਲਈ ਜਾਵੇ, ਇਸ ਨਾਲ ਹੌਲੀ-ਹੌਲੀ ਵਾਲ ਲਿਸ਼ਕਵੇਂ ਤੇ ਕਾਲੇ ਹੋਣ ਲੱਗ ਪੈਂਦੇ ਹਨ। ਵਾਲਾਂ ਅਤੇ ਚਮੜੀ ਵਿੱਚ ਮੇਥੀ ਦੀ ਏਨੀ ਜ਼ਿਆਦਾ ਵਰਤੋਂ ਕਈ ਵਾਰ ਤਾਂ ਸ਼ੱਕ ਹੀ ਪਾ ਦਿੰਦੀ ਹੈ ਕਿ ਇਹ ਖਾਣ ਦੀ ਚੀਜ਼ ਹੈ ਵੀ ਕਿ ਸਿਰਫ਼ ਲਾਉਣ ਵਾਲੀ ਹੀ ਹੈ। ਮੇਥੀ ਦੇ ਲਾਭ ਇੰਜ ਹਨ:

➢ ਮੇਥੀ ਦੇ ਬੀਜ ਪਾਣੀ ਵਿੱਚ ਉਬਾਲ ਕੇ ਅਤੇ ਰਾਤ ਭਰ ਖੋਪੇ ਦੇ ਤੇਲ ਵਿੱਚ ਭਿਉਂ ਕੇ ਰੱਖ ਕੇ ਉਸ ਨਾਲ ਰੋਜ਼ ਹਲਕੀ ਹਲਕੀ ਸਿਰ ਦੀ ਮਾਲਿਸ਼ ਕਰਨ ਨਾਲ ਵਾਲ ਝੜਨੇ ਵੀ ਰੁਕਦੇ ਹਨ ਤੇ ਸਿਕਰੀ ਵੀ ਠੀਕ ਹੋ ਜਾਂਦੀ ਹੈ।

➢ ਜਿਹੜੇ ਜਣੇ ਭਾਰ ਘਟਾਉਣ ਬਾਰੇ ਸੋਚ ਰਹੇ ਹੋਣ, ਉਹ ਤਾਂ ਅੱਜ ਤੋਂ ਹੀ ਮੇਥੀ ਖਾਣੀ ਸ਼ੁਰੂ ਕਰ ਦੇਣ ਕਿਉਂਕਿ ਇਸ ਤੋਂ ਵਧੀਆ ਕੁਦਰਤੀ ਦਵਾਈ ਮਿਲਣੀ ਔਖੀ ਹੀ ਹੈ। ਜੇ ਕਿਸੇ ਦੀ ਚਮੜੀ ਉੱਤੇ ਦਾਗ਼ ਹਨ ਜਾਂ ਸੜਨ ਦੇ ਤਾਜ਼ੇ ਦਾਗ਼, ਛਾਲੇ, ਐਗਜ਼ੀਮਾ ਆਦਿ ਹਨ ਤਾਂ ਵੀ ਮੇਥੀ ਦੇ ਬੀਜਾਂ ਨੂੰ ਰਗੜ ਕੇ ਪਤਲਾ ਪੇਸਟ ਬਣਾ ਕੇ ਚਮੜੀ ਉੱਤੇ ਲੇਪ ਵਾਂਗ ਲਾ ਕੇ ਉੱਤੇ ਸਾਫ਼ ਕੱਪੜੇ ਨਾਲ ਢਕ ਕੇ ਰੱਖਣ ਨਾਲ ਹੌਲੀ-ਹੌਲੀ ਕੁਝ ਆਰਾਮ ਪੈ ਜਾਂਦਾ ਹੈ। ਅੰਤੜੀਆਂ ਦੇ ਕੈਂਸਰ (ਕੋਲਨ ਕੈਂਸਰ) ਵਿੱਚ ਵੀ ਮੇਥੀ ਵਿਚਲੇ ਭਰਵੇਂ ਫਾਈਬਰ ਦੇ ਸਦਕਾ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਖਾਣੇ ਵਿਚਲੇ ਮਾੜੇ ਤੱਤਾਂ ਨੂੰ ਅੰਤੜੀਆਂ ਦੀ ਨਰਮ ਪਰਤ ਉੱਤੇ ਵਾਰ ਨਹੀਂ ਕਰਨ ਦਿੰਦੀ ਤੇ ਕੈਂਸਰ ਹੋਣ ਤੋਂ ਬਚਾਅ ਕਰ ਸਕਦੀ ਹੈ।

➢ ਮੇਥੀ ਸਿਰਫ਼ ਫਾਈਬਰ ਸਦਕਾ ਹੀ ਗੁਣਕਾਰੀ ਨਹੀਂ ਬਲਕਿ ਇਸ ਵਿਚਲੇ ਪ੍ਰੋਟੀਨ, ਵਿਟਾਮਿਨ- ਸੀ, ਨਾਇਆਸਿਨ, ਪੋਟਾਸ਼ੀਅਮ, ਲੋਹ ਕਣ, ਐਲਕਾਲੌਇਡ ਤੇ ਡਾਇਓਸਜੈਨਿਨ ਵੀ ਰਲ ਕੇ ਸਰੀਰ ਵਿੱਚ ਕਮਾਲ ਦਾ ਅਸਰ ਵਿਖਾਉਂਦੇ ਹਨ।

# ਕੁਪੋਸ਼ਣ ਤੋਂ ਬਚਣ ਲਈ ਪ੍ਰੋਟੀਨ ਜ਼ਰੂਰੀ



**ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹ ਨ।**

ਇੱਕ ਸਿਹਤਮੰਦ ਸਰੀਰ ਲਈ ਮੁੱਖ ਤੌਰ 'ਤੇ ਛੇ ਤੱਤਾਂ ਦੀ ਲੋੜ ਹੁੰਦੀ ਹੈ ਜਿਵੇਂ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਵਿਟਾਮਿਨ, ਖਣਿਜ ਪਦਾਰਥ ਅਤੇ ਪਾਣੀ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਹੀ ਸੰਤੁਲਿਤ ਖ਼ੁਰਾਕ ਬਣਦੀ ਹੈ। ਪਾਣੀ ਤੋਂ ਬਾਅਦ ਸਾਡੇ ਸਰੀਰ ਵਿੱਚ ਪ੍ਰੋਟੀਨ ਹੀ ਸਭ ਤੋਂ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸਾਡਾ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਕਈ ਸੈੱਲ ਮਿਲ ਕੇ ਟਿਸ਼ੂ ਅਤੇ ਕਈ ਟਿਸ਼ੂ ਮਿਲ ਕੇ ਇੱਕ ਅੰਗ ਬਣਾਉਂਦੇ ਹਨ। ਵੱਖ-ਵੱਖ ਸੈੱਲ ਮਿਲ ਕੇ ਹੱਡੀਆਂ, ਮਾਸਪੇਸ਼ੀਆਂ, ਨਾੜਾਂ ਅਤੇ ਚਮੜੀ ਦੇ ਖ਼ਾਸ ਕੰਮ ਕਰਨ ਵਿੱਚ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਸੈੱਲਾਂ ਦੀ ਜ਼ਿੰਦਗੀ ਸਾਡੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ। ਪ੍ਰੋਟੀਨ ਇਨ੍ਹਾਂ ਸੈੱਲਾਂ ਲਈ ਸਭ ਤੋਂ ਜ਼ਰੂਰੀ ਤੱਤ ਹੈ। ਸਾਡੀ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਇਹ ਸੈੱਲ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਨਤੀਜੇ ਵਜੋਂ ਸਰੀਰ ਵਿੱਚ ਚੱਲਦੇ ਵੱਖ-ਵੱਖ ਅੰਗਾਂ ਦੇ ਕੰਮਾਂ ਵਿੱਚ ਵਿਘਨ ਪੈ ਜਾਂਦਾ ਹੈ।

### ਕੀ ਹਨ ਪ੍ਰੋਟੀਨ ਦੇ ਲਾਭ

➢ ਸਰੀਰ ਵਿਚਲੇ ਹਰੇਕ ਸੈੱਲ ਲਈ ਪ੍ਰੋਟੀਨ ਜ਼ਰੂਰੀ ਤੱਤ ਹੈ। ਪ੍ਰੋਟੀਨ ਜਿੱਥੇ ਨਵੇਂ ਸੈੱਲ ਬਣਾਉਣ ਵਿੱਚ ਮਦਦ ਕਰਦੇ ਹਨ, ਉੱਥੇ ਪੁਰਾਣੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਕਰਦੇ ਹਨ।

➢ ਪ੍ਰੋਟੀਨ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।

➢ ਪ੍ਰੋਟੀਨ ਮਾਸਪੇਸ਼ੀਆਂ ਦੇ ਵਿਕਾਸ ਲਈ ਬੇਹੱਦ ਲਾਹੇਵੰਦ ਤੱਤ ਹੈ।

➢ ਪ੍ਰੋਟੀਨ ਸਾਡੇ ਸਰੀਰ ਵਿਚ ਹਾਰਮੋਨ, ਐਨਜ਼ਾਇਮ ਅਤੇ ਐਂਟੀ-ਬਾਡੀ ਬਣਾਉਣ ਵਿਚ ਮਦਦ ਕਰਕੇ ਸਰੀਰ ਦਾ ਸੁਰੱਖਿਆ ਅਤੇ ਪਾਚਨ ਤੰਤਰ ਮਜ਼ਬੂਤ ਬਣਾਉਂਦਾ ਹੈ।

➢ ਪ੍ਰੋਟੀਨ ਖ਼ੂਨ ਦੇ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ।

➢ ਪ੍ਰੋਟੀਨ ਚਮੜੀ, ਨਹੁੰਆਂ ਅਤੇ ਵਾਲਾਂ ਦੀ ਸਿਹਤ ਲਈ ਵੀ ਜ਼ਿੰਮੇਵਾਰ ਹਨ।

➢ ਪ੍ਰੋਟੀਨ ਜ਼ਖ਼ਮ ਭਰਨ ਵਿੱਚ ਵੀ ਮਦਦ ਕਰਦੇ ਹਨ।

### ਪ੍ਰੋਟੀਨ ਦੀ ਕਮੀ

ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਸਭ ਤੋਂ ਵੱਡੀ ਬੀਮਾਰੀ ਦਾ ਨਾਂ 'ਕਵੇਸ਼ਰਕਰ' ਹੈ। ਪ੍ਰੋਟੀਨ ਦੀ ਕਮੀ ਤੋਂ ਇਲਾਵਾ ਕੈਲਰੀ ਦੀ ਕਮੀ ਵੀ ਹੋ ਜਾਣ ਨਾਲ 'ਮੈਰਸਮਸ' ਨਾਂ ਦੀ ਬੀਮਾਰੀ ਹੋ ਜਾਂਦੀ ਹੈ। ਕਵੇਸ਼ਰਕਰ 'ਕੁਪੋਸ਼ਣ' ਦਾ ਹੀ ਇੱਕ ਰੂਪ ਹੈ।

ਭਾਰਤ ਵਿੱਚ 50 ਫ਼ੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਜਾਂਦੀ ਹੈ। ਸੰਸਾਰ ਭਰ ਵਿੱਚ ਹਰੇਕ ਤਿੰਨ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਇੱਕ ਬੱਚਾ ਸਾਡੇ ਦੇਸ਼ ਦਾ ਹੈ। ਇਹ ਗੰਭੀਰ ਬੀਮਾਰੀ ਆਮ ਕਰਕੇ 1-4 ਸਾਲ ਦੀ ਉਮਰ ਤਕ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਗੁਰਦਿਆਂ ਦੀ ਬੀਮਾਰੀ, ਸ਼ਰਾਬ ਦੀ ਲਤ, ਆਂਦਰਾਂ ਵਿੱਚ ਭੋਜਨ ਜਜ਼ਬ ਹੋਣ ਦੀ ਕਿਰਿਆ ਵਿੱਚ ਖ਼ਰਾਬੀ ਕਾਰਨ ਵੀ ਹੋ ਸਕਦੇ ਹਨ। ਜਾਗਰੂਕਤਾ ਦੀ ਘਾਟ ਹੋਣ ਕਰਕੇ ਮਾਵਾਂ ਬੱਚੇ ਨੂੰ ਆਪਣਾ ਪ੍ਰੋਟੀਨ ਭਰਪੂਰ ਦੁੱਧ ਦੇਣਾ ਛੇਤੀ ਹੀ ਛੁਡਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਵਿੱਚ ਪ੍ਰੋਟੀਨ ਦੀ ਕਮੀ ਪੈਦਾ ਹੋ ਜਾਂਦੀ ਹੈ।

### ਲੱਛਣ

➢ ਜਲੋਧਰ ਰੋਗ (ਅਡੀਮਾ)

ਪ੍ਰੋਟੀਨ ਸਾਡੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਦੀ ਕਮੀ ਕਾਰਨ ਪਾਣੀ ਖ਼ਾਸ ਕਰਕੇ ਲੱਤਾਂ, ਗਿੱਟਿਆਂ ਅਤੇ ਪੈਰਾਂ ਵਿੱਚ ਜਮ੍ਹਾਂ ਹੋਣ ਲੱਗ ਪੈਂਦਾ ਹੈ ਤੇ ਸਰੀਰ ਵਿੱਚ ਸੋਜ ਆਉਣ ਲੱਗ ਪੈਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਅਕਸਰ ਪੇਟ ਫੁੱਲਿਆ ਨਜ਼ਰ ਆਉਂਦਾ ਹੈ।



➢ ਮਾਸਪੇਸ਼ੀਆਂ ਵਿੱਚ ਕਮਜ਼ੋਰੀ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਸਰੀਰ ਮਾਸਪੇਸ਼ੀਆਂ ਵਿੱਚੋਂ ਪ੍ਰੋਟੀਨ ਲੈਣ ਲੱਗ ਪੈਂਦਾ ਹੈ, ਜਿਸ ਕਰਕੇ ਮਰੀਜ਼ ਦਾ ਭਾਰ ਖਾਸਾ ਘੱਟ ਜਾਂਦਾ ਹੈ।

➢ ਹੱਡੀਆਂ ਅਤੇ ਜੋੜਾਂ ਦਾ ਦਰਦ

ਸਾਡਾ ਸਰੀਰ ਪ੍ਰੋਟੀਨ ਨੂੰ ਜੋੜਾਂ ਵਿੱਚ ਮੌਜੂਦ ਤਰਲ ਪਦਾਰਥਾਂ ਵਿੱਚ ਜਮ੍ਹਾਂ ਕਰਕੇ ਰੱਖਦਾ ਹੈ। ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਜੋੜਾਂ ਵਿਚਲੇ ਪ੍ਰੋਟੀਨ ਭੰਡਾਰ ਖ਼ਤਮ ਹੋਣ ਲੱਗਦੇ ਹਨ ਤੇ ਇਸ ਕਰਕੇ ਜੋੜ ਜਾਮ ਹੋਣ ਮਗਰੋਂ ਦੁਖਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਾਂ ਪਤਲੀਆਂ ਹੋ ਜਾਂਦੀਆਂ ਹਨ।

➢ ਅਨੀਮੀਆ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਨਾਲ ਖ਼ੂਨ ਵਿੱਚ ਪਾਏ ਜਾਣ ਵਾਲ ਪ੍ਰੋਟੀਨ 'ਹੀਮੋਗਲੋਬਿਨ' ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਖ਼ੂਨ ਦੇ ਸੈੱਲ ਬਣਨੇ ਬੰਦ ਹੋ ਜਾਂਦੇ ਹਨ।

➢ ਵਾਲ ਝੜਨਾ

ਵਾਲਾਂ ਵਿਚਲਾ ਪ੍ਰੋਟੀਨ 'ਕੈਰੇਟਿਨ' ਭੋਜਨ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਨਹੀਂ ਬਣਦਾ ਜਿਸ ਕਰਕੇ ਵਾਲ ਬੇਹੱਦ ਪਤਲੇ, ਕਮਜ਼ੋਰ ਤੇ ਦੋ-ਮੂੰਹੇ ਹੋ ਜਾਂਦੇ ਹਨ।

➢ ਸੁਰੱਖਿਆ ਅਤੇ ਪਾਚਨ-ਤੰਤਰ ਵਿੱਚ ਕਮਜ਼ੋਰੀ

ਪ੍ਰੋਟੀਨ ਦੀ ਕਮੀ ਕਾਰਨ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਣ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

➢ ਦਸਤ

ਕਾਫ਼ੀ ਸਮੇਂ ਤਕ ਦਸਤ ਹੋਣ ਕਰਕੇ ਸਰੀਰ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਰੀਜ਼ ਹੱਡੀਆਂ ਦੀ ਮੁੱਠ ਬਣ ਕੇ ਰਹਿ ਜਾਂਦਾ ਹੈ।

➢ ਪ੍ਰੋਟੀਨ ਦੀ ਕਮੀ ਕਾਰਨ ਜ਼ਖ਼ਮ ਭਰਨ ਦੀ ਕਿਰਿਆ ਹੌਲੀ ਹੋ ਜਾਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਮਿਹਦੇ ਦਾ ਆਕਾਰ ਵੱਡਾ ਹੋ ਜਾਂਦਾ ਹੈ, ਜਿਸਨੂੰ 'ਫੈਟੀ ਲਿਵਰ' ਕਿਹਾ ਜਾਂਦਾ ਹੈ।

### ਪ੍ਰੋਟੀਨ ਦੀ ਘਾਟ ਦੇ ਲੱਛਣ

➢ ਚਮੜੀ ਦੇ ਰੰਗ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਗੱਲਾਂ ਉੱਤੇ ਚਿੱਟੇ ਰੰਗ ਦੇ ਦਾਗ਼ ਪੈ ਜਾਂਦੇ ਹਨ। ਪੈਰਾਂ ਅਤੇ ਹੱਥਾਂ ਦੇ ਨਹੁੰਆਂ ਉੱਤੇ ਚਿੱਟੇ ਰੰਗ ਦੀਆਂ ਲਾਈਨਾਂ ਪ੍ਰੋਟੀਨ ਦੀ ਕਮੀ ਦੇ ਲੱਛਣ ਦਰਸਾਉਂਦੀਆਂ ਹਨ।

➢ ਪ੍ਰੋਟੀਨ ਦੀ ਕਮੀ ਕਾਰਨ ਦੰਦਾਂ ਨੂੰ ਕੀੜਾ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਥੁੱਕ ਬਣਾਉਣ ਵਾਲੀਆਂ ਗ੍ਰੰਥੀਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਮਰੀਜ਼ ਵਿੱਚ ਪ੍ਰੋਟੀਨਾਂ ਦੀ ਕਮੀ ਕਾਰਨ ਚਿੰਤਾ, ਘਬਰਾਹਟ, ਤਣਾਅ, ਇੱਛਾ-ਸ਼ਕਤੀ ਦਾ ਖ਼ਤਮ ਹੋਣਾ, ਸਿਰਦਰਦ, ਬੇਹੋਸ਼ ਹੋ ਕੇ ਡਿੱਗਣਾ, ਨੀਂਦ ਨਾ ਆਉਣਾ ਆਦਿ ਲੱਛਣ ਵੀ ਪੈਦਾ ਹੋ ਜਾਂਦੇ ਹਨ।

### ਕਿੰਜ ਕਰੀਏ ਪ੍ਰੋਟੀਨ ਦੀ ਕਮੀ ਨੂੰ ਪੂਰਾ?

ਪ੍ਰੋਟੀਨ ਦੀ ਕਮੀ ਨੂੰ ਸੰਤੁਲਿਤ ਖ਼ੁਰਾਕ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ। ਬੱਚਿਆਂ ਅਤੇ ਨੌਜਵਾਨਾਂ ਦੁਆਰਾ 'ਫਾਸਟ ਫੂਡ' ਦੀ ਵਾਧੂ ਵਰਤੋਂ ਮੋਟਾਪੇ ਦਾ ਕਾਰਨ ਬਣਨ ਤੋਂ ਇਲਾਵਾ ਕਈ ਹੋਰ ਬੀਮਾਰੀਆਂ ਨੂੰ ਵੀ ਸੱਦਾ ਦਿੰਦੀ ਹੈ। ਔਰਤਾਂ ਨੂੰ ਖ਼ਾਸ ਤੌਰ 'ਤੇ ਸਿਹਤ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਅੱਜਕੱਲ੍ਹ ਪਤਲੇ ਹੋਣ ਦੀਆਂ ਚਾਹਵਾਨ ਔਰਤਾਂ ਰੋਟੀ-ਪਾਣੀ ਛੱਡ ਦਿੰਦੀਆਂ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਾਨੂੰ ਰੋਜ਼ਾਨਾ ਖ਼ੁਰਾਕ ਵਿੱਚ ਪ੍ਰੋਟੀਨ ਨੂੰ ਸਹੀ ਮਾਤਰਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਜਿਵੇਂ ਅਨਾਜ, ਦਾਲਾਂ, ਮੂੰਗਫਲੀ, ਲੋਬੀਆ, ਸੋਇਆਬੀਨ, ਮਸਰ ਦੀ ਦਾਲ, ਦੁੱਧ, ਅੰਡੇ, ਪਨੀਰ, ਮੀਟ ਅਤੇ ਮੱਛੀ ਆਦਿ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਪਨੀਰ ਪ੍ਰੋਟੀਨ ਭਰਪੂਰ ਹੁੰਦੇ ਹਨ ਅਤੇ ਸਰੀਰ ਦੁਆਰਾ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ।

ਬੀਮਾਰੀ ਵਾਲੇ ਮਰੀਜ਼ਾਂ ਨੂੰ ਖ਼ਾਸ ਤੌਰ 'ਤੇ ਮਾਸਾਹਾਰੀ ਖ਼ੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦਾਲਾਂ ਵਿੱਚੋਂ 'ਸੋਇਆਬੀਨ' ਪ੍ਰੋਟੀਨ ਦਾ ਸਭ ਤੋਂ ਵਧੀਆ ਸਰੋਤ ਹੈ। ਸੋਇਆਬੀਨ ਵਿੱਚ ਮੀਟ ਨਾਲੋਂ ਦੁੱਗਣਾ ਤੇ ਅੰਡਿਆਂ ਨਾਲੋਂ ਚਾਰ ਗੁਣਾਂ ਵੱਧ ਪ੍ਰੋਟੀਨ ਹੁੰਦਾ ਹੈ। ਇਸ ਵਿੱਚ ਸਾਰੇ ਜ਼ਰੂਰੀ ਵਿਟਾਮਿਨ ਹੋਣ ਦੇ ਨਾਲ ਹੀ ਕਲੈਸਟਰੋਲ ਤੇ ਕਾਰਬੋਹਾਈਡ੍ਰੇਟਸ ਬਹੁਤ ਘੱਟ ਮਾਤਰਾ ਵਿੱਚ ਹੁੰਦੇ ਹਨ ਜਿਸ ਕਰਕੇ ਸੋਇਆਬੀਨ ਦੀ ਵਰਤੋਂ ਸ਼ੂਗਰ ਦੇ ਰੋਗੀ ਵੀ ਕਰ ਸਕਦੇ ਹਨ। ਜਿਹੜੇ ਬੱਚਿਆਂ ਨੂੰ ਗਾਂ ਜਾਂ ਮੱਝ ਦੇ ਦੁੱਖ ਤੋਂ ਐਲਰਜੀ ਹੋਵੇ, ਉਹ ਸੋਇਆਬੀਨ ਦੇ ਦੁੱਧ ਦਾ ਸੇਵਨ ਕਰ ਸਕਦੇ ਹਨ।

**- ਡਾ. ਗੁਰਜੀਤਪਾਲ ਕੌਰ**

## ਹੱਡੀ ਹੰਢਾਇਆ ਸੱਚ

# ਰੱਬ ਦਾ ਰੂਪ ਨਹੀਂ, ਕਸਾਈ ਬਣਦਾ ਜਾ ਰਿਹਾ ਡਾਕਟਰ

ਅਕਸਰ ਹੀ ਸਿਆਣਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਨੇ, ਡਾਕਟਰ ਤਾਂ ਮਰੇ ਬੰਦੇ ਵਿਚ ਜਾਨ ਪਾ ਦਿੰਦੇ ਹਨ, ਸ਼ਾਇਦ ਇਹ ਸੱਚ ਹੁੰਦਾ ਹੋਵੇਗਾ। ਪਿਛਲੇ ਸਮਿਆਂ 'ਚ ਜਦੋਂ ਡਾਕਟਰ ਪੈਸੇ ਦੇ ਲਾਲਚ ਤਿਆਗਕੇ ਮਰੀਜ਼ ਦਾ ਇਲਾਜ ਆਪਣਾ ਫਰਜ਼ ਸਮਝਕੇ ਕਰਦੇ ਹੋਣਗੇ। ਪਰ ਅੱਜ ਚਾਰੇ ਪਾਸੇ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਅੱਜ ਦਾ ਡਾਕਟਰ ਰੱਬ ਦਾ ਰੂਪ ਨਹੀਂ ਬਲਕਿ ਚੰਦ ਛਿੱਲੜਾਂ ਬਦਲੇ ਕਸਾਈ ਦਾ ਰੂਪ ਧਾਰਨ ਕਰੀ ਬੈਠਾ ਹੈ। ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ। ਹਰ ਪਾਸੇ ਤੋ ਲੋਕਾਂ ਤੋਂ ਸੁਣਿਆ ਜਾਂਦਾ ਹੈ ਕਿ ਅਸੀਂ ਬਹੁਤ ਤਰੱਕੀ ਕਰ ਲਈ ਹੈ, ਹਰ ਸ਼ਹਿਰ, ਕਸਬੇ, ਮੰਡੀਆਂ ਵਿਚ ਕਈ-ਕਈ ਮੰਜ਼ਿਲਾਂ ਦੀ ਆਲੀਸ਼ਾਨ ਇਮਾਰਤਾਂ ਉਪਰ ਵੱਡੇਵੱਡੇ ਬੋਰਡ ਫਲਾਣੀ ਬਿਮਾਰੀ ਦੇ ਮਾਹਿਰ, ਸਪੈਸ਼ਲਿਸਟ, ਹਸਪਤਾਲ ਅੰਦਰ ਏ.ਸੀ. ਰੂਮੀ, ਟੈਲੀਵਿਜ਼ਨ ਅਤੇ ਹਰ ਸੁੱਖ ਸਹੂਲਤ ਦਾ ਦਿਖਾਵਾ ਕੀਤਾ ਜਾਂਦਾ ਹੈ। ਪੈਸੇ ਵਾਲੇ ਲੋਕ ਤਾਂ ਆਪਣੀ ਛੋਟੀ-ਮੋਟੀ ਬਿਮਾਰੀ ਸਮੇਂ ਇਨ੍ਹਾਂ ਹਸਪਤਾਲਾਂ ਵਿਚ ਇੰਜ ਜਾਂਦੇ ਹਨ, ਜਿਵੇਂ ਪਿਕਨਿਕ ਮਨਾਉਣ ਆਏ ਹੋਣ, ਪਰ ਜਦ ਇਨ੍ਹਾਂ ਹਸਪਤਾਲਾਂ ਵਿਚ ਕੋਈ ਸਾਧਾਰਨ ਜਾਂ ਗਰੀਬ ਫਸ ਜਾਂਦਾ ਹੈ ਤਾਂ ਉਸਦੀ ਮੋਟੀ ਛਿੱਲ ਲਾਹੀ ਜਾਂਦੀ ਹੈ। ਸ਼ਹਿਰਾਂ ਦੇ ਨਿੱਜੀ ਹਸਪਤਾਲਾਂ ਵਿਚੋਂ ਆਮ ਵਿਅਕਤੀ ਤਾਂ ਇਲਾਜ ਕਰਵਾ ਹੀ ਨਹੀਂ ਸਕਦਾ। ਜਿੰਨ੍ਹੇ ਪੈਸੇ ਡਾਕਟਰ ਨੇ ਮੂੰਹੋਂ ਮੰਗ ਲਏ ਦੇਣੇ ਪੈਣਗੇ। ਉਪਰੋਂ ਹਰੇਕ ਹਸਪਤਾਲ ਵਿਚ ਖੁੱਲੀਆਂ ਦਵਾਈਆਂ ਦੀਆਂ ਦੁਕਾਨਾਂ 'ਚੋਂ ਵੀ ਡਾਕਟਰਾਂ ਨੂੰ ਮੋਟਾ ਕਮਿਸ਼ਨ ਮਿਲਦਾ ਹੈ। 10 ਰੁਪਏ ਦਵਾਈ ਦਾ ਪੱਤਾ 50 ਰੁਪਏ ਯਾਨਿ ਡਾਕਟਰ ਦੇ ਨਾਲ ਨਾਲ ਮੈਡੀਕਲ ਸਟੋਰਾਂ ਵਾਲੇ ਵੀ ਲੁੱਟ ਕਰਦੇ ਹਨ। ਇਹ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਤਾਂ ਕਈ ਵਾਰ ਮਰੇ ਬੰਦੇ ਨੂੰ ਵੀ ਕਈ-ਕਈ ਦਿਨ ਵੈਂਟੀਲੇਟਰ ਸ਼ੀਸ਼ੇ ਵਾਲੇ ਕੈਬਿਨ ਵਿਚ ਰੱਖਕੇ ਪੀੜ੍ਹਤ ਪਰਿਵਾਰ ਦੀ ਚੰਗੀ ਛਿੱਲ ਲਾਹੁੰਦੇ ਹਨ। ਅਨੇਕਾਂ ਵਾਰ ਡਾਕਟਰਾਂ ਦੀ ਅਣਗਹਿਲੀ ਕਾਰਨ ਮਰੇ ਵਿਅਕਤੀਆਂ ਦੇ ਪਰਿਵਾਰ ਹਸਪਤਾਲਾਂ ਅੱਗੇ ਧਰਨੇ ਲਾਉਂਦੇ ਹਨ ਡਾਕਟਰ ਦਾ ਪਿੱਟ ਸਿਆਪਾ ਕਰਦੇ ਦੇਖੇ ਹਨ। ਪਰ ਡਾਕਟਰ ਆਪਣੇ ਅਸਰ ਰਸੂਖ ਨਾਲ ਸਾਫ਼ ਬਰੀ ਹੋ ਜਾਂਦਾ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਵੀ ਐਸੇ ਡਾਕਟਰਾਂ ਦੀ ਲੋੜ ਹੁੰਦੀ ਹੈ। ਇੰਨ੍ਹਾਂ ਡਾਕਟਰਾਂ ਨੇ ਆਪਣੀ ਯੂਨੀਅਨ ਵੀ ਬਣਾਈ ਹੋਈ ਹੈ। ਵੈਸੇ ਤਾਂ ਪੰਜਾਬ ਦੇ ਹਰ ਸ਼ਹਿਰ ਵਿਚਲੇ ਵੱਡੇ-ਵੱਡੇ ਹਸਪਤਾਲ ਆਮ ਲੋਕਾਂ ਦੀ ਲੁੱਟ ਦੇ ਅੱਡੇ ਬਣੇ ਹੋਏ ਹਨ ਪਰ ਬਠਿੰਡਾ ਵਿਚ ਵੀ ਕੁਝ ਐਸੇ ਹਸਪਤਾਲ ਹਨ ਜਿਨ੍ਹਾਂ ਦੇ ਮੁੱਖੀਆਂ ਉਪਰ ਕਈ ਵਾਰ ਮਰੀਜ਼ਾਂ ਨੂੰ ਅਣਗਹਿਲੀ ਕਰਕੇ ਮਾਰਨ ਦੀਆਂ ਖ਼ਬਰਾਂ ਮੀਡੀਏ ਵਿਚ ਨਸ਼ਰ ਹੋਈਆਂ ਹਨ। ਮੈਂ ਉਨ੍ਹਾਂ ਲੋਕਾਂ ਪਾਸੋਂ ਪੁੱਛਣਾ ਚਾਹੁੰਦਾ ਹਾਂ ਜੋ ਡਾਕਟਰ ਨੂੰ ਰੱਬ ਦੀ ਉਪਾਧੀ ਦਿੰਦੇ ਹਨ ਕਿ ਡਾਕਟਰ ਤਾਂ ਮਰੀਜ਼ ਦਾ ਇਲਾਜ, ਅਪਰੇਸ਼ਨ, ਮੋਟੇ ਪੈਸੇ ਲੈ ਕੇ ਕਰਦਾ ਹੈ ਫੇਰ ਵੀ ਅਸੀਂ ਉਸਦਾ ਧੰਨਵਾਦ ਕਰਦੇ ਹਾਂ ਕਿ ਅਕਾਲ ਪੁਰਖ, ਅੱਲਾ, ਰਾਮ ਦਾ ਸ਼ੁਕਰ ਕੀਤਾ ਹੈ ਜਿਸਨੇ ਸਾਨੂੰ ਮਨੁੱਖਾ ਦੇਹੀ ਜਿਸ ਵਿਚ ਹੱਥ, ਪੈਰ, ਨੱਕ, ਕੰਨ, ਮੂੰਹ ਬਲਕਿ ਸਰੀਰ ਨੂੰ ਚਲਾਉਣ ਵਾਲਾ ਹਰੇਕ ਅੰਗ ਦੇ ਕੇ ਦੁਨੀਆਂ ਵਿਚ ਭੇਜਿਆ ਹੈ। ਸਵਾਸਥ, ਸਰੀਰ, ਮਾਨਵਤਾ ਦੀ ਸੇਵਾ ਕਰਨ ਲਈ ਹੱਥ ਪੈਰ, ਚੰਗਾ ਕਰਨ ਲਈ ਦਿਮਾਗ, ਚੰਗਾ ਸੁਣਨ ਲਈ ਕੰਨ ਅਤੇ ਚੰਗਾ ਬੋਲਣ ਲਈ ਮੂੰਹ ਦਿੱਤਾ ਹੈ। ਕੀ ਕਦੇ ਉਸ ਅਕਾਲ ਪੁਰਖ ਦਾ ਦੋ ਪਲ ਸ਼ੁਕਰੀਆ ਅਦਾ ਕੀਤਾ ਹੈ। ਜਿਸ ਨੇ ਬਿਨ੍ਹਾਂ ਪੈਸੇ, ਬਿਨ੍ਹਾਂ ਕਿਸੇ ਸਵਾਰਥ ਲਈ ਇਸ ਸੰਸਾਰ ਵਿਚ ਭੇਜਿਆ ਹੈ। ਫੇਰ ਉਸ ਡਾਕਟਰ ਦਾ ਧੰਨਵਾਦ ਜਾਂ ਡਾਕਟਰ ਰੱਬ ਦਾ ਰੂਪ ਕਿਉਂ? ਜੋ ਸਾਡੇ ਇਲਾਜ ਦੇ ਨਾਂਅ 'ਤੇ ਅੰਨ੍ਹੀ ਲੁੱਟ ਕਰਦਾ ਹੈ।



ਹੁਣ ਮੈਂ ਆਪਣੇ ਪਾਠਕਾਂ ਨਾਲ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਬਾਰੇ ਆਪਣੀ ਹੱਡਬੀਤੀ ਸਾਂਝੀ ਕਰਨ ਜਾ ਰਿਹਾ ਹਾਂ। ਇਸ ਰੱਬ ਦੇ ਰੂਪ ਡਾਕਟਰ ਨੇ ਜਿੱਥੇ ਮੇਰੀ ਇਲਾਜ ਦੇ ਨਾਂਅ 'ਤੇ ਮੋਟੀ ਛਿੱਲ ਲਾਹੀ ਉਥੇ ਮੈਨੂੰ ਨਕਾਰਾ ਬਣਾ ਦਿੱਤਾ। ਘਟਨਾ 2 ਦਸੰਬਰ 2011 ਦੀ ਹੈ ਜਦੋਂ ਮੈਨੂੰ ਰਾਤ ਦੇ ਦੋ ਵਜੇ ਅਟੈਕ ਹੋ ਗਿਆ ਸੀ, ਮੈਨੂੰ ਰਾਤ ਸਮੇਂ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਪਹਿਲਾਂ ਤਾਂ ਡਾਕਟਰ ਨੇ ਮੇਰੀ ਨਾਜ਼ੁਕ ਹਾਲਤ ਦੇਖਕੇ ਜ਼ਿੰਮੇਵਾਰੀ ਨਾ ਲਈ ਪਰ ਫੇਰ ਇਲਾਜ ਸ਼ੁਰੂ ਕਰ ਦਿੱਤਾ। ਮੈਨੂੰ ਕੋਈ ਸੁਰਤ ਨਹੀਂ ਸੀ ਮੇਰੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਮੁਤਾਬਿਕ ਮੈਨੂੰ ਐਮਰਜੈਂਸੀ ਰੂਮ ਵਿਚ ਆਈ. ਸੀ. ਯੂ. ਵਿਚ ਆਕਸੀਜਨ ਦੇ ਕੇ ਪਾਇਆ ਗਿਆ। 16 ਘੰਟਿਆਂ ਬਾਅਦ ਮੈਨੂੰ ਹੋਸ਼ ਆਵੁਣੀ ਸ਼ੁਰੂ ਹੋਈ ਤਾਂ ਮੇਰੇ ਮੋਢੇ ਤੋਂ ਪੀੜ੍ਹਾਂ ਸ਼ੁਰੂ ਹੋ ਗਈਆਂ। ਬਠਿੰਡਾ ਦੇ ਹੀ ਗੁਰਦੇਵ ਹੱਡੀਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਤਾਂ ਉਸਨੇ ਮੇਰਾ ਮੋਢਾ ਟੋਹਕੇ ਕਿਹਾ ਕਿ ਮੋਢੇ ਦੀ ਹੱਡੀ ਟੁੱਟਕੇ ਅੰਦਰ ਧਸ ਗਈ ਹੈ। ਅਪਰੇਸ਼ਨ ਹੋਵੇਗਾ। ਪਰ ਇਸ ਦਾ ਦਿਲ ਦੀ ਬਿਮਾਰੀ ਦਾ ਇਲਾਜ ਚੱਲ ਰਿਹਾ ਹੈ ਪਹਿਲਾਂ ਉਧਰੋਂ ਇਲਾਜ ਕਰਵਾਓ। 4 ਦਸੰਬਰ ਨੂੰ ਮੈਨੂੰ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਨੇ ਛੁੱਟੀ ਦੇ ਦਿੱਤੀ ਤਾਂ ਬਠਿੰਡਾ ਦੇ ਗਣੇਸ਼ਾ ਬਸਤੀ ਨੇੜਲੇ ਗੁਰਦੇਵ ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਕਿਉਂਕਿ ਡਾਕਟਰ ਨੂੰ ਪਤਾ ਸੀ ਕਿ ਮਰੀਜ਼ ਪੱਤਰਕਾਰ ਹੈ ਉਸਨੇ ਆਨਾ ਕਾਨੀ ਕਰਨੀ ਸ਼ੁਰੂ ਕਰ ਦਿੱਤੀ। ਮੇਰੀ ਮਾਤਾ ਅਤੇ ਮੇਰੀ ਪਤਨੀ ਨੇ ਡਾਕਟਰ ਅੱਗੇ ਤਰਲੇ ਕੀਤੇ ਤਾਂ ਡਾਕਟਰ ਅਪਰੇਸ਼ਨ ਲਈ ਮੰਨ ਗਿਆ। ਡਾਕਟਰ ਨੇ ਆਪਣੇ ਕਮਰੇ ਜਿੱਥੇ ਮਰੀਜ਼ਾਂ ਦੀ ਜਾਂਚ ਕਰਦਾ ਸੀ ਵਿਚ ਗੁਰਬਾਣੀ ਦੇ ਪਵਿੱਤਰ ਵਾਕ ਅਤੇ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਾ ਰੱਖੀਆਂ ਸਨ ਤਾਂ ਕਿ ਮਰੀਜ਼ ਨੂੰ ਪਹਿਲੀ ਨਜ਼ਰੇ ਪਤਾ ਲੱਗ ਸਕੇ ਕਿ ਡਾਕਟਰ ਧਾਰਮਿਕ ਬਿਰਤੀ ਵਾਲਾ ਗੁਰਸਿੱਖ ਬੰਦਾ ਹੈ। ਉਸ ਦਿਨ ਮੇਰੇ ਮੋਢੇ ਦਾ ਚਾਰ ਘੰਟਿਆਂ ਦੀ ਜੱਦੋ ਜਹਿਦ ਬਾਅਦ ਅਪਰੇਸ਼ਨ ਹੋ ਗਿਆ। ਮੈਂ ਆਪਣੀ ਪਹਿਲੀ ਬਿਮਾਰੀ ਕਰਕੇ ਅਤੇ ਅਪਰੇਸ਼ਨ ਦੌਰਾਨ ਲੱਗੀਆਂ ਬੇਹੋਸ਼ੀ ਦੀਆਂ ਦਵਾਈਆਂ ਕਾਰਨ ਜਦੋਂ ਦੂਜੇ ਦਿਨ ਕੁਝ ਹੋਸ਼ ਵਿਚ ਆਇਆ ਤਾਂ ਮੈਂ ਮੇਰੀ ਧਰਮਪਤਨੀ ਕੁਲਦੀਪ ਕੌਰ ਨੂੰ ਕਿਹਾ ਕਿ ਭਾਈ ਘਨੱਈਆ ਸਕੀਮ ਤਹਿਤ ਮੇਰਾ ਬੀਮਾ ਹੋਇਆ ਹੈ ਕੀ ਤੁਸੀਂ ਡਾਕਟਰ ਨੂੰ ਮੇਰਾ ਬੀਮਾ ਕਾਰਡ ਦਿਖਾ ਦਿੱਤਾ ਤਾਂ ਮੇਰੀ ਪਤਨੀ ਅਤੇ ਮੇਰੀ ਬੀਬੀ ਜੀ ਨੇ ਕਿਹਾ ਕਿ ਅਸੀਂ ਤਾਂ ਡਰਦੇ ਮਾਰਿਆ ਨੇ ਡਾਕਟਰ ਨੂੰ ਤੇਰੇ ਬੀਮੇ ਬਾਰੇ ਨਹੀਂ ਦੱਸਿਆ ਕਿ ਡਾਕਟਰ ਕਿਤੇ ਤੇਰੇ ਅਪਰੇਸ਼ਨ ਤੋਂ ਹੀ ਜਵਾਬ ਨਾ ਦੇ ਦੇਵੇ ਜਾਂ ਕਿਤੇ ਇਲਾਜ ਹੀ ਸਹੀ ਢੰਗ ਨਾਲ ਨਾ ਕਰੇ। ਇਸ ਲਈ ਨਹੀਂ ਦੱਸਿਆ। ਮੈਂ ਕਿਹਾ ਕਿ ਮੇਰੇ ਬੀਮੇ ਕਾਰਨ ਡਾਕਟਰ ਦਾ ਕੋਈ ਨੁਕਸਾਨ ਨਹੀਂ ਹੋਣਾ ਸੀ ਸਗੋਂ ਡਾਕਟਰ ਨੂੰ ਤਾਂ ਅਪਰੇਸ਼ਨ ਅਤੇ ਮੇਰੇ ਇਲਾਜ ਕਰਨ ਦੇ ਬੀਮਾ ਕੰਪਨੀ ਤੋਂ ਪੈਸੇ ਮਿਲ ਜਾਣੇ ਸਨ। ਸੋ ਮੈਂ ਬੀਮੇ ਸਬੰਧੀ ਡਾਕਟਰ ਗੁਰਦੇਵ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾਕਿ ਤੁਸੀਂ ਆਪਣਾ ਬੀਮਾ ਕਾਰਡ, ਵੋਟ ਕਾਰਡ ਮੈਨੂੰ ਦਿਓ ਮੈਂ ਬੀਮਾ ਕੰਪਨੀ ਨੂੰ ਲਿਖਕੇ ਭੇਜ ਦਿੰਦਾ ਹਾਂ। ਮੈਂ ਆਪਣੇ ਸਾਰੇ ਕਾਗਜ਼ ਡਾਕਟਰ ਨੂੰ ਫੜਾ ਦਿੱਤੇ। ਡਾਕਟਰ ਦੇ ਕੰਪਾਊਡਰ ਗੁਰਮੇਲ ਸਿੰਘ ਜਿਸਨੂੰ ਮੈਂ ਆਪਣਾ ਵਧੀਆ ਦੋਸਤ ਮੰਨਦਾ ਸੀ ਨੇ ਬੀਮਾ ਕੰਪਨੀ ਨੂੰ ਈਮੇਲ ਕਰ ਦਿੱਤੀ। ਦੂਜੇ-ਤੀਜੇ ਦਿਨ ਬੀਮਾ ਕੰਪਨੀ ਤੋਂ ਇਕ ਮੁਲਾਜ਼ਮ ਆਇਆ ਤਾਂ ਉਸਨੇ ਮੇਰੇ ਅਪਰੇਸ਼ਨ ਵਾਲੇ ਮੋਢੇ ਤੋਂ ਪੱਟੀਆਂ ਲਹਾਕੇ ਫੋਟੋ ਅਤੇ ਪੂਰੀ ਜਾਂਚ ਪੜ੍ਹਤਾਲ ਕਰਨ ਉਪਰੰਤ ਮੈਥੋਂ ਇਕ ਫ਼ਾਰਮ ਤੇ ਦਸਤਖਤ ਕਰਵਾਕੇ ਡਾਕਟਰ ਨੂੰ ਫਾਰਮ ਫੜਾ ਦਿੱਤਾ ਕਿ ਜਲਦੀ ਇਲਾਜ ਦੀ ਸਾਰੀ ਫ਼ਾਇਲ ਬਣਾਕੇ ਸਾਡੀ ਕੰਪਨੀ ਨੂੰ ਭੇਜੀ ਜਾਵੇ। ਪਰ ਮੈਨੂੰ ਬਾਅਦ ਵਿਚ ਪਤਾ ਚੱਲਿਆ ਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਮੈਨੂੰ ਛੁੱਟੀ ਦੇਣ ਤੱਕ ਹਜ਼ਾਰਾਂ ਰੁਪਏ ਲੈ ਲਏ ਹਨ। ਮੈਂ ਡਾਕਟਰ ਨਾਲ ਇਸ ਸਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਾ ਕਿ ਤੇਰੀ ਬੀਮਾ ਕੰਪਨੀ ਨੂੰ ਫਾਇਲ ਭੇਜ ਦਿੱਤੀ ਹੈ, ਬੀਮਾ ਮਿਲਣ ਤੱਕ ਕਈ ਦਿਨ ਜਾਂ ਮਹੀਨੇ ਵੀ ਲੱਗ ਸਕਦੇ ਹਨ। ਮੈਨੂੰ ਛੁੱਟੀ ਮਿਲਣ ਤੋਂ ਬਾਅਦ ਵੀ ਮੇਰੇ ਮੋਢੇ ਉਪਰ ਹਰ ਹਫ਼ਤੇ ਪੱਟੀ ਬਦਲੀ ਜਾਂਦੀ ਮੈਂ ਹਰ ਵਾਰ ਡਾਕਟਰ ਤੋਂ ਆਪਣੇ ਬੀਮੇ ਦੇ ਪੈਸੇ ਬਾਰੇ ਪੁੱਛਦਾ ਤਾਂ ਦੋ-ਤਿੰਨ ਮਹੀਨਿਆਂ ਬਾਅਦ ਡਾਕਟਰ ਕਹਿਣ ਲੱਗਿਆ ਤੂੰ ਪੱਤਰਕਾਰ ਏ ਬੀਮਾ ਕੰਪਨੀ 'ਤੇ ਕੇਸ ਕਰ ਦੇ, ਮੈਂ ਬੀਮਾ ਕੰਪਨੀ ਤੋਂ ਜਦ ਤਿੰਨ ਕੁ ਮਹੀਨਿਆਂ ਬਾਅਦ ਆਪਣੇ ਬੀਮੇ ਬਾਰੇ ਪਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਅਜੇ ਤੱਕ ਤੇਰੇ ਬੀਮੇ ਦੀ ਡਾਕਟਰ ਨੇ ਫਾਇਲ ਹੀ ਨਹੀਂ ਭੇਜੀ। ਮੈਂ ਜਦ ਡਾਕਟਰ ਦੇ ਸਹਾਇਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਤੇਰੀ ਫਾਇਲ ਗੁੰਮ ਹੋ ਗਈ ਹੈ, ਉਹ ਮੈਨੂੰ ਫਾਇਲ ਲੱਭਣ ਕੇ ਕਈ ਮਹੀਨੇ ਲਾਰੇ ਲਾਉਂਦਾ ਰਿਹਾ। ਅਖ਼ੀਰ ਫਾਇਲ ਗੁੰਮ ਹੋਣ ਬਾਰੇ ਮੈਂ ਡਾਕਟਰ ਨੂੰ ਦੱਸ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਛੱਡ ਯਾਰ ਬੀਮੇ ਦੀ ਗੱਲ, ਬੀਮਾ ਕੰਪਨੀ ਨੇ ਕਿਹੜਾ ਤੈਨੂੰ ਕੁਝ ਦੇਣਾ ਸੀ। ਉਨ੍ਹਾਂ ਅਪਰੇਸ਼ਨ ਅਤੇ ਦਵਾਈਆਂ, ਐਕਸਰੇ, ਪੱਟੀਆਂ ਦੇ ਨਾਂਅ 'ਤੇ ਮੇਰੀ ਪੂਰੀ ਲੁੱਟ ਕੀਤੀ। ਮੇਰੇ ਚਾਚਾ ਜੀ ਜੋ ਡਾਕਟਰ ਦਾ ਚੰਗਾ ਦੋਸਤ ਸੀ, ਉਸਨੇ ਹੀ ਮੈਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਸੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾਕਟਰ ਨਾਲ 20-25 ਸਾਲਾਂ ਦੀ ਬਣੀ ਹੈ, ਛੱਡ ਪਰੇ ਬੀਮੇ ਬਾਰੇ ਮੇਰਾ ਡਾਕਟਰ ਨਾਲ ਫ਼ਰਕ ਪੈ ਜਾਵੇਗਾ। ਪਰ ਮੈਂ ਚੁੱਪ ਕਰਕੇ ਬੈਠਣ ਵਾਲਾ ਨਹੀਂ ਸੀ। ਇਹ ਗੱਲ ਸਾਫ਼ ਹੋ ਗਈ ਸੀ ਕਿ ਡਾਕਟਰ ਨੇ ਹੀ ਬੇਈਮਾਨੀ ਕਰਕੇ ਮੇਰੀ ਫਾਇਲ ਉਪਰ ਭੇਜੀ ਹੀ ਨਹੀਂ ਸੀ। ਕਿਉਂਕਿ ਉਸ ਨੇ ਸਾਡੇ ਕੋਲੋਂ ਅਪਰੇਸ਼ਨ ਦੇ ਨਾਂਅ 'ਤੇ ਹਜ਼ਾਰਾਂ ਰੁਪਏ ਲੈ ਲਏ ਸਨ। ਮੈਂ ਆਪਣੇ ਪੱਤਰਕਾਰ ਦੋਸਤਾਂਤੱਕ ਇਹ ਮਾਮਲਾ ਡਾਕਟਰ ਤੱਕ ਪਹੁੰਚਾਇਆ ਪਰ ਉਸ ਨੇ ਕਿਹਾ ਕਿ ਮੈਂ ਫਾਇਲ ਉਪਰ ਭੇਜੀ ਹੈ। ਮੈਂ ਕੁਝ ਨਹੀਂ ਕਰ ਸਕਦਾ। ਪਰ ਹੌਲੀ-ਹੌਲੀ ਜਦ ਪੱਤਰਕਾਰਾਂ ਦਾ ਡਾਕਟਰ ਉਪਰ ਦਬਾਅ ਪੈ ਗਿਆ ਤਾਂ ਉਸ ਨੇ ਕਿਹਾ ਕਿ ਫਾਇਲ ਗੁੰਮ ਹੋ ਗਈ ਹੈ ਮੈਂ ਕੁਝ ਨਹੀਂ ਕਰ ਸਕਦਾ। ਡਾਕਟਰ ਨੇ ਫੇਰ ਮੇਰੇ ਚਾਚਾ ਕਿੱਕਰ ਸਿੰਘ ਜੋ ਇਸ ਘਟਨਾ ਤੋਂ ਤਿੰਨ ਸਾਲ ਬਾਅਦ 25 ਦਸੰਬਰ 2013 ਨੂੰ ਕਿਸੇ ਬਿਮਾਰੀ ਕਾਰਨ ਮੌਤ ਦੇ ਮੂੰਹ ਜਾ ਪਿਆ ਨੇ ਮੇਰੇ ਉਪਰ ਦਬਾਅ ਪਵਾਇਆ ਕਿ ਤੂੰ ਡਾਕਟਰ ਖਿਲਾਫ਼ ਕੋਈ ਕਾਰਵਾਈ ਨਾ ਕਰ, ਨਹੀਂ ਤਾਂ ਆਪਣਾ ਕੋਈ ਰਿਸ਼ਤਾ ਨਹੀਂ, ਏਥੋਂ ਤੱਕ ਕਿ ਡਾਕਟਰ ਨੇ ਮੇਰੇ ਰਿਸ਼ਤੇਦਾਰਾਂ ਰਾਂਹੀ ਵੀ ਕੋਈ ਕਾਰਵਾਈ ਨਾ ਕਰਨ ਲਈ ਮੇਰੇ ਉਪਰ ਦਬਾਅ ਪਵਾਇਆ। ਜਦੋਂ ਮੇਰੀ ਬੀਬੀ ਜੀ ਨੂੰ ਇਸ ਬਾਰੇ ਮੇਰੇ ਚਾਚਾ ਜੀ ਨੇ ਦੱਸਿਆ ਤਾਂ ਮੇਰੀ ਬੀਬੀ ਜੀ ਕਹਿਣ ਲੱਗੀ ਕਿ ਤੂੰ ਬਚ ਗਿਆ। ਪੈਸਾ ਬੰਦੇ ਤੋਂ ਵੱਡਾ ਨਹੀਂ ਹੁੰਦਾ। ਜੇਕਰ ਤੈਨੂੰ ਕੁਝ ਹੋ ਜਾਂਦਾ ਫੇਰ ਕੀ ਅਸੀਂ ਕਰ ਲੈਂਦੇ। ਡਾਕਟਰਾਂ ਤੱਕ ਕਦੇ ਵੀ ਕੋਈ ਕੰਮ ਪੈ ਸਕਦਾ ਹੈ। ਤੂੰ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ। ਮੇਰੀ ਧਰਮਪਤਨੀ ਕੁਲਦੀਪ ਕੌਰ ਨੇ ਵੀ ਕਿਹਾ ਕਿ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ ਤੂੰ ਸਹੀ ਸਲਾਮਤ ਏਂ, ਪੈਸੇ ਦਾ ਕੀ ਏ, ਬਥੇਰਾ ਆਈ ਜਾਈ ਜਾ ਰਿਹਾ ਹੈ। ਪਰ ਮੈਨੂੰ ਡਾਕਟਰ ਉਪਰ ਇਸ ਗੱਲ ਦਾ ਗਿਲਾ ਸੀ ਕਿ ਡਾਕਟਰ ਨੇ ਆਪਣੇ ਫਰਜ਼ ਤੋਂ ਕੋਤਾਹੀ ਵਰਤੀ ਹੈ। ਮੇਰੇ ਪਰਿਵਾਰ ਨੇ ਮੇਰੇ ਇਲਾਜ ਲਈ ਕਰਜ਼ਾ ਚੁੱਕ ਕੇ ਡਾਕਟਰ ਨੂੰ ਦਿੱਤਾ ਹੈ। ਡਾਕਟਰ ਉਪਰ ਅਗਲੀ ਕਾਰਵਾਈ ਲਈ ਮੈਂ ਆਪਣੇ ਪੱਤਰਕਾਰ ਦੋਸਤਾਂ ਨਾਲ ਮਿਲਕੇ ਬਠਿੰਡਾ ਦੇ ਐਸ. ਐਸ. ਪੀ. ਅੱਗੇ ਪੇਸ਼ ਹੋ ਗਿਆ ਤਾਂ ਉਸ ਨੇ ਥਾਣਾ ਕੋਤਵਾਲੀ ਇੰਚਾਰਜ ਨੂੰ ਮਾਮਲੇ ਦੀ ਜਾਂਚ ਲਈ ਲਿਖ ਦਿੱਤਾ। ਥਾਣਾ ਮੁੱਖੀ ਨੇ ਮੈਨੂੰ ਮਹੀਨੇ ਬਾਅਦ ਸੱਦਿਆ ਤਾਂ ਕਿਹਾ ਕਿ ਅਸੀਂ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਕਿਉਂਕਿ ਤੇਰੀ ਸਾਰੀ ਫਾਇਲ ਡਾਕਟਰ ਕੋਲ ਹੈ, ਤੇਰੇ ਕੋਲ ਕੋਈ ਸਬੂਤ ਨਹੀਂ। ਥਾਣਾ ਮੁੱਖੀ ਨੇ ਡਾਕਟਰ ਨੂੰ ਥਾਣੇ ਸੱਦਿਆ ਤਾਂ ਡਾਕਟਰ ਨੇ ਮਾਮਲਾ ਨਿਬੇੜਨ ਲਈ ਮੇਰੇ ਚਾਚੇ ਉਪਰ ਦਬਾਅ ਪਾਇਆ ਅਤੇ ਬਚਣ ਲਈ ਮੇਰੇ ਅਪਰੇਸ਼ਨ ਅਤੇ ਹੋਰ ਖਰਚੇ ਦੀ ਝੂਠੀ ਰਸੀਦ ਪੇਸ਼ ਕਰ ਦਿੱਤੀ, ਜਿਸ ਵਿਚ ਉਸ ਨੇ ਸਿਰਫ਼ ਸੋਲਾਂ ਹਜ਼ਾਰ ਦੀ ਰਸੀਦ ਦਿੱਤੀ ਹੈ। ਜਦੋਂਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਛੁੱਟੀ ਵਾਲੇ ਦਿਨ ਚਾਲੀ ਹਜ਼ਾਰ ਦੇ ਕਰੀਬ ਨਕਦ ਲਿਆ ਸੀ, ਦਵਾਈਆਂ ਦਾ ਖਰਚਾ ਵੱਖਰਾ, ਇਸ ਤੋਂ ਬਾਅਦ ਤਿੰਨ ਮਹੀਨੇ ਹਸਪਤਾਲ ਵਿਚ ਪੱਟੀ ਅਤੇ ਹੋਰ ਖਰਚੇ ਵੱਖਰੇ। ਚਲੋ ਮੇਰੇ ਮੋਢੇ ਦਾ ਅਪਰੇਸ਼ਨ ਠੀਕ ਹੋ ਜਾਂਦਾ ਤਾਂ ਮੈਂ ਇਹ ਸਭ ਭੁੱਲਜਾਂਦਾ ਪਰ ਡਾਕਟਰ ਨੇ ਮੇਰਾ ਸੱਜਾ ਮੋਢਾ ਨਕਾਰਾ ਕਰ ਦਿੱਤਾ ਹੈ। ਮੇਰਾ ਅਪਰੇਸ਼ਨ ਸਹੀ ਨਾ ਹੋਣ ਕਰਕੇ ਹੁਣ ਲੋਹੜੇ ਦੀ ਪੈ ਰਹੀ ਠੰਡ ਕਰਕੇ ਪੂਰੀ ਬਾਂਹ ਦਰਦ ਕਰਦੀ ਹੈ। ਮੈਂ ਕਿਸੇ ਹੋਰ ਡਾਕਟਰ ਨੂੰ ਅਪਰੇਸ਼ਨ ਵਾਲਾ ਮੋਢਾ ਦਿਖਾਇਆ ਤਾਂ ਉਨ੍ਹਾਂ ਕਿਹਾ ਕਿ ਅਪਰੇਸ਼ਨ ਸਹੀ ਨਹੀਂ ਹੋਇਆ। ਮੋਢੇ ਵਿਚ ਅਪਰੇਸ਼ਨ ਦੌਰਾਨ ਪਏ ਸਕਰਿਊ ਕੱਢਣੇ ਪੈਣੇ ਨੇ, ਪਰ ਫੇਰ ਵੀ ਬਾਂਹ ਠੀਕ ਹੋਵੇ ਇਸ ਦੀ ਕੋਈ ਗਾਰੰਟੀ ਨਹੀਂ।

ਮੈਂ ਤਿੰਨ ਸਾਲ ਪਹਿਲਾਂ ਮੋਢੇ ਦੇ ਅਪਰੇਸ਼ਨ ਉਪਰ ਲੱਗੇ ਪੈਸੇ ਵੀ ਨਹੀਂ ਮੋੜ ਸਕਿਆ। ਉਪਰੋਂ ਹੋਰ ਖਰਚਾ ਖੜਾ ਹੈ। ਪੁਲਿਸ ਪ੍ਰਸ਼ਾਸ਼ਨ ਨੇ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕੀਤੀ। 25 ਦਸੰਬਰ ਨੂੰ ਮੇਰੇ ਚਾਚਾ ਜੀ ਦੀ ਵੀ ਮੌਤ ਹੋ ਗਈ ਹੈ। ਜੇਕਰ ਮੈਨੂੰ ਬੀਮਾ ਕੰਪਨੀ ਵੱਲੋਂ ਮੇਰੇ ਅਪਰੇਸ਼ਨ ਉੱਪਰ ਲੱਗਿਆ ਪੈਸਾ ਮਿਲ ਜਾਂਦਾ ਤਾਂ ਡਾਕਟਰ ਨੂੰ ਕੀ ਨੁਕਸਾਨ ਸੀ। ਮੈਂ ਹੁਣ ਡਾਕਟਰ ਨੂੰ ਰੱਬ ਦਾ ਰੂਪ ਨਹੀਂ ਬਲਕਿ ਕਸਾਈ ਦਾ ਦਰਜਾ ਦਿੰਦਾ ਹਾਂ ਜੋ ਮਰੀਜ਼ ਨੂੰ ਜੀਵਨ ਦੇਣ ਦੀ ਥਾਂ ਸਰੀਰਕ ਪੱਖੋਂ ਆਪਣੇ ਸਵਾਰਥ ਲਈ ਨਕਾਰਾ ਬਣਾ ਰਿਹਾ ਹੈ। ਐਸੇ ਡਾਕਟਰ ਵੀ ਹਨ ਜੋ ਆਪਣੇ ਫਰਜ਼ ਪ੍ਰਤੀ ਇਮਾਨਦਾਰ ਹਨ। ਡਾਕਟਰ ਗੁਰਦੇਵ ਸਿੰਘ ਜੋ ਇਕ ਗੁਰਸਿੱਖ ਆਪਣੇ ਆਫ਼ਿਸ ਵਿਚ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਗਾਕੇ ਧਰਮ ਦੀ ਆੜ ਹੇਠ ਮਰੀਜ਼ਾਂ ਦੀ ਲੁੱਟ ਕਰ ਰਿਹਾ ਹੈ। ਐਸੇ ਡਾਕਟਰ ਖਿਲਾਫ਼ ਪੁਲਿਸ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਨਾ ਕਰਨਾ ਵੀ ਪੁਲਿਸ ਪ੍ਰਸ਼ਾਸ਼ਨ ਅੱਗੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਮੈਂ ਡਾਕਟਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਤੁਹਾਡੇ ਵੀ ਬੱਚੇ ਹੋਣਗੇ, ਜੋ ਤੁਸੀਂ ਮਰੀਜ਼ਾਂ ਤੋਂ ਆਪਣੇ ਫਰਜ਼ ਤੋਂ ਕੋਤਾਹੀ ਕਰਕੇ ਮੋਟਾ ਪੈਸਾ ਲੈ ਕੇ ਉਨ੍ਹਾਂ ਦੀ ਲੁੱਟ ਕਰਦੇ ਹੋ, ਇਹ ਤੁਹਾਡੇ ਬੱਚਿਆਂ ਲਈ ਜ਼ਹਿਰ ਹੈ। ਠੀਕ ਹੈ ਤੁਸੀਂ ਡਾਕਟਰੀ ਪੇਸ਼ੇ ਲਈ ਚੰਗੀ ਪੜ੍ਹਾਈ, ਕੋਰਸ ਉਪਰ ਲੱਖਾਂ ਲਾਏ ਹਨ, ਹਸਪਤਾਲਾਂ ਦੇ ਵੀ ਖਰਚੇ ਹਨ ਪਰ ਕੀ ਕਦੇ ਸੋਚਿਆ ਕਿ ਕਿਸੇ ਗਰੀਬ ਜਾਂ ਕਿਸੇ ਬੇਸਹਾਰਾ ਤੋਂ ਇਲਾਜ ਦੇ ਨਾਂਅ ਹੇਠ ਮੋਟੀ ਕਮਾਈ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰਵਾ ਸਕਦੇ, ਗਰੀਬਾਂ ਦੀ ਰੱਤ ਚੂਸਨਾ ਜ਼ਹਿਰ ਸਾਮਾਨ ਹੈ। ਲੋਕ ਤੁਹਾਨੂੰ ਰੱਬ ਦਾ ਰੂਪ ਸਮਝਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਕੇ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਓ।

**ਵੇਰਵਾ : ਗੁਰਨੈਬ ਸਾਜਨ ਦਿਓਣ**



**ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ।**

# ਕੇਂਦਰ 'ਚ 30 ਲੱਖ ਨੌਕਰੀਆਂ ਖਾਲੀ ਹਨ ਜੋ ਪਹਿਲਾਂ ਭਰਾਂਗੇ : ਖੜਗੇ/ਤਿਵਾੜੀ

ਚੰਡੀਗੜ੍ਹ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ-2024 ਲਈ ਵੋਟਾਂ 1 ਜੂਨ ਨੂੰ ਪੈਣੀਆਂ ਹਨ। ਜਿੱਥੇ ਇਸ ਤੋਂ ਪਹਿਲਾਂ ਵੀ ਆਗੂਆਂ ਨੇ ਆਪਣੀ ਫੀਲਡਿੰਗ ਤੇਜ਼ ਕਰ ਦਿੱਤੀ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਚੰਡੀਗੜ੍ਹ ਪਹੁੰਚ ਕੇ ਇੱਥੇ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਖੜਗੇ ਨੇ ਆਪਣੀ ਪਾਰਟੀ ਦੇ ਵਾਅਦਿਆਂ ਦਾ ਜ਼ਿਕਰ ਕਰਦੇ ਹੋਏ ਹਰਿਆਣਾ ਦੀ ਡਬਲ ਇੰਜਣ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ 'ਤੇ ਸਿੱਧਾ ਹਮਲਾ ਬੋਲਿਆ। ਇਸ ਦੇ ਨਾਲ ਹੀ ਖੜਗੇ ਨੇ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਪਾਰਟੀ ਦੇ ਉਮੀਦਵਾਰ ਮਨੀਸ਼ ਤਿਵਾੜੀ ਬਾਰੇ ਵੀ ਗੱਲ ਕੀਤੀ।




ਮਲਿਕਾਅਰਜੁਨ ਖੜਗੇ ਨੇ ਕਿਹਾ ਕਿ ਮਨੀਸ਼ ਤਿਵਾੜੀ 40 ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਹੁਣ ਪਹਿਲੀ ਵਾਰ ਚੰਡੀਗੜ੍ਹ ਤੋਂ ਚੋਣ ਲੜ ਰਹੇ ਹਨ। ਉਸ ਦੀ ਇੱਛਾ ਸ਼ੁਰੂ ਤੋਂ ਹੀ ਇੱਥੋਂ ਲੜਨ ਦੀ ਸੀ ਪਰ ਪਹਿਲਾਂ ਅਜਿਹਾ ਨਾ ਹੋ ਸਕਿਆ। ਪਰ ਇਸ ਵਾਰ ਉਸ ਦੀ ਇਹ ਇੱਛਾ ਪੂਰੀ ਹੋ ਗਈ ਹੈ। ਖੜਗੇ ਨੇ ਕਿਹਾ ਕਿ ਸਾਡੇ ਕੋਲ ਚੰਡੀਗੜ੍ਹ ਤੋਂ ਚੋਣ ਲੜਨ ਲਈ ਕਈ ਹੋਰ ਸਮਰੱਥ ਨੇਤਾ ਸਨ ਪਰ ਅਸੀਂ ਸੋਚਿਆ ਕਿ ਇਸ ਵਾਰ ਸਿਰਫ ਮਨੀਸ਼ ਤਿਵਾੜੀ ਨੂੰ ਹੀ ਮੌਕਾ ਦਿੱਤਾ ਜਾਵੇ। ਸਿਰਫ਼ ਉਸ ਨੂੰ ਇੱਥੋਂ ਚੋਣ ਲੜਨੀ ਚਾਹੀਦੀ ਹੈ। ਹਰਿਆਣਾ ਇੱਕ ਖੁਸ਼ਹਾਲ ਸੂਬਾ ਹੈ, ਫਿਰ ਵੀ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ

ਖੜਗੇ ਨੇ ਕਿਹਾ ਕਿ ਹਰਿਆਣਾ, ਚੰਡੀਗੜ੍ਹ ਅਤੇ ਪੰਜਾਬ ਖੁਸ਼ਹਾਲ ਰਾਜਾਂ ਵਿੱਚ ਗਿਣੇ ਜਾਂਦੇ ਹਨ ਪਰ ਫਿਰ ਵੀ ਇੱਥੇ ਬੇਰੁਜ਼ਗਾਰੀ ਅਤੇ ਮਹਿੰਗਾਈ ਆਪਣੇ ਸਿਖਰ 'ਤੇ ਹੈ। ਖੜਗੇ ਨੇ ਕਿਹਾ ਕਿ ਲੋਕ ਸੋਚਦੇ ਹਨ ਕਿ ਹਰਿਆਣਾ ਸਰਕਾਰ ਕੋਲ ਬਹੁਤ ਸਾਰੇ ਸਾਧਨ ਹਨ, ਪਰ ਹਰਿਆਣਾ ਦਾ ਕਰਜ਼ਾ ਜੋ 2014 ਤੱਕ 70 ਹਜ਼ਾਰ ਕਰੋੜ ਰੁਪਏ ਸੀ, ਉਹ 2024 ਤੱਕ ਵੱਧ ਕੇ 3 ਲੱਖ ਕਰੋੜ ਰੁਪਏ ਹੋ ਗਿਆ ਹੈ। ਖੜਗੇ ਨੇ ਕਿਹਾ ਕਿ ਹਰਿਆਣਾ ਵੱਡੇ ਕਰਜ਼ੇ 'ਚ ਡੁੱਬ ਰਿਹਾ ਹੈ। ਇੱਥੋਂ ਦੀ ਸਰਕਾਰ ਤਰੱਕੀ ਦਾ ਰਾਹ ਭੁੱਲ ਗਈ ਹੈ। ਉਥੇ ਹੀ ਪੀਐਮ ਮੋਦੀ ਕਹਿੰਦੇ ਹਨ ਕਿ ਹਰਿਆਣਾ ਵਿੱਚ ਡਬਲ ਇੰਜਣ ਵਾਲੀ ਸਰਕਾਰ ਹੈ।

ਖੜਗੇ ਨੇ ਅੱਗੇ ਕਿਹਾ ਕਿ ਪੀਐਮ ਮੋਦੀ ਵਿਕਾਸ ਦਾ ਵੇਰਵਾ ਨਹੀਂ ਦੇ ਪਾ ਰਹੇ ਹਨ। ਪੀਐਮ ਮੋਦੀ ਆਪਣੇ ਕੀਤੇ ਕੰਮਾਂ ਦੀ ਗੱਲ ਨਹੀਂ ਕਰਦੇ ਸਗੋਂ ਕਾਂਗਰਸ ਨੂੰ ਗਾਲ੍ਹਾਂ ਕੱਢਦੇ ਰਹਿੰਦੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਪ੍ਰਧਾਨ ਮੰਤਰੀ ਮੋਦੀ ਆਪਣੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕੰਮਾਂ ਦੀ ਗੱਲ ਕਰਕੇ ਵੋਟਾਂ ਮੰਗਣ ਦੀ ਬਜਾਏ ਕਾਂਗਰਸ ਨੂੰ ਕਿਉਂ ਗਾਲ੍ਹਾਂ ਕੱਢਦੇ ਹਨ। ਖੜਗੇ ਨੇ ਕਿਹਾ ਕਿ ਪੀਐਮ ਮੋਦੀ ਨੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਉਹ ਲੋਕਾਂ ਨੂੰ ਕਾਂਗਰਸ ਖਿਲਾਫ ਗੁੰਮਰਾਹ ਕਰ ਰਿਹਾ ਹੈ

ਮਲਿਕਾਅਰਜੁਨ ਖੜਗੇ ਨੇ ਕਿਹਾ ਕਿ ਅਸੀਂ ਭਾਰਤੀ ਸੰਵਿਧਾਨ ਨੂੰ ਬਚਾਉਣ ਦੀ ਗੱਲ ਕਰ ਰਹੇ ਹਾਂ, ਪਰ ਇਸ ਦੇ ਉਲਟ ਪੀਐਮ ਮੋਦੀ ਸਾਡੇ 'ਤੇ ਸੰਵਿਧਾਨ ਦੇ ਖਿਲਾਫ ਜਾਣ ਦਾ ਦੋਸ਼ ਲਗਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਸੰਵਿਧਾਨ 'ਚ ਸੋਧ ਕਰਕੇ SC, ST ਅਤੇ OBC ਦਾ ਰਿਜ਼ਰਵੇਸ਼ਨ ਮੁਸਲਮਾਨਾਂ ਨੂੰ ਦੇਵਾਂਗੇ। ਔਰਤਾਂ ਦਾ ਮੰਗਲਸੂਤਰ ਲੈਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਸੱਤਾ 'ਚ ਆਏ ਤਾਂ ਜਾਤੀ ਅਤੇ ਆਰਥਿਕ ਜਨਗਣਨਾ ਕਰਵਾਵਾਂਗੇ ਅਤੇ ਲੋਕਾਂ ਦੀ ਜਾਇਦਾਦ ਦੀ ਵੰਡ ਕਰਾਂਗੇ। ਲੋਕਾਂ ਦੇ ਘਰਾਂ ਦੀ ਤਲਾਸ਼ੀ ਲਈ ਜਾਵੇਗੀ ਕਿ ਕਿਸ ਕੋਲ ਕਿੰਨਾ ਸੋਨਾ ਅਤੇ ਕਿੰਨੀ ਜਾਇਦਾਦ ਹੈ।

ਖੜਗੇ ਨੇ ਕਿਹਾ ਕਿ ਪੀਐਮ ਮੋਦੀ ਇਹ ਕਹਿਣ ਤੱਕ ਚਲੇ ਗਏ ਹਨ ਕਿ ਜੇਕਰ ਅਸੀਂ ਸੱਤਾ ਵਿੱਚ ਆਏ ਤਾਂ ਲੋਕਾਂ ਦੀਆਂ ਮੱਝਾਂ ਵੀ ਵੰਡਾਂਗੇ। ਜੇਕਰ ਉਨ੍ਹਾਂ ਕੋਲ ਦੋ ਮੱਝਾਂ ਹਨ ਤਾਂ ਅਸੀਂ ਇੱਕ ਲੈ ਲਵਾਂਗੇ। ਖੜਗੇ ਨੇ ਕਿਹਾ ਕਿ ਪੀਐਮ ਮੋਦੀ ਨੇ ਪਿਛਲੇ 10 ਸਾਲਾਂ ਵਿੱਚ ਝੂਠ ਬੋਲ ਕੇ ਸਰਕਾਰ ਚਲਾਈ ਅਤੇ ਦੇਸ਼ ਨੂੰ ਤਬਾਹ ਕਰ ਦਿੱਤਾ। ਖੜਗੇ ਨੇ ਕਿਹਾ ਕਿ ਮੋਦੀ ਸਰਕਾਰ ਨੇ ਫੌਜ ਨੂੰ ਵੀ ਨੁਕਸਾਨ ਪਹੁੰਚਾਇਆ ਹੈ, ਉਥੇ ਅਗਨੀਵੀਰ ਯੋਜਨਾ ਲਿਆਂਦੀ ਗਈ। ਪਰ ਅਸੀਂ ਸੱਤਾ ਵਿੱਚ ਆ ਕੇ ਅਗਨੀਵੀਰ ਸਕੀਮ ਨੂੰ ਖਤਮ ਕਰਕੇ ਪੱਕੀ ਭਰਤੀ ਕਰਾਂਗੇ।

# ਵੱਧ ਰਹੀ ਤਪਸ਼, ਲੂ ਤੋਂ ਬਚੋਂ - ਸਿਵਲ ਸਰਜਨ; ਕਿੱਧਰੇ ਵੀ ਬਾਹਰ ਜਾਣ ਤੋਂ ਪਹਿਲਾਂ ਪਾਣੀ ਪੀਓ

ਅੰਮ੍ਰਿਤਸਰ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵੱਧ ਰਹੀ ਤਪਸ਼ ਅਤੇ ਲੂ ਤੋਂ ਬਚਣ ਲਈ ਸਿਵਲ ਸਰਜਨ ਦਫ਼ਤਰ ਵਲੋਂ ਕੁਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।



ਇਸ ਸਬੰਧੀ ਡਾ. ਸੁਮੀਤ ਸਿੰਘ ਸਿਵਲ ਸਰਜਨ ਅੰਮ੍ਰਿਤਸਰ ਨੇ ਦੱਸਿਆ ਕਿ ਵੱਧ ਰਹੀ ਤਪਸ਼ ਵਿਚ ਲੂ ਤੋਂ ਬਚਣ ਲਈ ਕਿੱਧਰੇ ਵੀ ਬਾਹਰ ਜਾਣ ਤੋਂ ਪਹਿਲਾਂ ਪਾਣੀ ਪੀ ਕੇ ਘਰੋਂ ਨਿਕਲਣਾ ਚਾਹੀਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਗਰਮੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਤਰਲ ਪਦਾਰਥ ਜਿਵੇਂ ਕਿ ਲੱਸੀ, ਪਾਣੀ, ਨਿੰਬੂ ਪਾਣੀ ਪੀ ਕੇ ਹੀ ਨਿਕਲਣਾ ਚਾਹੀਦਾ ਹੈ ਅਤੇ ਕੋਸ਼ਿਸ ਕਰੋ ਕਿ ਦੁਪਹਿਰ ਵੇਲੇ ਘਰ ਤੋਂ ਬਾਹਰ ਘੱਟ ਨਿਕਲਿਆ ਜਾਵੇ। ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਜੇਕਰ ਜ਼ਰੂਰਤ ਅਨੁਸਾਰ ਬਾਹਰ ਨਿਕਲਣਾ ਵੀ ਪੈਂਦਾ ਹੈ ਤਾਂ ਕੋਸ਼ਿਸ ਕਰੋ ਕਿ ਬੈਠਣ ਲਈ ਥਾਂ ਠੰਢੀ ਹੋਵੇ। ਉਨਾਂ ਕਿਹਾ ਕਿ ਜ਼ਿਆਦਾ ਪਾਣੀ ਦਾ ਸੇਵਨ ਕਰਨਾ, ਕੋਲਡਰਿੰਕਸ ਪੀਣ ਤੋਂ ਬਚਣਾ ਚਾਹੀਦਾ ਹੈ ਅਤੇ ਹਲਕੇ ਰੰਗ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਉਨਾਂ ਕਿਹਾ ਕਿ ਪੀਕ ਘੰਟੇ 12 ਤੋਂ 3 ਵਜੇ ਤੱਕ ਘਰੋਂ ਬਾਹਰ ਨਿਕਲਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਲੂ ਆਪਣੀ ਪੂਰੇ ਜੋਰਾਂ ਤੇ ਹੁੰਦੀ ਹੈ। ਸਿਵਲ ਸਰਜਨ ਨੇ ਵੱਖ ਵੱਖ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਦੇ ਪੀਣ ਲਈ ਠੰਡਾ ਪਾਣੀ ਕਾਫੀ ਮਾਤਰਾ ਵਿੱਚ ਹੋਣਾ ਚਾਹੀਦਾ ਹੈ ਅਤੇ ਟਰਾਂਸਪੋਰਟ ਅਧਿਕਾਰੀਆਂ ਨੂੰ ਬੱਸਾਂ ਵਿੱਚ ਯਾਤਰੂਆਂ ਦੀ ਸਹੂਲਤ ਲਈ ਫਸਟ ਏਡ ਬਾਕਸ ਅਤੇ ਪੀਣ ਵਾਲੇ ਦਾ ਇੰਤਜਾਮ ਰੱਖਣਾ ਚਾਹੀਦਾ ਹੈ। ਉਨਾਂ ਨੇ ਲੇਬਰ ਵਿਭਾਗ ਅਤੇ ਪੰਚਾਇਤੀ ਰਾਜ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਉਹ ਮਜਦੂਰਾਂ ਅਤੇ ਮਗ-ਨਰੇਗਾ ਦੇ ਕਾਮਿਆਂ ਦੇ ਸਮੇਂ ਵਿੱਚ ਬਦਲਾਅ ਕਰਨ ਅਤੇ 12 ਤੋਂ 3 ਵਜੇ ਤੱਕ ਤਪਸ਼ ਸਮੇਂ ਮਜਦੂਰੀ ਕਰਨ ਤੋਂ ਗੁਰੇਜ ਕੀਤਾ ਜਾਵੇ।

ਡਾ. ਸੁਮੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਰਹੀ ਤਪਸ਼ ਕਾਰਨ ਆਪਣੇ ਪਸ਼ੂਆਂ ਦਾ ਧਿਆਨ ਰੱਖਣ ਅਤੇ ਉਨਾਂ ਲਈ ਪੀਣ ਵਾਲੇ ਪਾਣੀ ਦਾ ਖਾਸ ਧਿਆਨ ਦੇਣ। ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਲੂ ਦੇ ਲੱਛਣ ਜਿਵੇਂ ਕਿ ਚੱਕਰ ਆਉਣਾ, ਬਹੁਤ ਪਸੀਨਾ ਆਉਣਾ, ਥਕਾਨ ਹੋਣਾ, ਸਿਰ ਦਰਦ, ਉਲਟੀਆਂ, ਲਾਲ ਗਰਮ ਤੇ ਖੁਸ਼ਕ ਚੰਮੜੀ, ਮਾਂਸਪੇਸ਼ਿਆਂ ਵਿਚ ਕਮਜ਼ੋਰੀ ਹੋਣਾ ਆਦਿ ਹਨ। ਉਨਾਂ ਦੱਸਿਆ ਕਿ ਬੱਚਿਆਂ, ਬਜੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਰਗਮੀ ਲੱਗਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਜ਼ਰੂਰਤ ਪੈਣ ਤੇ ਮੁਫ਼ਤ ਐਂਬੂਲੈਂਸ ਸੇਵਾ ਲਈ ਟੋਲ ਫ੍ਰੀ ਨੰਬਰ 108 ਅਤੇ ਸਿਹਤ ਸਬੰਧੀ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 104 'ਤੇ ਕਾਲ ਕੀਤੀ ਜਾ ਸਕਦੀ ਹੈ।

ਇਸ ਸਬੰਧੀ ਹੋਰ ਸਾਵਧਾਨੀਆਂ ਵੀ ਅਪਣਾਉਣ ਦੀ ਲੋੜ ਹੈ। ਉਨਾਂ ਦੱਸਿਆ ਕਿ ਵੱਧ ਰਹੇ ਤਾਪਮਾਨ ਦੇ ਕਾਰਨ ਆਪਣੀਆਂ ਕਾਰਾਂ ਅੰਦਰ ਗੈਸ ਸਮੱਗਰੀ, ਲਾਈਟਰ, ਆਮਤੌਰ ਤੇ ਪ੍ਰਫਿਊਮ ਅਤੇ ਡਿਵਾਇਸ ਬੈਟਰੀਆਂ, ਕੋਲਡ ਡ੍ਰਿੰਕ ਨਹੀਂ ਰਖਣੀਆਂ ਚਾਹੀਦੀਆਂ ਅਤੇ ਕਾਰਾਂ ਦੇ ਟਾਇਰਾਂ ਨੂੰ ਜਿਆਦਾ ਨਹੀਂ ਫੁਲਾਉਣਾ ਚਾਹੀਦਾ। ਉਨਾਂ ਕਿਹਾ ਕਿ ਵੱਧ ਰਹੀ ਗਰਮੀ ਦੇ ਕਾਰਨ ਬਿੱਛੂਆਂ ਅਤੇ ਸੱਪਾਂ ਤੋਂ ਸਾਵਧਾਨ ਰਹੋ, ਕਿਉਂਕਿ ਉਹ ਆਪਣੀਆਂ ਖੱਡਾਂ ਵਿੱਚੋਂ ਬਾਹਰ ਨਿਕਲ ਕੇ ਠੰਡੀਆਂ ਥਾਵਾਂ ਦੀ ਭਾਲ ਵਿੱਚ ਘਰਾਂ ਵਿੱਚ ਦਾਖਲ ਹੋ ਸਕਦੇ ਹਨ। ਉਨਾਂ ਕਿਹਾ ਕਿ ਧਿਆਨ ਰੱਖਣ ਦੀ ਗੱਲ ਹੈ ਕਿ ਗੈਸ ਸਲੰਡਰ ਨੂੰ ਧੁੱਪ ਵਿੱਚ ਨਾ ਰੱਖਿਆ ਜਾਵੇ, ਕਿਉਂਕਿ ਵੱਧ ਰਹੀ ਗਰਮੀ ਕਾਰਨ ਕੋਈ ਵੀ ਹਾਦਸਾ ਵਾਪਰ ਸਕਦਾ ਹੈ।

# ਆਪ ਸਰਕਾਰ ਦੀਆਂ ਲੋਕ ਪੱਖੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵਿਰੋਧੀ ਪਾਰਟੀਆਂ ਦੇ ਆਗੂ ਆਪ 'ਚ ਹੋ ਰਹੇ ਹਨ ਸ਼ਾਮਲ : ਹਰਚੰਦ ਸਿੰਘ ਬਰਸਟ



ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਵਿੱਚ ਆਮ ਆਦਮੀ ਪਾਰਟੀ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ ਪਾਰਟੀ ਦੀ ਇਮਾਨਦਾਰ ਅਤੇ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ, ਅਕਾਲੀ ਦਲ, ਅਤੇ ਕਾਂਗਰਸ ਵਰਗੀਆਂ ਪਾਰਟੀਆਂ ਵਿੱਚੋ ਦਿਗੱਜ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਅੱਜ ਲੋਕ ਸਭਾ ਪਟਿਆਲਾ ਤੋਂ ਸ੍ਰੋਮਣੀ ਅਕਾਲੀ ਦਲ ਤੋਂ ਸਾਬਕਾ ਐਮ.ਸੀ. ਦਰਵੇਸ਼ ਗੋਇਲ, ਲਾਡੀ ਸਹਿਗਲ ਜਨਰਲ ਸਕੱਤਰ ਅਕਾਲੀ ਦਲ, ਡੀ.ਐਸ.ਪੀ. ਅਨੰਦ ਪ੍ਰਧਾਨ ਪੁਲਿਸ ਵੈਲਫੇਅਰ ਐਸੋਸੀਏਸ਼ਨ ਅਤੇ ਸੀਨੀਅਰ ਪ੍ਰਧਾਨ ਖੱਤਰੀ ਮਹਾਂ ਸਭਾ ਪੰਜਾਬ, ਹੈਪੀ ਬਲਾਕ ਪ੍ਰਧਾਨ ਅਕਾਲੀ ਦਲ, ਰਜੇਸ਼ ਕਨੋਜੀਆਂ ਬੀ.ਸੀ. ਸੈੱਲ ਅਕਾਲੀ ਦਲ, ਆਪਣੇ ਕਈ ਸਾਥੀਆਂ ਸਮੇਤ ਹਰਚੰਦ ਸਿੰਘ ਬਰਸਟ ਸੂਬਾ ਜਨਰਲ ਸਕੱਤਰ ਆਪ ਪੰਜਾਬ, ਚੇਅਰਮੈਨ ਪੰਜਾਬ ਮੰਡੀ ਬੋਰਡ, ਚੇਤਨ ਸਿੰਘ ਜੋੜਾਮਾਜਰਾ ਕੈਬਿਨੇਟ ਮੰਤਰੀ, ਅਜੀਤ ਪਾਲ ਸਿੰਘ ਕੋਹਲੀ ਵਿਧਾਇਕ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਦਾ ਸਵਾਗਤ ਕੀਤਾ ਗਿਆ ਅਤੇ ਇਸ ਮੌਕੇ ਪੁਲਿਸ ਵੈਲਫੇਅਰ ਐਸੋਸੀਏਸ਼ਨ ਪੰਜਾਬ ਤੋਂ ਵੀ ਬਖਸ਼ੀਸ਼ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ, ਗੁਰਦੇਵ ਸਿੰਘ, ਬਲਜਿੰਦਰ ਸਿੰਘ, ਸਤਨਾਮ ਸਿੰਘ ਸਮੇਤ ਸੈਂਕੜੇ ਸਾਥੀ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਬਰਸਟ ਜੀ ਨੇ ਕਿਹਾ ਕਿ ਇਹਨਾਂ ਸਾਰਿਆਂ ਆਗੂਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਟਿਆਲਾ ਲੋਕ ਸਭਾ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਹੋਰ ਵੀ ਮਜਬੂਤ ਹੋ ਰਹੀ ਹੈ। ਜਿਸ ਤਰਾਂ ਲੋਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋ ਲੋਕਾਂ ਨੂੰ ਦਿੱਤੀ ਗਈਆਂ ਸਹੂਲਤਾਂ ਜਿਨਾਂ ਵਿੱਚ ਮੁਫਤ ਬਿਜਲੀ, 43000 ਤੋਂ ਵੱਧ ਰੈਗੂਲਰ ਨੋਕਰੀਆਂ, ਮੁਹੱਲਾ ਕਲੀਨਿਕ, ਨਹਿਰੀ ਪਾਣੀ ਟੈਲਾਂ ਤੱਕ ਪਹੁੰਚਾਉਣਾ ਤੇ ਹੋਰ ਵੀ ਸਹੂਲਤਾਂ ਸ਼ਾਮਲ ਹਨ।ਲੋਕਾਂ ਵੱਲੋ ਭਾਰੀ ਗਿਣਤੀ ਵਿੱਚ ਇੱਕਠ ਕਰਕੇ ਪਾਰਟੀ ਨੂੰ ਸਹਿਯੋਗ ਦਿੱਤਾ ਜਾ ਰਿਹਾ ਹੈ ਜੋ ਇਸ ਗੱਲ ਦਾ ਸਬੂਤ ਦਿੰਦਾ ਹੈ ਜੋ ਮਾਣਯੋਗ ਮੁੱਖ ਮਤੰਰੀ ਪੰਜਾਬ ਸ.ਭਗਵੰਤ ਸਿੰਘ ਮਾਨ ਜੀ ਦਾ ਨਾਅਰਾ 'ਮਿਸ਼ਨ 13-0' ਹੈ।

ਇਸ ਨੂੰ ਕਾਮਯਾਬ ਬਣਾਉਣਗੇ 13 ਦੀ 13 ਸੀਟਾਂ ਨੂੰ ਜਿਤਵਾਂ ਕੇ ਭਗਵੰਤ ਮਾਨ ਜੀ ਦੀ ਝੋਲੀ ਪਾਵਾਂਗੇ।ਅਤੇ ਇਹਨਾਂ ਸ਼ਾਮਲ ਹੋਏ ਸਾਥੀਆਂ ਨੂੰ ਪਾਰਟੀ ਵਿੱਚ ਇੱਕ ਪਰਿਵਾਰਕ ਮਹੌਲ ਤੇ ਸਤਿਕਾਰ ਦਿੱਤਾ ਜਾਵੇਗਾ।

## ਅਕਾਲੀ ਦਲ ਸਮੇਂ ਹੀ ਪੰਜਾਬ ਦਾ ਵਿਕਾਸ ਹੋਇਆ: ਸੁਖਬੀਰ

ਫਾਜ਼ਿਲਕਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿਚ ਜਦੋਂ ਵੀ ਵਿਕਾਸ ਹੋਇਆ ਹੈ, ਉਹ ਅਕਾਲੀ ਦਲ ਦੇ ਰਾਜ ਵਿਚ ਹੀ ਹੋਇਆ ਹੈ। ਕਾਂਗਰਸ ਨੇ ਲੰਬਾ ਸਮਾਂ ਰਾਜ ਕੀਤਾ, ਰਾਸ਼ਟਰਪਤੀ ਸ਼ਾਸਨ ਲਗਾਇਆ ਗਿਆ ਪਰ ਇਸ ਤੋਂ ਬਾਅਦ ਜਦੋਂ ਅਕਾਲੀ ਦਲ ਬਾਦਲ ਸੱਤਾ ਵਿਚ ਆਇਆ ਤਾਂ ਉਸ ਨੇ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਤੋਰਿਆ। ਉਨ੍ਹਾਂ ਕਿਹਾ ਕਿ ਹੁਣ ਫਿਰ ਤੋਂ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਵਿਕਾਸ ਦਾ ਪਹੀਆ ਰੋਕ ਦਿੱਤਾ ਹੈ। ਉਹ ਇੱਥੋਂ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਜਦੋਂ ਵੀ ਦਿੱਲੀ ਤੋਂ ਚੱਲ ਰਹੀਆਂ ਪਾਰਟੀਆਂ ਵੱਲੋਂ ਸੂਬੇ ਵਿੱਚ ਸਰਕਾਰ ਬਣਾਈ ਗਈ ਤਾਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਗਈ। ਇਸ ਲਈ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਜੇਤੂ ਬਣਾਉਣਾ ਬਹੁਤ ਜ਼ਰੂਰੀ ਹੈ।

# ਰਾਹੁਲ ਸੈਣੀ ਨੇ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਬਾਰੇ ਚਾਨਣਾ ਪਾਇਆ




ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦਿਹਾਤੀ ਦੇ ਵਾਰਡ ਨੰਬਰ 22 ਤਫ਼ਜ਼ਲਪੁਰਾ ਵਿਖੇ ਵਾਰਡ ਸੇਵਾਦਾਰ ਰੀਮਾ ਮਿਠਾਰੀਆਂ ਦੀ ਅਗਵਾਈ ਹੇਠ ਅਤੇ ਰਾਜ ਕੁਮਾਰ ਮਿਠਾਰੀਆਂ ਜਿਲ੍ਹਾ ਇੰਚਾਰਜ ਆਈ ਟੀ ਸੈਲ ਪਟਿਆਲਾ, ਜਸਵੰਤ ਰਾਏ ਸੂਬਾ ਜੋਆਇੰਟ ਸਕੱਤਰ ਐਸ ਸੀ ਵਿੰਗ ਪੰਜਾਬ ਦੀ ਰਹਿਨੁਮਾਈ ਹੇਠ ਚੋਣਾਂ ਦੇ ਸੰਬੰਧ ਵਿਚ ਮੀਟਿੰਗ ਕੀਤੀ ਗਈ ਜਿਸ ਵਿੱਚ ਲੋਕ ਸਭਾ ਉਮੀਦਵਾਰ ਡਾ ਬਲਬੀਰ ਸਿੰਘ ਜੀ ਦੇ ਸਪੁੱਤਰ ਐਡਵੋਕੇਟ ਰਾਹੁਲ ਸੈਣੀ ਜੀ ਨੇ ਵਿਸ਼ੇਸ ਤੋਰ ਤੇ ਸਿਰਕਤ ਕੀਤੀ। ਉਹਨਾਂ ਦੇ ਨਾਲ ਸੂਬਾ ਮੀਤ ਪ੍ਰਧਾਨ ਐਸ ਸੀ ਵਿੰਗ ਪੰਜਾਬ, ਮੇਘ ਚੰਦ ਸ਼ੇਰ ਮਾਜਰਾ ਚੇਅਰਮੈਨ ਇਮਪਰੂਮੈਂਟ ਟਰੱਸਟ ਪਟਿਆਲਾ ਨੇ ਵੀ ਸਮੂਲੀਅਤ ਕੀਤੀ। ਇਸ ਮੌਕੇ ਰਾਹੁਲ ਸੈਣੀ ਨੇ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਬਾਰੇ ਦੱਸਿਆ ਤੇ ਪਾਰਟੀ ਦੇ ਕੀਤੇ ਹੋਏ ਕੰਮਾਂ ਬਾਰੇ ਜਾਣੂ ਕਰਵਾਇਆ ਉਹਨਾਂ ਦੱਸਿਆ ਕੀ ਆਪ ਸਰਕਾਰ ਬਣਨ ਤੋਂ ਬਾਅਦ ਹੀ 300 ਯੂਨਿਟ ਬਿਜਲੀ ਗਾਰੰਟੀ ਪੂਰੀ ਕੀਤੀ,43000 ਹਜਾਰ ਤੋਂ ਵੱਧ ਸਰਕਾਰੀ ਨੌਕਰੀ ਦਿੱਤੀਆਂ,829 ਮੋਹੱਲਾ ਕਲੀਨੀਕ ਖੋਲੀ ਗਈ ਸਰਕਾਰੀ ਸਕੂਲਾਂ ਵਿੱਚ ਸੁਧਾਰ ਕੀਤਾ9 ਬਾਕੀ ਰਹਿੰਦੀਆਂ ਗਰੰਟੀਆਂ ਵੀ ਜਲਦ ਪੂਰੀਆਂ ਕੀਤੀਆਂ ਜਾਣਗੀਆਂ 9 ਜਸਵੰਤ ਰਾਏ ਅਤੇ ਰਾਜ ਕੁਮਾਰ ਮਿਠਾਰੀਆਂ ਨੇ ਕਿਹਾ ਆਮ ਆਦਮੀ ਪਾਰਟੀ ਜੋ ਕਹਿੰਦੀ ਹੈ, ਕਰਕੇ ਵਿਖਾਉਂਦੀ ਹੈ। ਅਸੀਂ ਵੇਖਿਆ ਹੈ ਰਵਾਇਤੀ ਪਾਰਟੀਆਂ ਪੰਜਾਬ ਦੀ ਜਨਤਾ ਨਾਲ ਲੋਕਸਭਾ ਦੀਆਂ ਚੋਣਾਂ ਦੌਰਾਨ ਬਹੁਤ ਸਾਰੇ ਵਾਅਦੇ ਕਰਦੀਆਂ ਸਨ ਤੇ ਚੋਣਾਂ ਜਿੱਤ ਕੇ ਚਾਰ ਸਾਢੇ ਚਾਰ ਜਨਤਾ ਦੀ ਸਾਰ ਨਹੀਂ ਲੈਂਦੀਆਂ ਸਨ, ਜਦੋਂ 6 ਕੁ ਮਹੀਨੇ ਰਹਿ ਜਾਂਦੇ ਸਨ। ਥੋੜਾ -ਬਹੁਤ ਕੰਮ ਕਰਵਾਉਂਦੇ ਸਨ, ਪਰ ਆਮ ਆਦਮੀ ਪਾਰਟੀ ਨੇ ਸਰਕਾਰ ਬਣਾਉਦੀਆ ਹੀ ਆਪਣੀਆਂ ਦਿੱਤੀਆਂ ਗਰੰਟੀਆਂ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ 9

ਇਸ ਮੌਕੇ ਰਜਨੀ ਰਾਣੀ, ਸੰਤੋਸ਼ ਰਾਣੀ, ਗੀਤਾ ਰਾਣੀ,ਉਮਪ੍ਰਕਾਸ, ਗੁਰਮੀਤ ਸਿੰਘ, ਅਮਰੀਕ ਸਿੰਘ ਭੁੱਲਰ, ਹਰਦੇਵ ਸਿੰਘ,ਗੁਰਚਰਨ ਸਿੰਘ, ਗਿਆਨ ਚੰਦ, ਵਿਸ਼ਾਲ ਕੁਮਾਰ,ਤੋਂ ਇਲਾਵਾ ਵੱਡੀ ਗਿਣਤੀ ਵਿਚ ਮੋਹੱਲਾ ਨਿਵਾਸੀ ਮੌਜੂਦ ਰਹੇ।

# ਸਿੰਗਲਾ ਦੱਸਣ ਰਾਹੁਲ ਤੇ ਕੇਜਰੀਵਾਲ ਦੋਸਤ ਹਨ ਜਾਂ ਦੁਸ਼ਮਣ : ਡਾ. ਸੁਭਾਸ਼ ਸ਼ਰਮਾ

## ਮਾਨ ਸਰਕਾਰ ਨੇ ਬੁਢਾਪਾ ਪੈਨਸ਼ਨ ਨਾ ਵਧਾ ਕੇ 30 ਲੱਖ ਬਜ਼ੁਰਗਾਂ ਅਤੇ ਵਿਧਵਾ ਭੈਣਾਂ ਨਾਲ ਕੀਤਾ ਧੋਖਾ : ਡਾ: ਸੁਭਾਸ਼ ਸ਼ਰਮਾ



ਨਵਾਂ ਸ਼ਹਿਰ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਅੱਜ ਆਪਣੇ ਚੋਣ ਪ੍ਰਚਾਰ ਦੌਰਾਨ ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸ ਤੇ 'ਆਪ' ਦੇ ਉਮੀਦਵਾਰਾਂ ਵਿਜੇਂਦਰ ਸਿੰਗਲਾ ਅਤੇ ਮਲਵਿੰਦਰ ਕੰਗ ਨੂੰ ਸਵਾਲ ਕੀਤਾ ਕਿ ਉਹ ਜਨਤਾ ਨੂੰ ਦੱਸਣ ਕਿ ਰਾਹੁਲ ਗਾਂਧੀ ਅਤੇ ਅਰਵਿੰਦ ਕੇਜਰੀਵਾਲ ਦੋਸਤ ਹਨ ਜਾਂ ਦੁਸ਼ਮਣ ? ਦੱਸਣਯੋਗ ਹੈ ਕਿ ਇਨ੍ਹੀਂ ਦਿਨੀਂ ਰਾਹੁਲ ਗਾਂਧੀ ਦੇ ਚੋਣ ਭਾਸ਼ਣ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਰਾਹੁਲ ਕਹਿ ਰਹੇ ਹਨ ਕਿ ਉਨ੍ਹਾਂ ਦੀ ਵੋਟ ਅਰਵਿੰਦ ਕੇਜਰੀਵਾਲ ਨੂੰ ਜਾਵੇਗੀ ਅਤੇ ਕੇਜਰੀਵਾਲ ਆਪਣੀ ਵੋਟ ਰਾਹੁਲ ਨੂੰ ਦੇਣਗੇ। ਡਾ: ਸ਼ਰਮਾ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਦੇ ਆਗੂ ਕਦੇ ਵੀ ਇੱਕ ਦੂਜੇ ਦੀਆਂ ਗਲਤੀਆਂ ਵਿਰੁੱਧ ਨਹੀਂ ਬੋਲਦੇ ਕਿਉਂਕਿ ਉਨ੍ਹਾਂ ਦੀ ਆਪਸ ਵਿਚ ਸੈਟਿੰਗ ਹੈ। ਉਨ੍ਹਾਂ ਨੇ ਕੰਗ ਅਤੇ ਸਿੰਗਲਾ ਨੂੰ ਸੁਚੇਤ ਕੀਤਾ ਕਿ ਉਹ ਲੋਕਾਂ ਨੂੰ ਮੂਰਖ ਨਾ ਬਣਾਉਣ ਕਿਉਂਕਿ ਜਨਤਾ ਹੁਣ ਸੱਚ ਜਾਣ ਚੁੱਕੀ ਹੈ ਅਤੇ ਇਨ੍ਹਾਂ ਚੋਣਾਂ ਵਿੱਚ ਉਨ੍ਹਾਂ ਤੋਂ ਬਦਲਾ ਲੈਣ ਲਈ ਕਾਹਲੀ ਚ ਹਨ ।

ਅੱਜ ਰੋਪੜ, ਨੂਰਪੁਰ ਬੇਦੀ ਅਤੇ ਲਾਲਪੁਰ ਵਿਖੇ ਆਪਣੀ ਜਨ ਸੰਪਰਕ ਮੁਹਿੰਮ ਦੌਰਾਨ ਡਾ: ਸੁਭਾਸ਼ ਸ਼ਰਮਾ ਨੇ ਭਗਵੰਤ ਮਾਨ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਇਸ ਨੂੰ 'ਝੂਠ ਦੀ ਸਰਕਾਰ' ਕਰਾਰ ਦਿੱਤਾ। ਡਾ: ਸ਼ਰਮਾ ਨੇ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਬੁਢਾਪਾ ਪੈਨਸ਼ਨ 1500 ਰੁਪਏ ਤੋਂ ਵਧਾ ਕੇ 2500 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਕੀਤਾ ਸੀ ਪਰ 2 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਾਡੇ ਬਜ਼ੁਰਗਾਂ ਨੂੰ ਵਧੀ ਹੁਈ ਤਾਂ ਦੂਰ ਪੁਰਾਣੀ ਪੈਨਸ਼ਨ ਵੀ ਟਾਈਮ ਸਿਰ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ 30 ਲੱਖ ਔਰਤਾਂ, ਜਿਨ੍ਹਾਂ ਵਿੱਚ ਬਜ਼ੁਰਗ ਅਤੇ ਸਾਡੀਆਂ ਵਿਧਵਾ ਭੈਣਾਂ ਵੀ ਸ਼ਾਮਲ ਹਨ, ਨਾਲ ਭਗਵੰਤ ਮਾਨ ਸਰਕਾਰ ਨੇ ਧੋਖਾ ਕੀਤਾ ਹੈ। ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿੱਚ ਰੋਜ਼ਾਨਾ ਸੈਂਕੜੇ ਲੋਕ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਪਤਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੀ ਰਾਜਨੀਤੀ ਖਤਮ ਹੋ ਚੁੱਕੀ ਹੈ ਅਤੇ ਲੋਕ ਹੁਣ ਮੋਦੀ ਨੂੰ ਮੌਕਾ ਦੇਣਾ ਚਾਹੁੰਦੇ ਹਨ।

ਭਾਜਪਾ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਅੱਜ ਡੇਰਾ ਬਾਬਾ ਗੋਸਾਈਂ ਆਣਾ ਕੁਰਾਲੀ ਵਿਖੇ ਮੱਥਾ ਟੇਕਿਆ ਅਤੇ ਬਾਬਾ ਧਨਰਾਜ ਮਹੰਤ ਗਿਰੀ ਜੀ ਦਾ ਆਸ਼ੀਰਵਾਦ ਲਿਆ ।ਡਾ: ਸ਼ਰਮਾ ਨੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿਖੇ ਵੀ ਮੱਥਾ ਟੇਕਿਆ । ਭਾਜਪਾ ਉਮੀਦਵਾਰ ਨੇ ਰੋਪੜ, ਨੂਰਪੁਰ ਬੇਦੀ ਅਤੇ ਲਾਲਪੁਰ ਵਿੱਚ ਦਰਜਨ ਦੇ ਕਰੀਬ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਭਾਜਪਾ ਦੇ ਸੀਨੀਅਰ ਵਰਕਰ ਅਤੇ ਸਥਾਨਕ ਲੋਕ ਉਨ੍ਹਾਂ ਦੇ ਨਾਲ ਸਨ। ਚੋਣ ਪ੍ਰਚਾਰ ਦੌਰਾਨ ਡਾ: ਸੁਭਾਸ਼ ਸ਼ਰਮਾ ਨੂੰ ਪੇਂਡੂ ਜਾਂ ਸ਼ਹਿਰੀ ਖੇਤਰਾਂ ਵਿਖੇ ਬਜ਼ੁਰਗਾਂ, ਔਰਤਾਂ ਅਤੇ ਖਾਸ ਕਰਕੇ ਨੌਜਵਾਨਾਂ ਦਾ ਖਾਸ ਸਹਿਯੋਗ ਮਿਲ ਰਿਹਾ ਹੈ, ਜੋ ਇਸ ਗੱਲ ਦਾ ਸਾਫ ਸਬੂਤ ਹੈ ਕਿ ਇਸ ਲੋਕ ਸਭਾ ਹਲਕੇ ਵਿੱਚ ਭਾਜਪਾ ਦਾ ਸਮਰਥਨ ਵਧਦਾ ਜਾ ਰਿਹਾ ਹੈ ।

# ਜਾਖੜ ਵੱਲੋਂ ਯਾਦਵਿੰਦਰ ਬੁੱਟਰ ਸੂਬਾ ਬੁਲਾਰਾ ਨਿਯੁਕਤ

ਚੰਡੀਗੜ੍ਹ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਅੱਜ ਯਾਦਵਿੰਦਰ ਸਿੰਘ ਬੁੱਟਰ ਨੂੰ ਪੰਜਾਬ ਭਾਜਪਾ ਦਾ ਬੁਲਾਰਾ ਨਿਯੁਕਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਭਾਜਪਾ ਦੇ ਸੂਬਾ ਸਕੱਤਰ ਅਨਿਲ ਸਰੀਨ ਨੇ ਦੱਸਿਆ ਕਿ ਪੰਜਾਬ ਭਾਜਪਾ ਵੱਲੋਂ ਯਾਦਵਿੰਦਰ ਨੂੰ ਪਾਰਟੀ ਦਾ ਬੁਲਾਰਾ ਬਣਾ ਕੇ ਪਾਰਟੀ ਦੀ ਮਜਬੂਤੀ ਲਈ ਵੱਡਾ ਕੰਮ ਕੀਤਾ ਗਿਆ ਹੈ। ਯਾਦਵਿੰਦਰ ਇੱਕ ਤੇਜ ਤਰਾਰ ਆਗੂ ਸਨ, ਜਿਨਾਂ ਦੀ ਕਾਬਲੀਅਤ ਨਾਲ ਪਾਰਟੀ ਹੋਰ ਵਧੇਰੀ ਮਜਬੂਤੀ ਹਾਸਿਲ ਕਰੇਗੀ।



# ਕਾਂਗਰਸ ਸਰਕਾਰ ਬਣਨ ਮਗਰੋਂ ਹਰ ਲੋੜਵੰਦ ਪਰਿਵਾਰ ਦੀ ਇੱਕ ਔਰਤ ਨੂੰ ਮਿਲੇਗਾ 1 ਲੱਖ ਰੁਪਏ ਸਲਾਨਾ : ਡਾ: ਗਾਂਧੀ

ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਡੇਢ ਦਰਜਨ ਦੇ ਕਰੀਬ ਪਿੰਡਾਂ ਵਿੱਚ ਚੋਣ ਦੌਰਾ ਕਰਦਿਆਂ ਆਪਣੀ ਚੋਣ ਮੁਹਿੰਮ ਨੂੰ ਭਖਾਇਆ ਗਿਆ। ਹਰ ਪਿੰਡ ਵਿੱਚ ਡਾਕਟਰ ਗਾਂਧੀ ਨੂੰ ਸੁਣਨ ਲਈ ਵੱਡੀ ਗਿਣਤੀ ਵਿੱਚ ਲੋਕ ਪੁੱਜੇ ਅਤੇ ਸਭ ਨੇ ਡਾ: ਗਾਂਧੀ ਦੀ ਜਿੱਤ ਲਈ ਹੱਥ ਖੜ੍ਹੇ ਕਰਕੇ ਭਰੋਸਾ ਦਿੱਤਾ।

ਇਸ ਮੌਕੇ ਬੋਲਦਿਆਂ ਡਾਕਟਰ ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਕੇਂਦਰ ਵਿੱਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਮਗਰੋਂ ਹਰ ਲੋੜਵੰਦ ਗ਼ਰੀਬ ਪਰਿਵਾਰ ਦੀ ਇੱਕ ਔਰਤ ਨੂੰ ਸਲਾਨਾ ਇੱਕ ਲੱਖ ਰੁਪਏ ਸਹਾਇਤਾ ਵਜੋਂ ਮਿਲਣਗੇ ਅਤੇ ਇਹ ਸਕੀਮ ਲੋੜਵੰਦ ਗਰੀਬ ਪਰਿਵਾਰਾਂ ਦੀਆਂ ਔਰਤਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਇੱਕ ਇਨਕਲਾਬੀ ਕਦਮ ਹੋਵੇਗਾ।

ਇਸਤੋਂ ਇਲਾਵਾ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਮੰਗ ਪੱਤਰ ਦੇਣ ਆਏ ਵਫ਼ਦ ਨੂੰ ਭਰੋਸਾ ਦਿੰਦਿਆਂ ਡਾਕਟਰ ਗਾਂਧੀ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਹਰ ਮੁਲਾਜ਼ਮ ਦਾ ਹੱਕ ਹੈ ਅਤੇ ਇਸਦੀ ਮੁੜ ਬਹਾਲੀ ਲਈ ਮੈਂ ਜਿੱਤ ਕੇ ਸੰਸਦ ਅੰਦਰ ਡੱਟ ਕੇ ਅਵਾਜ਼ ਬੁਲੰਦ ਕਰਾਂਗਾ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਮਗਰੋਂ ਅਸੀਂ ਹਰ ਹਾਲਤ ਇਸਨੂੰ ਲਾਗੂ ਵੀ ਕਰਵਾਵਾਂਗੇ।

# ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਨੂੰ ਵੋਟਰਾਂ ਵਲੋਂ ਮਿਲ ਰਿਹੇ ਭਰਵਾਂ ਹੁੰਗਾਰਾ

ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਨਾਭਾ ਦੇ ਸਾਬਕਾ ਮੰਤਰੀ ਸਰਦਾਰ ਸਾਧੂ ਸਿੰਘ ਧਰਮਸੋਤ ਦੀ ਅਗਵਾਈ ਚ ਨਾਭਾ ਹਲਕੇ ਵੋਟਰਾ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਚੋਣ ਦਫਤਰ ਨਾਭਾ ਸਾਬਕਾ ਮੰਤਰੀ ਸਰਦਾਰ ਸਾਧੂ ਸਿੰਘ ਧਰਮਸੋਤ ਅਤੇ ਉਹਨਾਂ ਦੇ ਨਾਲ ਵਿਵੇਕ ਸਿੰਗਲਾ ਬਲਾਕ ਪ੍ਰਧਾਨ ਸ਼ਹਿਰੀ ਵੀ ਮੀਟਿੰਗ ਦੋਰਾਨ ਕੀਤਾ ਉਨਾਂ ਕਿਹਾ ਕਿ ਡਾਕਟਰ ਧਰਮਵੀਰ ਗਾਂਧੀ ਬੇਦਾਗ ਇਮਾਨਦਾਰ ਤੇ ਜ਼ਮੀਨ ਨਾਲ ਜੁੜੇ ਪਾਰਟੀ ਦੇ ਵਫਾਦਾਰ ਆਗੂ ਹਨ। ਜੋ ਹੇਠਲੇ ਪੱਧਰ ਤੋਂ ਉੱਠ ਕੇ ਲੋਕ ਸਭਾ ਦੀ ਟਿੱਕਟ ਤੇ ਚੋਣ ਲੜਨ ਰਹੇ ਹਨ ਜਿਨਾਂ ਨੂੰ ਹਰ ਵਰਗ ਦੀਆਂ ਮੁਸਕਲਾਂ ਬਾਰੇ ਭਲੀ ਭਾਂਤ ਜਾਣੂ ਹਨ।ਇਸ ਮੌਕੇ ਉਨਾ ਨਾਲ ਚਰਨਜੀਤ ਬਾਤਿਸ ਪੀ ਏ ਅਤੇ ਮੈਡਮ ਕਮਲੇਸ਼ ਕੌਰ ਗਿੱਲ ਮਹਿਲਾ ਪ੍ਰਧਾਨ,ਬਲਾਕ ਕਾਂਗਰਸ ਪਾਰਟੀ ਨਾਭਾ ਅਤੇ ਅਜੈਬ ਸਿੰਘ ਜੈਬੂ ਪਰਧਾਨ ਜਿਲ੍ਹਾ ਜਰਨਲ ਸੈਕਟਰੀ ਕਾਗਰਸ ਪਟਿਆਲਾ, S.c ਸੈੱਲ ਵਾਇਸ ਚੇਅਰਮੈਨ ਪਟਿਆਲਾ ਕਾਂਗਰਸ ਅਤੇ ਬਲਕਾਰ ਸਿੰਘ ਰੈਸਲ ਸਾਬਕਾ ਜਨਰਲ ਸਕੱਤਰ ਜ਼ਿਲ੍ਹਾ ਪਟਿਆਲਾ ਐਸ ਸੀ ਸੈੱਲ ਤੋਂ ਇਲਾਵਾ ਕਾਂਗਰਸ ਪਾਰਟੀ ਆਗੂ ਹਾਜਰ ਸਨ।

# ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਨੈਸ਼ਨਲ ਹਾਈ ਸਕੂਲ ਦੀ ਵਿਦਿਆਰਥਣ ਕਾਰਵੀ ਸਨਮਾਨਿਤ

ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਪੜ੍ਹ ਲਿਖ ਕੇ ਚੰਗੇ ਇਨਸਾਨ ਬਣਦੇ ਹਨ। ਸਾਡਾ ਸਭ ਦਾ ਫਰਜ ਹੈ ਕਿ ਉਨ੍ਹਾਂ ਬੱਚਿਆਂ ਦਾ ਸਨਮਾਨ ਕਰਕੇ ਉਹਨਾਂ ਦਾ ਹੌਂਸਾਲ ਹਫਜਾਈ ਕਰੀਏ ਤਾਂ ਕਿ ਅੱਗੇ ਤੋਂ ਵੀ ਉਹ ਜਿਆਦਾ ਨੰਬਰ ਲੈ ਕੇ ਆਪਣੇ ਮਾਤਾ ਪਿਤਾ ਅਧਿਆਪਕਾਂ ਦਾ ਨਾਮ ਰੋਸ਼ਨ ਕਰਨ। ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਨੈਸ਼ਨਲ ਹਾਈ ਸਕੂਲ ਦੀ ਲੜਕੀ ਕਾਰਵੀ ਜਿਸ ਨੇ ਅੱਠਵੀਂ ਵਿੱਚ 95.5 ਪ੍ਰਤੀਸ਼ਤ ਨੰਬਰ ਲਿੱਤੇ ਸਨਮਾਨਿਤ ਕੀਤਾ ਗਿਆ। ਕੌਸ਼ਲ ਰਾਓ ਸਿੰਗਲਾ ਸਮਾਜ ਸੇਵਕ ਅਤੇ ਲਕਸ਼ਮੀ ਗੁਪਤਾ ਨੇ ਸੋਸਾਇਟੀ ਵੱਲੋਂ ਬੱਚਿਆਂ ਦਾ ਸਨਮਾਨ ਕਰਨਾ ਸ਼ਲਾਘਾਯੋਗ ਕਦਮ ਦੱਸਿਆ। ਸੋਸਾਇਟੀ ਵੱਲੋਂ ਸਿੰਗਲ ਵਰਤੋ ਵਾਲੇ ਪਲਾਸਟਿਕ ਨੂੰ ਬੰਦ ਕਰਕੇ ਕੱਪੜੇ ਦੇ ਥੈਲੇ ਜਾ ਜੂਟ ਦੇ ਥੈਲੇ ਦੀ ਵਰਤੋ ਕਰਨ ਲਈ ਕਿਹਾ ਗਿਆ। ਪਲਾਸਟਿਕ ਨਾਲ ਕਈ ਬਿਮਾਰੀਆਂ ਪੈਦਾ ਹੁੰਦੀਆਂ ਹਨ। ਕੈਂਸਰ ਵਰਗੀ ਬਿਮਾਰੀ ਵੀ ਪੈਦਾ ਹੁੰਦੀ ਹੈ। ਮੈਡੀਕਲ ਕੈਂਪ, ਖੂਨਦਾਨ ਕੈਂਪ ਵੀ ਲਗਾਏ ਜਾਂਦੇ ਹਨ। ਜਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਵੀ ਦਿੱਤੀ ਜਾਂਦੀ ਹੈ। ਇਸ ਅਵਸਰ ਤੇ ਸ੍ਰੀ ਬਲਰਾਜ ਸ਼ਰਮਾ ਅਤੇ ਵਿਜੈ ਕੁਮਾਰ ਗੋਇਲ ਪ੍ਰਧਾਨ ਸੋਸਾਇਟੀ ਵੀ ਹਾਜਰ ਸਨ। ਸ੍ਰੀ ਗਗਨ ਇੰਦਰ ਕੁਮਾਰ ਲੜਕੀ ਦੇ ਪਿਤਾ ਵੀ ਹਾਜਰ ਸਨ।



# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਫਲ਼ਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ ਬਾਰੇ ਕਿੱਤਾ ਮੁਖੀ ਸਿਖਲਾਈ ਕੋਰਸ ਕਰਵਾਇਆ

ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਮਿਤੀ 15.05.2024 ਤੋਂ 21.05.2024 ਤੱਕ ਫਲ਼ਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ ਦਾ ਪੰਜ-ਰੋਜ਼ਾ ਸਿਖਲਾਈ ਕੋਰਸ ਆਯੋਜਿਤ ਕੀਤਾ ਗਿਆ। ਇਸ ਸਿਖਲਾਈ ਕੋਰਸ ਵਿਚ ਵੱਖ-ਵੱਖ ਪਿੰਡਾਂ ਜਿਵੇਂ ਕਿ ਬਡਲਾ, ਜਲਬੇੜਾ, ਮਲਕੋਂ, ਭਵਾਨੀਗੜ, ਦੇਵੀਗੜ੍ਹ, ਗਾਜੇਵਾਸ ਆਦਿ ਤੋਂ 32 ਕਿਸਾਨਾਂ ਨੇ ਭਾਗ ਲਿਆ। ਸਿਖਲਾਈ ਦੇ ਕੋਰਸ ਕੁਆਰਡੀਨੇਟਰ ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਫਲਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ, ਪੈਕਿੰਗ ਅਤੇ ਲੇਬਲਿੰਗ ਬਾਰੇ ਸਿਖਲਾਈ ਦਿੱਤੀ। ਕੋਰਸ ਦੌਰਾਨ ਸਿੱਖਿਆਰਥੀਆਂ ਨੇ ਆਪਣੇ ਹੱਥੀ ਵੱਖ-ਵੱਖ ਮੁਰੱਬੇ, ਕੈਂਡੀ, ਜੈਮ, ਆਰ.ਟੀ.ਸੀ., ਸਕੈਸ਼, ਸੋਇਆਬੀਨ ਦੁੱਧ, ਪਨੀਰ ਆਦਿ ਤਿਆਰ ਕਰਨ ਦੀ ਵਿਧੀ ਨੂੰ ਜਾਣਿਆ।

ਅਗਾਂਹਵਧੂ ਕਿਸਾਨ ਗੁਰਪ੍ਰੀਤ ਕੌਰ ਪਿੰਡ ਕਲਿਆਣ ਨੇ ਸਿੱਖਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸਖ਼ਤ ਮਿਹਨਤ ਲਈ ਉਤਸ਼ਾਹਿਤ ਕੀਤਾ। ਡਾ. ਗੁਰਉਪਦੇਸ਼ ਕੌਰ, ਇੰਚਾਰਜ, ਕੇ.ਵੀ.ਕੇ., ਪਟਿਆਲਾ ਨੇ ਸਿੱਖਿਆਰਥੀਆਂ ਨੂੰ ਫਲ਼ਾਂ ਅਤੇ ਸਬਜ਼ੀਆਂ ਦੇ ਖੁਰਾਕੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।



ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ। ਇਸ ਕੋਰਸ ਦੌਰਾਨ ਸਿੱਖਿਆਰਥੀਆਂ ਨੂੰ ਨਾਭਾ ਵਿਖੇ ਪ੍ਰੋਸੈਸਿੰਗ ਯੂਨਿਟ ਦਾ ਦੌਰਾ ਵੀ ਕਰਵਾਇਆ। ਫੂਡ ਪ੍ਰੋਸੈਸਰ ਹਰਪ੍ਰੀਤ ਕੌਰ (ਪਟਿਆਲਾ ਕਿੰਗ) ਨੇ ਆਪਣੇ ਸਫਲਤਾ ਦੇ ਨੁਕਤੇ ਸਿੱਖਿਆਰਥੀਆਂ ਨਾਲ ਸਾਂਝੇ ਕੀਤੇ। ਸਿਖਲਾਈ ਵਿਚ ਹਿੱਸਾ ਲੈਣ ਵਾਲੇ ਸਾਰੇ ਸਿੱਖਿਆਰਥੀਆਂ ਨੇ ਪੀ.ਏ.ਯੂ. ਦੀਆਂ ਪ੍ਰਕਾਸ਼ਿਤ ਕਿਤਾਬਾਂ ਵੀ ਖ਼ਰੀਦੀਆਂ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਡਰੋਨ ਉਡਾਉਣ, ਅਨਮੈਨਡ ਏਰੀਅਲ ਵਹੀਕਲ, ਰਿਮੋਟ ਕੰਟਰੋਲਡ ਮਾਈਕਰੋ ਲਾਈਟ ਏਅਰ ਕਰਾਫ਼ਟ, ਆਰਮਡਜ਼ ਪਰਸਨ ਫਲਾਈ ਪੈਰਾ ਗਲਾਈਡਰਜ਼, ਪੈਰਾ ਮੋਟਰਜ਼ ਅਤੇ ਬੈਲੂਨ ਆਦਿ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਹੁਕਮ ਜਾਰੀ ਕੀਤੇ ਹਨ।

ਇਹ ਹੁਕਮ 25 ਮਈ 2024 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਵੀ.ਵੀ.ਆਈ.ਪੀ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਪੂਰੇ ਪਟਿਆਲਾ ਜ਼ਿਲ੍ਹੇ ਵਿੱਚ ਡਰੋਨ ਉਡਾਉਣ, ਅਨਮੈਨਡ ਏਰੀਅਲ ਵਹੀਕਲ, ਰਿਮੋਟ ਕੰਟਰੋਲਡ ਮਾਈਕਰੋ ਲਾਈਟ ਏਅਰ ਕਰਾਫ਼ਟ, ਆਰਮਡਜ਼ ਪਰਸਨ ਫਲਾਈ ਪੈਰਾ ਗਲਾਈਡਰਜ਼, ਪੈਰਾ ਮੋਟਰਜ਼ ਅਤੇ ਬੈਲੂਨ ਆਦਿ 'ਤੇ ਮੁਕੰਮਲ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ।

# ਡਾਕਟਰ ਬਲਵੀਰ ਸਿੰਘ ਦੀ ਚੋਣ ਮੁਹਿੰਮ ਨੂੰ ਵੋਟਰਾਂ ਵਲੋਂ ਮਿਲ ਰਿਹੇ ਭਰਵਾਂ ਹੁੰਗਾਰਾ: ਦੇਵ ਮਾਨ

ਨਾਭਾ, 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੂੰ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਚ ਨਾਭਾ ਹਲਕੇ ਵੋਟਰਾ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਚੋਣ ਦਫਤਰ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਉਹਨਾਂ ਦੇਭਰਾ ਕਪਿਲ ਮਾਨ ਵੀ ਮੀਟਿੰਗ ਦੋਰਾਨ ਕੀਤਾ ਉਨਾਂ ਕਿਹਾ ਕਿ ਡਾਕਟਰ ਬਲਵੀਰ ਸਿੰਘ ਬੇਦਾਗ,ਇਮਾਨਦਾਰ ਤੇ ਜ਼ਮੀਨ ਨਾਲ ਜੁੜੇ ਪਾਰਟੀ ਦੇ ਵਫਾਦਾਰ ਆਗੂ ਹਨ। ਜੋ ਹੇਠਲੇ ਪੱਧਰ ਤੋਂ ਉੱਠ ਕੇ ਲੋਕ ਸਭਾ ਦੀ ਟਿੱਕਟ ਤੇ ਚੋਣ ਲੜਨ ਰਹੇ ਹਨ ਜਿਨਾਂ ਨੂੰ ਹਰ ਵਰਗ ਦੀਆਂ ਮੁਸਕਲਾਂ ਬਾਰੇ ਭਲੀ ਭਾਂਤ ਜਾਣੂ ਹਨ।

ਇਸ ਮੌਕੇ ਉਨਾ ਨਾਲ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਅਤੇ ਉਹਨਾਂ ਦੇ ਪਤੀ ਪੰਕਚ ਪੱਪੂ ਅਤੇ ਸਾਬਕਾ ਐਮ.ਸੀ ਸੁਖਵਿੰਦਰ ਕੌਰ ਲਾਲਕਾ ਪਤਨੀ ਕਸ਼ਮੀਰ ਸਿੰਘ ਲਾਲਕਾ ਅਤੇ ਐਮ.ਸੀ ਗੌਤਬ ਬਾਤਿਸ ਅਤੇ ਗੁਲਾਮ ਮਾਨ ਅਤੇ ਐਮ.ਸੀ ਕਰਮਜੀਤ ਕੌਰ ਪਤਨੀ ਮਿੱਸੀ ਠੇਕੇਦਾਰ ਅਤੇ ਐਮ.ਸੀ ਪ੍ਰਿੰਸ ਅਤੇ ਐਮ.ਸੀ ਮਾਨਟੂ ਪਹੂਜਾ ਤੋਂ ਇਲਾਵਾ ਆਮ ਆਦਮੀ ਪਾਰਟੀ ਆਗੂ ਹਾਜਰ ਸਨ।

# ਗੁਰਮੀਤ ਸਿੰਘ ਖੁੱਡੀਆਂ ਦੇ ਚੋਣ ਦਫਤਰ ਦਾ ਕੀਤਾ ਗਿਆ ਉਦਘਾਟਨ



ਬਠਿੰਡਾ 25 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਗੋਨਿਆਣਾ ਮੰਡੀ ਵਿੱਖੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਦੀ ਚੋਣ ਮੁਹਿੰਮ ਨੂੰ ਹੋਰ ਹੁਲਾਰਾ ਦੇਣ ਲਈ ਖੁੱਡੀਆਂ ਸਾਹਿਬ ਦੇ ਚੋਣ ਦਫ਼ਤਰ ਦਾ ਉਦਘਾਟਨ ਸੁਮਿਤ ਖੁੱਡੀਆਂ ਅਤੇ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਕੀਤਾ ਇਸ ਮੌਕੇ ਓਹਨਾ ਦੇ ਨਾਲ ਰਜਨੀਸ਼ ਕੁਮਾਰ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨਿਆਣਾ, ਜਲੰਧਰ ਸਿੰਘ ਬਲਾਕ ਪ੍ਰਧਾਨ, ਪ੍ਰਿੰਸ ਰੋਮਾਣਾ ਪ੍ਰਧਾਨ ਸ਼੍ਰੀ ਪੰਚਾਇਤੀ ਗਊਸ਼ਾਲਾ, ਬੂਟਾ ਸਿੰਘ ਬਲਾਕ ਪ੍ਰਭਾਰੀ, ਰਾਕੇਸ਼ ਕੁਮਾਰ ਰੋਮਾ, ਨਛੱਤਰ ਸਿੰਘ ਸਾਬਕਾ ਸਰਪੰਚ, ਜਸਵੀਰ ਸਿੰਘ ਬਲਾਕ ਪ੍ਰਧਾਨ, ਨਿਰਮਲ ਸਿੰਘ ਬਲਾਕ ਪ੍ਰਧਾਨ, ਬਲਕਾਰ ਸਿੰਘ ਭੋਖੜਾ ਮੈਂਬਰ ਮੰਡੀਕਰਨ ਬੋਰਡ, ਗੁਰਦੇਵ ਸਿੰਘ ਪਟਵਾਰੀ, ਪ੍ਰੰਨੂੰ ਰੋਮਾਣਾ ਯੂਥ ਆਗੂ, ਕੁਸ਼ਲ ਗਰਗ ਯੂਥ ਆਗੂ, ਇੰਦਰਜੀਤ ਕਾਲੜਾ ਮੀਡੀਆ ਇੰਚਾਰਜ, ਸ਼ਿੰਕੂ ਮੱਕੜ, ਸੰਦੀਪ ਕੁਮਾਰ ਬੋਣਾ, ਤਰਨਜੀਤ ਮੱਕੜ, ਹਰਪ੍ਰੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਸੰਦੀਪ ਗਰੋਵਰ, ਸਾਬਕਾ ਸਰਪੰਚ ਮਹਿੰਦਰ ਸਿੰਘ, ਵਿਕਾਸ ਕੁਮਾਰ ਵਿੱਕੀ, ਅਮਨ ਜਿੰਦਲ, ਲਖਵਿੰਦਰ ਸਿੰਘ ਸਿਵੀਆਂ ਆਦਿ ਹਾਜ਼ਿਰ ਸਨ ਇਸ ਮੌਕੇ ਸੁਮਿਤ ਖੁੱਡੀਆਂ ਨੇ ਪ੍ਰੈਸ ਨਾਲ ਗੱਲ ਕਰਦਿਆਂ ਦੱਸਿਆ ਕਿ ਹਰ ਜਗ੍ਹਾ ਆਮ ਲੋਕਾਂ ਦਾ ਪਿਆਰ , ਉਤਸ਼ਾਹ ਅਤੇ ਇਕੱਠ ਦੇਖ਼ ਕਿ ਬਹੁਤ ਹੀ ਮਨ ਨੂੰ ਖੁਸ਼ੀ ਮਿਲ ਰਹੀ ਹੈ ਅਤੇ ਇਸ ਤਰ੍ਹਾ ਹੀ ਲਗ ਰਿਹਾ ਹੈ ਕਿ ਜਿਵੇਂ ਪੰਜਾਬ ਦੇ ਲੋਕਾਂ ਨੇ 2022 ਵਿੱਚ ਬਹੁਤ ਵੱਡੇ ਫਰਕ ਨਾਲ ਆਮ ਆਦਮੀਂ ਪਾਰਟੀ ਦੇ 92 ਐਮ. ਐਲ. ਏ. ਚੁਣੇ ਸਨ ਉਸੇ ਤਰ੍ਹਾਂ ਹੀ 13 ਦੇ 13 ਐਮ. ਪੀ. ਵੀ ਆਮ ਆਦਮੀ ਪਾਰਟੀ ਦੇ ਹੀ ਚੁਣੇ ਜਾਣਗੇ।

ਕਿਉਂਕਿ 43 ਹਜ਼ਾਰ ਸਰਕਾਰੀ ਨੌਕਰੀਆਂ ,850 ਦੇ ਕਰੀਬ ਆਮ ਆਦਮੀ ਕਲੀਨਿਕ, 600 ਯੂਨਿਟ ਬਿਜਲੀ ਮੁਫਤ, ਸੜਕ ਸੁਰਖਿਆ ਫੋਰਸ, ਸ਼ਹੀਦਾਂ ਨੂੰ ਇਕ ਕਰੋੜ ਦੀ ਰਾਸ਼ੀ ਨਾਲ ਸਨਮਾਨ, ਅਤੇ ਹੋਰ ਵੀ ਅਨੇਕਾਂ ਕੰਮ ਹਨ ਜੌ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ਼ 2 ਸਾਲਾਂ ਵਿੱਚ ਹੀ ਕਰਕੇ ਦਿਖਾਏ ਹਨ ਸੋ ਆਮ ਆਦਮੀ ਪਾਰਟੀ ਅਪਣੇ ਕੀਤੇ ਹੋਏ ਕੰਮਾ ਨੂੰ ਦੇਖ਼ ਕਿ ਹੀ ਆਪਣੀ ਜਿੱਤ ਨੂੰ ਯਕੀਨ ਮੰਨਦੀ ਹੈ ਇਸਤੋ ਬਾਅਦ ਸੁਮਿਤ ਖੁੱਡੀਆਂ ਨੇ ਦਫਤਰ ਦੇ ਉਦਘਾਟਨ ਸਮੇਂ ਪੁਹੰਚੇ ਸਾਰੇ ਹੀ ਮੰਡੀ ਨਿਵਾਸੀਆਂ, ਵਲੰਟੀਅਰ ਸਾਹਿਬਾਨ ਅਤੇ ਸਾਰੇ ਹੀ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।




# ਪਨੀਰ ਮੱਖਣੀ



ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
1 ਚਮਚ ਮੱਖਣ
ਚੁਟਕੀ ਇੱਕ ਜੀਰਾ
ਟਮਾਟਰ ਦੀ ਪਿਊਰੀ
ਤਾਜਾ ਕ੍ਰੀਮ 3/4 ਕੱਪ
ਨਮਕ ਸੁਆਦ ਮੁਤਾਬਕ
ਟਮਾਟਰ ਦੀ ਸਾਓਸ 2 ਚਮਚ
ਕਸ਼ਮੀਰੀ ਮਿਰਚ ਪਾਊਡਰ 1 ਚਮਚ
ਪਨੀਰ ਮਸਾਲਾ ਪਾਊਡਰ 1 ਚਮਚ
ਪਨੀਰ ਕੱਟਿਆ ਹੋਇਆ 200 ਗ੍ਰਾਮ
ਪਿਸੀ ਹੋਈ ਚੀਨੀ 1 ਚਮਚ
ਕਸੂਰੀ ਮੇਥੀ 1 ਚੱਮਚ

ਬਣਾਉਣ ਦੀ ਵਿਧੀ
ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।
ਮੱਖਣ ਪਿਘਲ ਜਾਣ 'ਤੇ ਉਸ ਵਿੱਚ ਜੀਰਾ ਪਾਓ
ਜੀਰੇ ਦੇ ਚਟਕਣ 'ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਟਮਾਟਰ ਪਿਊਰੀ ਵਿੱਚ ਉਬਾਲ ਆਉਣ 'ਤੇ ਤਾਜ਼ਾ ਕ੍ਰੀਮ ਮਿਲਾਓ।
ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।
ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ। ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।
ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।
ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

## ਚਟਪਟੀ ਫ਼ਰੂਟ ਚਾਟ



ਸਮੱਗਰੀ
150 ਗ੍ਰਾਮ ਉਬਲੇ ਆਲੂ
100 ਗ੍ਰਾਮ ਕੇਲਾ
150 ਗ੍ਰਾਮ ਸੇਬ
120 ਗ੍ਰਾਮ ਖੀਰਾ
50 ਗ੍ਰਾਮ ਲੋਬਿਆ ਉਬਲਿਆ ਹੋਇਆ
150 ਗ੍ਰਾਮ ਪਪੀਤਾ
1 ਚਮਚ ਲਾਲ ਮਿਰਚ
1 ਚਮਚ ਜੀਰਾ ਪਾਊਡਰ
1 ਚਮਚ ਹਰੀ ਮਿਰਚ
1 ਚਮਚ ਨਿੰਬੂ ਦਾ ਰਸ
3 ਚਮਚ ਇਮਲੀ ਦਾ ਪਲਪ
3 ਚਮਚ ਇਮਲੀ ਦੀ ਚਟਨੀ

ਬਣਾਉਣ ਦੀ ਵਿਧੀ
ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੋਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ। ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ। ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

## ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ
4-5 ਸਟ੍ਰਾਬਰੀ
11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ
1/4 ਕੱਪ ਮੈਪਲ ਸਿਰਪ
150 ਗ੍ਰਾਮ ਕੋਕੋਨਟ ਕ੍ਰੀਮ
2 ਚਮਚ ਕੋਕੋਨਟ ਤੇਲ
1 ਚਮਚ ਵਨੀਲਾ ਅਕਸਟ੍ਰੈਕਟ
200 ਗ੍ਰਾਮ ਡਾਰਕ ਚਾਕਲੇਟ



ਬਣਾਉਣ ਦੀ ਵਿਧੀ
ਸੱਭ ਤੋਂ ਪਹਿਲਾਂ ਸਟ੍ਰਾਬਰੀ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਉਹ ਸਖਤ ਹੋ ਜਾਵੇ। ਫ਼ਿਰ ਇਨ੍ਹਾਂ ਨੂੰ ਕੱਢ ਕੇ ਪੀਸ ਲਓ ਅਤੇ ਪਾਊਡਰ ਬਣਾ ਲਓ।
ਇੱਕ ਦੂਜੇ ਕਟੋਰੇ ਵਿੱਚ ਨਾਰੀਅਲ, ਮੈਪਲ ਸਿਰਪ, ਕੋਕੋਨਟ ਕ੍ਰੀਮ, ਵਨੀਲਾ ਅਕਸਟ੍ਰੈਕਟ ਅਤੇ ਕੋਕੋਨਟ ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ।
ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।
ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।
ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ। ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

# ਖ਼ੁਦ ਨਾਲ ਵੀ ਕਰੀਏ ਗੁਫ਼ਤਗੂ

➢ ਦੀਪਤੀ ਬਬੂਟਾ



ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ 'ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ।

ਸਬੰਧਾਂ ਦੀ ਸਾਂਝ ਬਚਾਉਣ ਲਈ ਜੇਕਰ ਸਮੇਂ-ਸਮੇਂ 'ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗੁਫ਼ਤਗੂ ਕਰਨ ਲਈ ਆਪੇ 'ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ ਆਪੇ ਨਾਲ ਗੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ 'ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ 'ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ।



ਅੱਖਾਂ ਖੋਲ੍ਹ ਕੇ ਬਿਸਤਰੇ 'ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ। ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ? ਮੈਂ ਕੀ ਹਾਂ? ਮੈਂ ਕਿਉਂ ਹਾਂ? ਮੈਂ ਕਿੱਥੇ ਹਾਂ? ਮੈਂ ਕਿਸ ਲਈ ਹਾਂ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ? ਮਕਸਦ ਕੀ ਹੈ?

ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ। ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੇਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫ਼ਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋਂ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ 'ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

**ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।**

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ। 98146-70707

# ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ



ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, 'ਉਸਤਤਿ ਅਤੇ ਤਾਅਰੀਫ਼' ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ। ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ 'ਚ ਰੱਖ ਕੇ ਵੀ ਆਨੰਦ ਲੈ ਸਕਦੇ ਹੋ, ਪਰ ਜੇ ਤੁਸੀਂ ਬੋਲ ਕੇ, ਸ਼ਬਦਾਂ ਰਾਹੀਂ ਲਿਖ ਕੇ, ਇਸ਼ਾਰਿਆਂ ਰਾਹੀਂ ਜਾਂ ਨਜ਼ਰਾਂ ਰਾਹੀਂ ਦੂਸਰਿਆਂ ਤਕ ਆਪਣੀ ਖ਼ੁਸ਼ੀ ਦਿਖਾ ਦਿੰਦੇ ਹੋ, ਇਹ ਅਜਿਹੀ ਪ੍ਰਸ਼ੰਸਾ ਹੈ, ਜਿਸ ਨਾਲ ਦੂਸਰੇ ਨੂੰ ਵੀ ਖ਼ੁਸ਼ੀ ਮਿਲਦੀ ਹੈ। ਇਹ ਖ਼ੁਸ਼ੀ ਦਾ ਪਸਾਰ-ਦੂਹਰਾ ਹੋ ਜਾਂਦਾ ਹੈ। ਤੁਹਾਨੂੰ ਖ਼ੁਸ਼ੀ ਮਿਲੀ ਹੈ ਅਤੇ ਜਿਸ ਦੀ ਤਾਰੀਫ਼ ਕੀਤੀ ਹੈ, ਉਸ ਨੂੰ ਤਾਂ ਮਿਲਣੀ ਹੀ ਹੈ।

ਸੱਚੀ ਪ੍ਰਸ਼ੰਸਾ ਉਹ ਹੈ ਜੋ ਦਿਲੋਂ ਕੀਤੀ ਜਾਵੇ, ਜਿਸ ਵਿੱਚ ਕੋਈ ਸੁਆਰਥ ਨਾ ਹੋਵੇ। ਜੋ ਪ੍ਰਸ਼ੰਸਾ ਆਪਣੇ ਲਾਭ ਅਤੇ ਸੁਆਰਥ ਲਈ ਕੀਤੀ ਜਾਵੇ, ਉਹ ਚਾਪਲੂਸੀ ਹੈ, ਚਮਚਾਗਿਰੀ ਹੈ ਜਾਂ ਫੂਕ ਦੇਣਾ ਕਹਿ ਸਕਦੇ ਹਾਂ। ਵਕਤੀ ਤੌਰ 'ਤੇ ਸ਼ਾਇਦ ਤੁਹਾਨੂੰ ਕੋਈ ਲਾਭ ਹੋ ਜਾਵੇ, ਪਰ ਦੂਸਰੇ ਵਾਸਤੇ ਤਾਂ ਮਗਰੋਂ ਹਾਨੀ ਅਤੇ ਪਛਤਾਵਾ ਹੀ ਹੈ। ਕਾਂ ਅਤੇ ਲੂੰਬੜੀ ਦੀ ਕਹਾਣੀ ਇਸ ਗੱਲ ਦਾ ਸਦੀਆਂ ਪੁਰਾਣਾ ਤੱਤ ਹੈ। ਲੂੰਬੜੀ ਜਾਣਦੀ ਸੀ ਕਿ ਕਾਂ ਦੀ ਕਾਂ-ਕਾਂ ਕਿੰਨੀ ਖਰਵੀ ਹੈ, ਪਰ ਮੂਰਖ ਕਾਂ ਉਸ ਦੀਆਂ ਮਿੱਠੀਆਂ ਗੱਲਾਂ ਵਿੱਚ ਫਸ ਗਿਆ। ਲੂੰਬੜੀ ਨੇ ਕਾਂ ਦੀ ਪ੍ਰਸ਼ੰਸਾ ਕੀਤੀ? ਨਹੀਂ, ਚਾਪਲੂਸੀ ਕੀਤੀ। ਆਪਣਾ ਲਾਭ ਅਤੇ ਕਾਂ ਦਾ ਪਛਤਾਵਾ।

ਗੱਲ ਪੱਚੀ ਕੁ ਸਾਲ ਪੁਰਾਣੀ ਹੈ। ਮੇਰਾ ਪੋਤਰਾ ਜੁਗਨੂੰ ਫਰਸ਼ 'ਤੇ ਬੈਠਾ ਫੱਟੀ ਲਿਖਦਾ ਸੀ। ਲਿਖਾਈ ਠੀਕ-ਠਾਕ ਹੀ ਸੀ। ਮੈਂ ਅੱਖਾਂ ਦੇ ਇਸ਼ਾਰੇ ਨਾਲ ਦੱਸਿਆ ਕਿ ਲਿਖਾਈ ਵਧੀਆ ਹੈ। ਨਾਲ ਹੀ ਹਲਕਾ ਜਿਹਾ ਗਾ ਕੇ ਕਿਹਾ:
ਤੇਰੇ ਨਿੱਕੇ ਨਿੱਕੇ ਹੱਥਾਂ ਦੀ ਲਿਖਾਈ ਬੇਲੀਆ,
ਛਾਪੇ ਖਾਨੇ ਦੀ ਹੈ ਜਾਪਦੀ ਛਪਾਈ ਬੇਲੀਆ।

ਉਹ ਮੁਸਕਰਾਇਆ ਅਤੇ ਹੋਰ ਸੁਆਰ-ਸੁਆਰ ਕੇ ਲਿਖਣ ਲੱਗਾ। ਮੈਂ ਇਹ ਦੋ ਸਤਰਾਂ ਲਿਖ ਕੇ ਸਾਹਮਣੇ ਲਟਕਾ ਦਿੱਤੀਆਂ, ਜਿੱਥੇ ਬੈਠ ਕੇ ਉਹ ਲਿਖਦਾ ਸੀ। ਜਦ ਉਹ ਲਿਖਦਾ ਮੈਂ ਉਸ ਕਾਗ਼ਜ਼ ਵੱਲ ਇਸ਼ਾਰਾ ਕਰ ਦਿੰਦਾ, ਅੱਜ ਉਹ ਬਹੁਤ ਵਧੀਆ ਲਿਖਾਈ ਵਾਲਾ ਅਫ਼ਸਰ ਮੰਨਿਆ ਜਾਂਦਾ ਹੈ। ਮੈਂ ਸੀਨੀਅਰ ਸਿਟੀਜਨ ਦਾ ਟੋਕਨ ਕਟਾ ਕੇ ਬੈਂਕ ਦੇ ਕਾਊਂਟਰ 'ਤੇ ਗਿਆ। ਬਾਬੂ ਬਹੁਤ ਰੁੱਝਿਆ ਹੋਇਆ, ਖਿਝਿਆ ਹੋਇਆ ਜਾਂ ਪਤਾ ਨਹੀਂ ਕੀ ਗੱਲ ਸੀ। ਮੇਰੇ ਵੱਲ ਦੇਖਿਆ, ਪਰ ਕੋਈ ਧਿਆਨ ਨਾ ਦਿੱਤਾ। ਮੈਂ ਦਸ ਕੁ ਮਿੰਟ ਖੜ੍ਹਾ ਰਿਹਾ। ਨਾਲ ਦੇ ਕਾਊਂਟਰ 'ਤੇ ਇੱਕ ਬੀਬੀ ਨੇ ਕੁਝ ਸੋਚਿਆ ਹੋਵੇਗਾ, ਮੈਨੂੰ ਇਸ਼ਾਰੇ ਨਾਲ ਬੁਲਾ ਲਿਆ। ਦੋ ਮਿੰਟ ਵਿੱਚ ਹੀ ਮੇਰਾ ਕੰਮ ਹੋ ਗਿਆ। ਮੈਂ ਇੱਕੋ ਵਾਕ ਬੋਲ ਕੇ ਉਸ ਦਾ ਧੰਨਵਾਦ ਕੀਤਾ, "ਬੇਟੀ, ਤੁਹਾਡੇ ਵਰਗੀਆਂ ਕੁੜੀਆਂ ਦੀ ਹਰ ਬੈਂਕ ਨੂੰ ਲੋੜ ਹੈ।" ਉਸ ਨੂੰ ਜ਼ਰੂਰ ਖ਼ੁਸ਼ੀ ਹੋਈ ਹੋਵੇਗੀ। ਹੁਣ ਵੀ ਮੇਰਾ ਕੰਮ ਖ਼ੁਸ਼ੀ-ਖ਼ੁਸ਼ੀ ਖਿੜੇ-ਮੱਥੇ ਅਤੇ ਛੇਤੀ ਹੋ ਜਾਂਦਾ ਹੈ, ਪਰ ਵਾਰੀ ਸਿਰ। ਸ਼ਾਇਦ ਪ੍ਰਸ਼ੰਸਾ ਕਾਰਨ। ਮੈਂ ਦੇਖਦਾ ਸੀ ਕਿ ਇੱਕ ਵਿਦਿਆਰਥੀ ਮੇਰੇ ਘਰ ਅੱਗੋਂ ਦੀ ਲੰਘਦਾ ਸੀ। ਰੰਗ ਤਾਂ ਉਸ ਦਾ ਪੱਕਾ ਸੀ, ਪਰ ਪਗੜੀ ਬੜੀ ਵਧੀਆ ਹੁੰਦੀ ਸੀ। ਸਾਫ-ਸੁਥਰੀ, ਪੋਚਵੀਂ ਚਿਣਵੇਂ ਲੜ। ਮੈਨੂੰ ਚੰਗਾ ਲੱਗਾ। ਮੈਂ ਇੱਕ ਦਿਨ ਉਸ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ। ਉਸ ਦੀ ਪਗੜੀ ਬਾਰੇ ਪੁੱਛਿਆ, ਕਿਸ ਤੋਂ ਬੰਨ੍ਹਣੀ ਸਿੱਖੀ? ਕਿੰਨਾ ਚਿਰ ਲੱਗਦਾ ਹੈ? ਕਿੰਨੀਆਂ ਪੱਗਾਂ ਹਨ? ਉਸ ਨੂੰ ਦੱਸਿਆ ਕਿ ਉਸ ਦੀ ਪੱਗ ਬਹੁਤ ਵਧੀਆ ਹੈ, ਬਹੁਤ ਫਬਦੀ ਹੈ। ਉਸ ਨੇ ਕਿਹਾ ਕੁਝ ਨਹੀਂ, ਪਰ ਉਹ ਬੜਾ ਖ਼ੁਸ਼ ਸੀ। ਹਫ਼ਤੇ ਕੁ ਮਗਰੋਂ ਫਿਰ ਮਿਲਿਆ, ਹੁਣ ਉਸ ਦੇ ਨਾਲ ਤਿੰਨ ਮੁੰਡੇ ਹੋਰ ਸਨ, ਵਧੀਆ ਪੱਗਾਂ ਵਾਲੇ। ਉਸ ਨੇ ਮੈਨੂੰ ਕਿਹਾ, "ਸਰ ਜੀ, ਇਨ੍ਹਾਂ ਨੂੰ ਵੀ ਮੈਂ ਵਧੀਆਂ ਪੱਗ ਬੰਨ੍ਹਣੀ ਸਿਖਾਈ ਹੈ।" ਅੱਜ ਉਹ ਹੋਰ ਵੀ ਖ਼ੁਸ਼ ਸੀ। ਬੇਸ਼ੱਕ ਤਿੰਨੇ ਗੱਲਾਂ ਆਮ ਅਤੇ ਛੋਟੀਆਂ ਹਨ, ਪਰ ਅੰਤਰੀਵ ਭਾਵ ਸ਼ਾਇਦ ਵੱਡਾ ਹੈ।

**ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ।**

ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ। ਗੁਆਂਢੀ ਨੇ ਗਲੀ ਦੀ ਵਧੀਆ ਸਫ਼ਾਈ ਕਰਾਈ ਹੈ ਤਾਂ ਧੰਨਵਾਦੀ ਹੋਵੋ। ਆਪਣੇ ਬੱਚੇ ਦੇ ਚੰਗੇ ਅਧਿਆਪਕਾਂ ਨੂੰ ਸ਼ਬਦਾਂ ਰਾਹੀਂ ਮਾਣ ਅਤੇ ਖ਼ੁਸ਼ੀ ਦੇਵੋ, ਲਾਭ ਹੋਵੇਗਾ। ਆਪਣੇ ਸਾਥੀ ਦਾ ਨਵਾਂ ਘਰ ਦੇਖ ਕੇ ਖ਼ੁਸ਼ੀ ਪਰਗਟ ਕਰੋ ਅਤੇ ਸਜਾਵਟ ਦੀ ਤਾਰੀਫ਼ ਕਰੋ। ਮੈਂ ਤਾਂ ਕਹਿੰਦਾ ਹਾਂ ਜੇ ਗੋਲਗੱਪਿਆਂ ਵਾਲੇ ਦੀ ਰੇਹੜੀ, ਬਰਤਨ, ਪਾਣੀ, ਹੱਥ ਕੱਪੜਾ ਸਾਫ਼-ਸੁਥਰਾ ਹੈ ਤਾਂ ਉਹ ਵੀ ਪ੍ਰਸ਼ੰਸਾ ਦਾ ਹੱਕਦਾਰ ਹੈ। ਉਹ ਹੋਰ ਵੱਧ ਸਫ਼ਾਈ ਰੱਖੇਗਾ। ਤੁਸੀਂ ਸੋਚਦੇ ਹੋਵੋਗੇ ਇਹ ਕੀ ਛੋਟੀਆਂ-ਛੋਟੀਆਂ ਗੱਲਾਂ ਹਨ, ਪਰ ਇਹ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਹਨ। ਪ੍ਰਸ਼ੰਸਾ ਦੇ ਮੌਕੇ ਰੋਜ਼ ਆਉਂਦੇ ਹਨ, ਕਰ ਕੇ ਤਾਂ ਦੇਖੋ।

# ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾਓ

-ਡਾ: ਨਿਸ਼ਾਨ ਸਿੰਘ ਰਾਠੌਰ

ਮੌਜੂਦਾ ਦੌਰ ਵਿਚ ਸਕੂਲੀ ਬੱਚੇ ਕਈ ਪ੍ਰਕਾਰ ਦੇ ਮਨੋਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਬੱਚਿਆਂ ਵਿਚ ਤਣਾਓ ਵਧ ਰਿਹਾ ਹੈ। ਉਹ ਚਾਹੇ ਪੜ੍ਹਾਈ ਦਾ ਤਣਾਓ ਹੋਵੇ, ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਹੋਵੇ ਜਾਂ ਸਰੀਰ ਵਿਚ ਹੋ ਰਹੇ ਪਰਿਵਰਤਨ ਦਾ ਹੋਵੇ। ਅਜੋਕੇ ਸਮੇਂ 5 ਤੋਂ 15 ਸਾਲ ਤੱਕ ਉਮਰ ਦੇ ਬੱਚੇ ਤਣਾਓ ਦਾ ਸ਼ਿਕਾਰ ਜ਼ਿਆਦਾ ਗਿਣਤੀ ਵਿਚ ਹੋ ਰਹੇ ਹਨ। ਇਸ ਤਣਾਓ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚਿਆਂ ਵਿਚ ਆਤਮ-ਵਿਸ਼ਵਾਦ ਦੀ ਕਮੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਆਤਮ-ਵਿਸ਼ਵਾਸ ਦੀ ਕਮੀ ਕਾਰਨ ਬੱਚਿਆਂ ਵਿਚ ਹੀਣ ਭਾਵਨਾ ਘਰ ਕਰ ਗਈ ਹੈ। ਇਸ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾ ਸਕਦੇ ਹਨ?

ਬੱਚਿਆਂ ਦੇ ਮਾਤਾ-ਪਿਤਾ ਅਕਸਰ ਹੀ ਮਨੋਵਿਗਿਆਨੀਆਂ ਤੋਂ ਸਲਾਹ ਲੈਂਦੇ ਰਹਿੰਦੇ ਹਨ ਕਿ ਕਿਸ ਪ੍ਰਕਾਰ ਹੀਣ ਭਾਵਨਾ ਨਾਲ ਗ੍ਰਸਤ ਬੱਚੇ ਦਾ ਆਤਮ-ਵਿਸ਼ਵਾਸ ਮੁੜ ਤੋਂ ਵਧਾਇਆ ਜਾ ਸਕਦਾ ਹੈ? ਕਿਵੇਂ ਬੱਚੇ ਦੇ ਮਨ 'ਚੋਂ ਡਰ ਅਤੇ ਹੀਣ ਭਾਵਨਾ ਕੱਢੀ ਜਾਵੇ? ਅਜੋਕੇ ਸਮੇਂ ਵਿਚ ਜੇਕਰ ਮਾਤਾ-ਪਿਤਾ ਹੇਠ ਲਿਖੇ ਕੁਝ ਨਿਯਮਾਂ ਦਾ ਪਾਲਣ ਕਰਨ ਤਾਂ ਹੀਣ ਭਾਵਨਾ ਨਾਲ ਗ੍ਰਸਤ ਸਕੂਲੀ ਬੱਚਿਆਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਮੁੜ ਤੋਂ ਪੈਦਾ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਹ ਪਛਾਣ ਕਿਸ ਤਰ੍ਹਾਂ ਹੋਵੇ ਕਿ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਹੋ ਗਿਆ ਹੈ ਅਤੇ ਉਸ ਵਿਚ ਆਤਮ-ਵਿਸ਼ਵਾਸ ਦੀ ਕਮੀ ਹੈ। ਇਸ ਪਛਾਣ ਦੇ ਕੁਝ ਲੱਛਣ ਇਸ ਪ੍ਰਕਾਰ ਹਨ-

× ਬੱਚਾ ਘੱਟ ਬੋਲਣ ਲਗਦਾ ਹੈ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ ਅਤੇ ਆਪਣੇ ਮਨ ਦੀ ਗੱਲ ਦੱਸਣ ਤੋਂ ਸੰਕੋਚ ਕਰਦਾ ਹੈ। × ਪੜ੍ਹਾਈ ਵਿਚ ਧਿਆਨ ਨਹੀਂ ਦੇਵੇਗਾ। × ਹੀਣ ਭਾਵਨਾ ਨਾਲ ਗ੍ਰਸਤ ਬੱਚਾ ਇਕੱਲਾ ਬੈਠਣਾ ਪਸੰਦ ਕਰੇਗਾ, ਜਿੱਥੇ ਪਰਿਵਾਰ ਦੇ ਮੈਂਬਰ ਬੈਠਣਗੇ, ਉਹ ਉਸ ਜਗ੍ਹਾ ਤੋਂ ਦੂਰ ਜਾਵੇਗਾ। × ਆਪਣੇ ਕੱਪੜਿਆਂ ਦੀ ਸਾਫ਼-ਸਫ਼ਾਈ ਵੱਲ ਬਹੁਤਾ ਧਿਆਨ ਨਹੀਂ ਦੇਵੇਗਾ ਅਤੇ ਗੰਦੇ ਕੱਪੜੇ/ਬੂਟ ਆਦਿ ਪਾ ਕੇ ਰੱਖੇਗਾ।× ਉਹ ਆਪਣੇ ਕਮਰੇ ਵਿਚ ਹੀ ਬੈਠਣਾ ਪਸੰਦ ਕਰੇਗਾ, ਬਾਹਰ ਦੋਸਤਾਂ ਨਾਲ ਘੁੰਮਣ-ਫਿਰਨ ਤੋਂ ਗੁਰੇਜ਼ ਕਰੇਗਾ। × ਅਜਿਹੇ ਬੱਚੇ ਜ਼ਿੱਦੀ ਸੁਭਾਅ ਦੇ ਹੋ ਜਾਂਦੇ ਹਨ। ਜੇਕਰ ਮਾਤਾ-ਪਿਤਾ ਕਿਸੇ ਕੰਮ ਤੋਂ ਮਨ੍ਹਾਂ ਕਰਦੇ ਹਨ ਤਾਂ ਇਹ ਉਸ ਕੰਮ ਨੂੰ ਕਰਦੇ ਹਨ, ਜਿਹੜਾ ਮਾਤਾ-ਪਿਤਾ ਨੇ ਮਨ੍ਹਾਂ ਕੀਤਾ ਹੁੰਦਾ ਹੈ।

ਆਤਮ-ਵਿਸ਼ਵਾਸ ਕਿਵੇਂ ਦਿਵਾਈਏ?

× ਬੱਚੇ ਵਿਚ ਹੀਣ ਭਾਵਨਾ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਕਰਨ ਦੀ ਕੋਸ਼ਿਸ਼ ਕਰੋ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਚੰਗੇ ਮਨੋਵਿਗਿਆਨੀ ਨਾਲ ਗੱਲਬਾਤ ਕਰੋ।
× ਬੱਚੇ ਨਾਲ ਦੋਸਤਾਂ ਵਾਂਗ ਪੇਸ਼ ਆਓ ਅਤੇ ਉਸ ਨਾਲ ਹਾਸਾ-ਮਜ਼ਾਕ ਕਰੋ, ਤਾਂ ਕਿ ਉਹ ਖ਼ੁਸ਼ ਹੋ ਸਕੇ।
× ਬੱਚੇ ਨਾਲ ਮਾਰ-ਕੁੱਟ ਜਾਂ ਗਾਲੀ-ਗਲੋਚ ਨਾ ਕਰੋ ਅਤੇ ਭੁੱਲ ਕੇ ਵੀ ਕਦੇ ਤਾਹਨੇ-ਮਿਹਣੇ ਨਾ ਮਾਰੋ। ਨਹੀਂ ਤਾਂ ਬੱਚਾ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਹੋ ਸਕਦਾ ਹੈ।
× ਬੱਚੇ ਨੂੰ ਖਾਣੇ ਵਿਚ ਉਸ ਦੀ ਪਸੰਦ ਪੁੱਛੋ ਅਤੇ ਉਸ ਲਈ ਵਿਸ਼ੇਸ਼ ਤੌਰ 'ਤੇ ਉਹ ਖਾਣਾ ਬਣਾਓ, ਜਿਹੜਾ ਉਸ ਨੂੰ ਪਸੰਦ ਹੈ।
× ਸਾਰੇ ਪਰਿਵਾਰਕ ਜੀਅ ਇਕੱਠੇ ਬੈਠ ਕੇ ਟੀ.ਵੀ. ਦੇਖੋ ਜਾਂ ਫ਼ਿਲਮ ਵਗੈਰਾ ਦੇਖੋ, ਤਾਂ ਕਿ ਉਹ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇ।
× ਬੱਚੇ ਨਾਲ ਬਾਹਰ ਘੁੰਮਣ ਲਈ ਨਿਕਲੋ ਅਤੇ ਉਸ ਦੇ ਦੋਸਤਾਂ-ਮਿੱਤਰਾਂ ਦੇ ਘਰ ਜਾਓ।
× ਬੱਚੇ ਨੂੰ ਪਿਆਰ ਨਾਲ ਸਕੂਲ ਦਾ ਕੰਮ ਕਰਵਾਓ। ਉਸ ਨੂੰ ਪੜ੍ਹਾਈ ਦੀ ਅਹਿਮੀਅਤ ਬਾਰੇ ਜਾਣਕਾਰੀ ਦਿਓ।
× ਬੱਚੇ ਦੀਆਂ ਕਮੀਆਂ ਉਸ ਦੇ ਯਾਰਾਂ-ਦੋਸਤਾਂ ਦੇ ਸਾਹਮਣੇ ਨਾ ਦੱਸੋ।
× ਆਪਣੇ ਬੱਚੇ ਦੀ ਤੁਲਨਾ ਦੂਜੇ ਬੱਚਿਆਂ ਨਾਲ ਨਾ ਕਰੋ, ਕਿਉਂਕਿ ਹਰ ਬੱਚੇ ਦੇ ਸੋਚਣ ਅਤੇ ਕੰਮ ਕਰਨ ਦੀ ਯੋਗਤਾ ਵੱਖਰੀ-ਵੱਖਰੀ ਹੁੰਦੀ ਹੈ।
× ਸਕੂਲ ਵਿਚ ਜਾ ਕੇ ਉਸ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਮਦਦ ਲਈ ਬੇਨਤੀ ਕਰੋ।
× ਬੱਚੇ ਸਾਹਮਣੇ ਆਪਣੇ ਪਤੀ/ਪਤਨੀ ਨਾਲ ਲੜਾਈ-ਝਗੜਾ ਨਾ ਕਰੋ, ਨਹੀਂ ਤਾਂ ਬੱਚੇ ਦੇ ਮਨ 'ਤੇ ਬੁਰਾ ਪ੍ਰਭਾਵ ਪੈਂਦਾ ਹੈ।
× ਬੱਚੇ ਨੂੰ ਉਸ ਦੀਆਂ ਪਸੰਦ ਦੀਆਂ ਵਸਤਾਂ ਜਿਵੇਂ ਕੱਪੜੇ, ਬੂਟ, ਖਿਡੌਣੇ ਅਤੇ ਮਨੋਰੰਜਨ ਦੀਆਂ ਚੀਜ਼ਾਂ ਲੈ ਕੇ ਦਿਓ।

## ਸ਼੍ਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋਵੇਗਾ ਪਹਿਲਾ ਜੱਥਾ, ਇਸ ਦਿਨ ਖੁੱਲ੍ਹਣਗੇ ਕਿਵਾੜ

ਜੋਸੀਮੱਠ 25 ਮਈ। ਹਿਮਾਲਿਆ ਦੇ ਉੱਚੇ ਪਹਾੜਾਂ 'ਤੇ ਸਥਿਤ ਸਿੱਖਾਂ ਦੇ ਪ੍ਰਸਿੱਧ ਧਾਰਮਿਕ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਗਰਮੀਆਂ ਦੇ ਮੌਸਮ ਲਈ 25 ਮਈ ਨੂੰ ਖੁੱਲ੍ਹਣਗੇ। ਇਸ ਤੋਂ ਪਹਿਲਾਂ ਬੁੱਧਵਾਰ 22 ਮਈ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਿਸੀਕੇਸ ਤੋਂ ਪਹਿਲਾ ਜਥਾ ਰਵਾਨਾ ਕਰ ਕੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੀ ਸ਼ੁੱਭ ਸ਼ੁਰੂਆਤ ਕੀਤੀ ਜਾਏਗੀ। ਪਹਿਲੇ ਦਿਨ ਜਥਾ ਸ਼੍ਰੀਨਗਰ ਵਿਖੇ ਵਿਸ਼ਰਾਮ ਕਰੇਗਾ। ਵੀਰਵਾਰ 25 ਮਈ ਨੂੰ ਉਹ ਗੋਵਿੰਦਘਾਟ ਪਹੁੰਚੇਗਾ। 25 ਮਈ ਨੂੰ ਜਥਾ ਹੇਮਕੁੰਟ ਸਾਹਿਬ ਦੇ ਦੂਜੇ ਠਹਿਰਾਅ ਘਾਂਗਰੀਆ ਪਹੁੰਚੇਗਾ। ਇੱਥੋਂ 25 ਮਈ ਨੂੰ ਸਵੇਰੇ 6.30 ਵਜੇ ਰਵਾਨਾ ਹੋ ਕੇ ਇਹ ਜਥਾ ਉਸੇ ਦਿਨ ਸ੍ਰੀ ਹੇਮਕੁੰਟ ਸਾਹਿਬ ਪੁੱਜੇਗਾ ਜਿੱਥੇ ਕਿਵਾੜ ਖੁੱਲ੍ਹਣ ਦੇ ਮੌਕੇ ਇਹ ਜਥਾ ਮੌਜੂਦ ਹੋਵੇਗਾ। ਉੱਥੇ ਹੀ ਪ੍ਰਸ਼ਾਸਨ ਅਤੇ ਗੁਰਦੁਆਰਾ ਪ੍ਰਬੰਧਨ ਨੇ ਜਮੀਨੀ ਹਾਲਾਤ ਨੂੰ ਵੇਖਦੇ ਹੋਏ ਰੋਜਾਨਾ ਸ਼ਰਧਾਲੂਆਂ ਦੇ ਪਹੁੰਚਣ ਦੀ ਸੀਮਾ ਤੈਅ ਕੀਤੀ ਹੈ। ਕਿਵਾੜ ਖੁੱਲ੍ਹਣ ਮਗਰੋਂ ਰੋਜਾਨਾ 3500 ਸ਼ਰਧਾਲੂ ਹੀ ਹੇਮਕੁੰਟ ਸਾਹਿਬ ਜਾ ਸਕਣਗੇ। ਗੁਰਦੁਆਰਾ ਪ੍ਰਬੰਧਨ ਦਾ ਕਹਿਣਾ ਹੈ ਕਿ ਹੇਮਕੁੰਟ ਸਾਹਿਬ ਵਿਚ ਅਜੇ ਵੀ ਬਹੁਤ ਬਰਫ ਹੈ। ਬਰਫ ਪਿਘਲਣ ਮਗਰੋਂ ਸ਼ਰਧਾਲੂਆਂ ਦੀ ਗਿਣਤੀ ਵਿਚ ਫਿਰ ਤੋਂ ਵਿਚਾਰ ਕੀਤਾ ਜਾਵੇਗਾ। ਦੱਸ ਦੇਈਏ ਕਿ ਹਿਮਾਲਿਆ ਦੀਆਂ ਖ਼ੂਬਸੂਰਤ ਵਾਦੀਆਂ ਵਿਚ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨਾਂ ਵਿਚੋਂ ਇਕ ਹੈ। ਇਸ ਦੀ ਖ਼ੂਬਸੂਰਤੀ ਕਿਸੇ ਨੂੰ ਵੀ ਮੋਹ ਲੈਂਦੀ ਹੈ। ਗਰਮੀਆਂ ਦੌਰਾਨ ਵੀ ਇੱਥੇ ਬਰਫ ਦੀ ਮੋਟੀ ਪਰਤ ਜੰਮੀ ਰਹਿੰਦੀ ਹੈ। ਬਰਫ ਨੂੰ ਕੱਟ ਕੇ ਸ਼ਰਧਾਲੂਆਂ ਲਈ ਗੁਰਦੁਆਰਾ ਸਾਹਿਬ ਜਾਣ ਲਈ ਫੌਜ ਦੇ ਜਵਾਨਾਂ ਵਲੋਂ ਰਾਹ ਬਣਾਇਆ ਜਾਂਦਾ ਹੈ।

## ਗੂਗਲ ਮੈਪ ਦੇ ਦੱਸੇ ਰਸਤੇ 'ਤੇ ਚਲਾ ਰਹੇ ਸਨ ਵਾਹਨ, ਨਦੀ 'ਚ ਜਾ ਡਿੱਗੀ ਕਾਰ

ਕੋਟਾਯਮ 25 ਮਈ। ਗੂਗਲ ਮੈਪ ਨੈਵੀਗੇਸ਼ਨ ਐਪ ਤੋਂ ਗਲਤ ਦਿਸ਼ਾ 'ਚ ਜਾਣ ਕਾਰਨ ਤੇਲੰਗਾਨਾ ਤੋਂ ਕੇਰਲ ਜਾ ਰਿਹਾ ਇਕ ਵਾਹਨ ਸ਼ਨੀਵਾਰ ਤੜਕੇ ਨਦੀ 'ਚ ਡਿੱਗ ਗਿਆ। ਹਾਲਾਂਕਿ ਉਸ 'ਚ ਸਵਾਰ ਇਕ ਵਿਦਿਆਰਥਣ ਸਮੇਤ ਸਾਰੇ ਮੈਡੀਕਲ ਵਿਦਿਆਰਥੀ ਬਚ ਗਏ। ਪੁਲਸ ਸੂਤਰਾਂ ਅਨੁਸਾਰ ਇਹ ਘਟਨਾ ਕਰੀਬ 3 ਵਜੇ ਉਸ ਸਮੇਂ ਹੋਈ, ਜਦੋਂ ਹੈਦਰਾਬਾਦ ਤੋਂ ਆਏ ਸੈਲਾਨੀ ਗੂਗਲ ਮੈਪ ਨੈਵੀਗੇਸ਼ਨ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਮੁਨਾਰ ਸੈਰ-ਸਪਾਟਾ ਕੇਂਦਰ ਤੋਂ ਅਲਾਪੁੜਾ ਵੱਲ ਵਧ ਰਹੇ ਸਨ। ਇਸ ਦੌਰਾਨ ਕੁਰੁਪਨਥਾਰਾ ਪੀਅਰ ਬਰਿੱਜ ਪਾਰ ਕਰਦੇ ਸਮੇਂ ਉਨ੍ਹਾਂ ਦਾ ਵਾਹਨ ਨਦੀ 'ਚ ਡਿੱਗ ਗਿਆ। ਉਨ੍ਹਾਂ ਦੱਸਿਆ ਕਿ ਪੁਲ ਤੋਂ ਪਹਿਲੇ 2 ਸੜਕਾਂ ਹਨ, ਇਕ ਨਦੀ ਨਾਲ ਜਾਂਦੀ ਹੈ ਅਤੇ ਦੂਜੀ ਕਮਬਮ-ਚੇਰਥਲਾ ਹੁੰਦੇ ਹੋਏ ਅਲਾਪੁੜਾ ਵੱਲ ਜਾਂਦੀ ਹੈ ਪਰ ਗੂਗਲ ਮੈਪ ਨੇ ਗਲਤ ਤਰੀਕੇ ਨਾਲ ਨਦੀ ਦੇ ਖੱਬੇ ਪਾਸੇ ਮੁੜਨ ਦਾ ਨਿਰਦੇਸ਼ ਦਿੱਤਾ ਅਤੇ ਵਾਹਨ ਨਦੀ 'ਚ ਡਿੱਗ ਗਿਆ। ਇਕ ਵਿਦਿਆਰਥੀ ਪਿੱਛੇ ਦੀ ਖਿੜਕੀ ਤੋਂ ਦੌੜਨ 'ਚ ਸਫਲ ਰਿਹਾ ਅਤੇ ਉਸ ਨੇ ਨੇੜੇ-ਤੇੜੇ ਦੇ ਸਥਾਨਕ ਲੋਕਾਂ ਨੂੰ ਚੌਕਸ ਕਰ ਦਿੱਤਾ। ਮੌਕੇ 'ਤੇ ਪਹੁੰਚੀ ਟੀਮ, ਫਾਇਰ ਵਿਭਾਗ ਕਰਮੀ ਅਤੇ ਸਥਾਨਕ ਲੋਕਾਂ ਨੇ ਕਾਰ 'ਚੋਂ ਤਿੰਨ ਸੈਲਾਨੀਆਂ ਨੂੰ ਬਚਾਇਆ।

# ਏਜੰਟਾਂ ਨੇ ਔਰਤ ਨੂੰ ਦੁਬਈ ਦਾ ਝਾਂਸਾ ਦੇ ਕੇ ਭੇਜ ਦਿੱਤਾ ਸੀਰੀਆ, ਸੰਤ ਸੀਚੇਵਾਲ ਨੇ ਇੰਝ ਕਰਵਾਈ ਘਰ ਵਾਪਸੀ

ਕਿਸ਼ਨ ਪਾਲ

ਲੋਹੀਆਂ ਖਾਸ 25 ਮਈ। ਸੀਰੀਆ ਵਰਗੇ ਮੁਲਕ 'ਚ ਮੌਤ ਦੇ ਮੂਹੋਂ ਨਿਕਲ ਕੇ ਵਾਪਸ ਆਈ ਜ਼ਿਲ੍ਹਾ ਮੋਗਾ ਦੀ ਰਹਿਣ ਵਾਲੀ ਲੜਕੀ ਨੇ ਆਪਣੀ ਹੱਡਬੀਤੀ ਸੁਣਾਉਂਦਿਆ ਦੱਸਿਆ ਕਿ ਕਿਵੇਂ ਏਜੰਟਾਂ ਨੇ ਧੋਖੇ ਨਾਲ ਕੁਝ ਪੈਸਿਆਂ ਦੇ ਲਾਲ'ਚ 'ਚ ਉਸ ਨੂੰ ਸੀਰੀਆ ਵਰਗੇ ਮੁਲਕ 'ਚ ਫਸਾ ਦਿੱਤਾ ਸੀ। ਪਿਛਲੇ ਢਾਈ ਮਹੀਨਿਆਂ ਤੋਂ ਉੱਥੇ ਨਰਕ ਭਰੀ ਜ਼ਿੰਦਗੀ ਬਤੀਤ ਕਰਨ ਤੋਂ ਬਾਅਦ ਪਰਿਵਾਰ ਸਮੇਤ ਨਿਰਮਲ ਕੁਟੀਆ ਵਿਖੇ ਪਹੁੰਚੀ ਉਕਤ ਲੜਕੀ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਜੀ ਦਾ ਧੰਨਵਾਦ ਕੀਤਾ। ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਇਆ ਦੱਸਿਆ ਕਿ ਸੀਰੀਆ 'ਚ ਇਕ ਤਰ੍ਹਾਂ ਨਾਲ ਉਸ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ, ਜਿੱਥੇ ਉਸ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਸੀ ਤੇ ਹੱਦ ਤੋਂ ਵੱਧ ਕੰਮ ਕਰਵਾਇਆ ਜਾ ਰਿਹਾ ਸੀ। ਉਸ ਨੇ ਦੱਸਿਆ ਉੱਥੇ ਪਹੁੰਚਦਿਆ ਹੀ ਉਸ ਦਾ ਏਜੰਟਾਂ ਵੱਲੋਂ ਪਾਸਪੋਰਟ ਅਤੇ ਫੋਨ ਖੋਹ ਲਿਆ ਗਿਆ ਸੀ ਤੇ ਉਸ ਦੀ ਪਰਿਵਾਰ ਨਾਲ ਗੱਲ ਤੱਕ ਵੀ ਨਹੀ ਸੀ ਕਰਵਾਈ ਜਾ ਰਹੀ। ਏਜੰਟ ਵੱਲੋਂ ਉਸ ਨੂੰ ਦੁਬਈ 'ਚ ਕੰਮ ਕਰਨ ਦਾ ਕਹਿ ਕੇ ਬੁਲਾਇਆ ਗਿਆ ਸੀ ਪਰ ਉਸ ਨੂੰ ਧੋਖੇ ਨਾਲ ਅੱਗੇ ਸੀਰੀਆ ਵਰਗੇ ਮੁਲਕ 'ਚ ਭੇਜ ਦਿੱਤਾ ਸੀ, ਜਿਹੜਾ ਕਿ ਇੱਕ ਤਰ੍ਹਾਂ ਨਾਲ ਮੌਤ ਦੇ ਮੂੰਹ 'ਚ ਜਾਣ ਵਾਂਗ ਸੀ। ਉਸ ਨੂੰ ਉਥੇ ਇੱਕ ਬੇਸਮੈਂਟ 'ਚ ਰੱਖਿਆ ਗਿਆ ਸੀ ਜਿੱਥੇ ਚਾਰੇ ਪਾਸੇ ਹਥਿਆਰ ਹੁੰਦੇ ਸੀ ਤੇ ਰਾਤ ਨੂੰ ਇੱਕ ਟਾਇਮ 'ਤੇ ਹੀ ਖਾਣਾ ਦਿੱਤਾ ਜਾਂਦਾ ਸੀ। ਉਥੇ ਉਸ ਨਾਲ 10 ਦੇ ਕਰੀਬ ਹੋਰ ਵੀ ਲੜਕੀਆਂ ਸਨ ਜਿਨ੍ਹਾਂ ਨੂੰ ਉੱਥੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉੱਥੇ ਕੰਮ ਤੋਂ ਮਨ੍ਹਾ ਕਰਨ 'ਤੇ ਵਾਲਾਂ ਤੋਂ ਫੜ ਕੇ ਬੁਰੀ ਤਰ੍ਹਾਂ ਨਾਲ ਕੁੱਟਿਆ ਮਾਰਿਆ ਜਾਂਦਾ ਸੀ, ਉੱਥੇ ਉਸ ਦੇ ਹਾਲਾਤ ਬਹੁਤ ਹੀ ਤਰਸਯੋਗ ਬਣੇ ਹੋਏ ਸੀ ਤੇ ਉੱਥੇ ਉਸ ਦਾ ਦੁੱਖ ਸੁਣਨ ਵਾਲਾ ਕੋਈ ਵੀ ਨਹੀ ਸੀ। ਉੱਥੇ ਜਿਸ ਤਰੀਕੇ ਨਾਲ ਉਸ 'ਤੇ ਤਸ਼ਦੱਦ ਹੋ ਰਿਹਾ ਸੀ ਉਨ੍ਹਾਂ ਹਲਾਤਾਂ ਚੋਂ ਨਿਕਲਣ ਦੀ ਸੋਚ ਵੀ ਉਸ ਅੰਦਰੋਂ ਦਿਨੋ ਦਿਨੀ ਘੱਟਦੀ ਜਾ ਰਹੀ ਸੀ। ਪਰ ਸੰਤ ਸੀਚਵਾਲ ਵੱਲੋਂ ਕੀਤੀ ਗਈ ਸਹਾਇਤਾ ਸਦਕਾ ਹੀ ਉੱਥੇ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਉਹ ਵਾਪਸ ਆਪਣੇ ਪਰਿਵਾਰ ਤੇ ਬੱਚਿਆਂ 'ਚ ਪਹੁੰਚ ਸਕੀ ਹੈ। ਉਸ ਦੇ ਨਾਲ ਆਏ ਉਸ ਦੇ ਪਤੀ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਸ ਨੇ ਟ੍ਰੈਵਲ ਏਜੰਟ ਨੂੰ 70,000 ਦੇ ਕਰੀਬ ਰੁਪਏ ਦੇ ਕੇ ਦੁਬਈ ਭੇਜਿਆ ਸੀ, ਪਰ ਉਸ ਨੂੰ ਨਹੀਂ ਪਤਾ ਸੀ ਕਿ ਕੁਝ ਪੈਸਿਆਂ ਦੇ ਲਾਲਚ 'ਚ ਉਹ ਏਜੰਟ ਇਸ ਹੱਦ ਤੱਕ ਵੀ ਜਾ ਸਕਦੇ ਹਨ ਕਿ ਆਪਣੇ ਫਾਇਦੇ ਲਈ ਕਿਸੇ ਦੀ ਵੀ ਜ਼ਿੰਦਗੀ ਨੂੰ ਇਸ ਤਰ੍ਹਾਂ ਨਾਲ ਜ਼ੋਖਿਮ 'ਚ ਪਾ ਸਕਦੇ ਹਨ। ਉਸ ਨੇ ਦੱਸਿਆ ਕਿ ਉਸ ਦੀ ਪਤਨੀ ਦੀ ਵਾਪਸੀ ਲਈ ਏਜੰਟ ਉਸ ਕੋਲੋਂ ਕਰੀਬ 4 ਲੱਖ ਰੁਪਏ ਮੰਗ ਰਹੇ ਸੀ, ਜੋ ਦੇਣ ਤੋਂ ਉਹ ਪੂਰੀ ਤਰ੍ਹਾਂ ਨਾਲ ਅਸਮਰੱਥ ਸੀ। ਉਨ੍ਹਾਂ ਪਰਿਵਾਰ ਸਮੇਤ ਮਿਤੀ 25 ਅਪ੍ਰੈਲ ਨੂੰ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਆਪਣਾ ਦੁੱਖੜਾ ਦੱਸਿਆ ਤਾਂ ਉਨ੍ਹਾਂ ਤੁਰੰਤ ਇਸ ਨੂੰ ਗੰਭੀਰਤਾ ਨਾਲ ਲਿਆ



ਤੇ ਇਸ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ, ਜਿਸ ਸਦਕਾ ਉਸ ਦੀ ਪਤਨੀ 25 ਦਿਨਾਂ ਬਾਅਦ ਵਾਪਸ ਪਹੁੰਚ ਸਕੀ। ਏਜੰਟਾਂ ਵੱਲੋਂ ਉਨ੍ਹਾਂ ਦੇ ਹਾਲਾਤ ਇਸ ਕਦਰ ਕਰ ਦਿੱਤੇ ਸੀ ਕਿ ਉਸਦੇ ਛੋਟੇ-ਛੋਟੇ ਬੱਚੇ ਵੀ ਆਪਣੀ ਮਾਂ ਨਾਲ ਗੱਲ ਕਰਨ ਲਈ ਬਿਲਕ ਰਹੇ ਸੀ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਏਜੰਟਾਂ ਵੱਲੋਂ ਲਗਾਤਾਰ ਗਰੀਬ ਵਰਗ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਏਜੰਟਾਂ ਵੱਲੋਂ ਇਹਨਾਂ ਦੀ ਅਨਪੜ੍ਹਤਾ ਤੇ ਗਰੀਬੀ ਦਾ ਫਾਇਦਾ ਚੁੱਕ ਕਿ ਲਗਾਤਾਰ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ ਤੇ ਅੱਗੇ ਪਰਿਵਾਰਾਂ ਦੇ ਬੱਚਿਆਂ 'ਤੇ ਖਾਸ ਕਰ ਧੀਆਂ ਨੂੰ ਅਰਬ ਦੇਸ਼ਾਂ 'ਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਵੱਲੋਂ ਨਾ ਕੇਵਲ ਇਸ ਮਾਮਲੇ ਨੂੰ ਸੁਣਿਆ ਗਿਆ ਬਲਕਿ ਇਸ ਨੂੰ ਤਰਜੀਹ ਦਿੰਦੇ ਹੋਇਆ 25 ਦਿਨਾਂ 'ਚ ਲੜਕੀ ਨੂੰ ਸਹੀ ਸਲਾਮਤ ਉਸ ਦੇ ਪਰਿਵਾਰ ਅਤੇ ਬੱਚੇ ਤੱਕ ਪਹੁੰਚਾਇਆ। ਟੂੰਬਾਂ ਗਹਿਣੇ ਧਰ ਕੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਲਿਆ ਸੀ ਬਾਹਰ ਜਾਣ ਦਾ ਫੈਸਲਾ ਜਾਣਕਾਰੀ ਦਿੰਦਿਆਂ ਪੀੜਤ ਲੜਕੀ ਨੇ ਦੱਸਿਆ ਕਿ ਉਸ ਦੇ ਪਤੀ ਨੇ ਟੂੰਬਾਂ ਗਹਿਣੇ ਧਰ ਕੇ ਬੱਚਿਆਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਟ੍ਰੈਵਲ ਏਜੰਟ ਨੂੰ 70 ਹਜ਼ਾਰ ਰੁਪਏ ਦੇ ਕੇ ਦੁਬਈ ਭੇਜਿਆ ਸੀ। ਪਰ ਉਸ ਨੂੰ ਨਹੀ ਸੀ ਪਤਾ ਕਿ ਉਸ ਦਾ ਇਹੀ ਫੈਸਲਾ ਉਸ ਦੇ ਜੀਵਨ ਲਈ ਇੱਕ ਕਾਲ ਬਣ ਜਾਵੇਗਾ। ਉਸ ਨੇ ਦੱਸਿਆ ਕਿ ਤੜਕੇ 5 ਵਜੇ ਤੋਂ ਲੈ ਕੇ ਰਾਤ ਦੇ 1-2 ਵਜੇ ਤੱਕ ਕੰਮ ਕਰਵਾਇਆ ਜਾਂਦਾ ਸੀ ਤੇ ਰਾਤ ਨੂੰ ਬੇਸਮੈਂਟ 'ਚ 1 ਕਮਰੇ 'ਚ ਬੰਦ ਕਰਕੇ ਕਮਰੇ ਨੂੰ ਜਿੰਦਰਾ ਮਾਰ ਦਿੱਤਾ ਜਾਂਦਾ ਸੀ। ਉਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਲੜਕੀਆਂ ਅਰਬ ਮੁਲਕਾਂ 'ਚ ਨਾ ਭੇਜਣ।

## ਰਿਪੋਰਟ 'ਚ ਖੁਲਾਸਾ: ਬਾਂਦਰ ਖਾ ਗਏ 35 ਲੱਖ ਰੁਪਏ ਦੀ ਖੰਡ

ਨੈਸ਼ਨਲ ਡੈਸਕ 25 ਮਈ। ਹੁਣ ਤੱਕ ਤੁਸੀਂ ਕੀੜੀਆਂ ਨੂੰ ਚੀਨੀ ਖਾਂਦੇ ਦੇਖਿਆ ਹੋਵੇਗਾ ਪਰ ਅਲੀਗੜ੍ਹ 'ਚ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸਾਥੀ ਖੰਡ ਮਿੱਲ 'ਚ ਬਾਂਦਰ 30 ਦਿਨਾਂ 'ਚ 35 ਲੱਖ ਰੁਪਏ ਦੀ 1100 ਕੁਇੰਟਲ ਤੋਂ ਵੱਧ ਖੰਡ ਖਾ ਗਏ। ਕਿਸਾਨ ਸਹਿਯੋਗੀ ਸ਼ੂਗਰ ਮਿੱਲ ਲਿਮਟਿਡ ਦੀ ਆਡਿਟ ਰਿਪੋਰਟ 'ਚ ਇਸ ਧੋਖਾਧੜੀ ਦਾ ਪਰਦਾਫਾਸ ਹੋਇਆ ਹੈ। ਇਸ ਮਾਮਲੇ 'ਚ ਮੈਨੇਜਰ ਅਤੇ ਲੇਖਾ ਅਧਿਕਾਰੀ ਸਮੇਤ 6 ਲੋਕਾਂ ਨੂੰ ਦੋਸ਼ੀ ਪਾਇਆ ਗਿਆ ਹੈ। ਜ਼ਿਲ੍ਹਾ ਆਡਿਟ ਅਫਸਰ, ਸਹਿਕਾਰੀ ਸਭਾਵਾਂ ਅਤੇ ਪੰਚਾਇਤ ਆਡੀਟਰ ਵਿਨੋਦ ਸਿੰਘ ਨੇ ਹਾਲ ਹੀ ਵਿੱਚ ਕਿਸਾਨ ਸਹਿਕਾਰੀ ਖੰਡ ਮਿੱਲ ਲਿਮਟਿਡ ਦਾ ਆਡਿਟ ਕੀਤਾ ਸੀ। ਇਸ ਤਹਿਤ 31 ਮਾਰਚ 2024 ਤੱਕ ਸਥਾ ਸ਼ੂਗਰ ਮਿੱਲ ਦੇ ਅੰਤਿਮ ਸਟਾਕ ਦੀ ਫਿਜੀਕਲ ਵੈਰੀਫਿਕੇਸਨ ਕੀਤੀ ਗਈ। ਦੱਸ ਦਈਏ ਕਿ ਖੰਡ ਦਾ ਸਟਾਕ 1 ਅਪ੍ਰੈਲ ਤੋਂ ਅਕਤੂਬਰ 2023 ਤੱਕ ਮੇਲ ਖਾਂਦਾ ਪਾਇਆ ਗਿਆ। ਇਸ ਤੋਂ ਬਾਅਦ ਫਰਵਰੀ 2024 ਵਿੱਚ ਖੰਡ ਦਾ ਸਟਾਕ 1538.37 ਕੁਇੰਟਲ ਸੀ, ਜੋ ਮਾਰਚ 'ਚ ਘਟ ਕੇ 401.37 ਕੁਇੰਟਲ ਰਹਿ ਗਿਆ। ਆਡਿਟ ਰਿਪੋਰਟ ਮੁਤਾਬਕ 1137 ਕੁਇੰਟਲ ਚਿੱਟੀ ਚੀਨੀ ਬਾਂਦਰਾਂ ਅਤੇ ਮੀਂਹ ਕਾਰਨ ਖਰਾਬ ਹੋ ਗਈ। ਸਿੰਘ ਨੇ ਆਪਣੀ ਰਿਪੋਰਟ ਵਿੱਚ 3100 ਰੁਪਏ ਦੀ ਮੌਜੂਦਾ ਅਨੁਮਾਨਿਤ ਮਾਰਕੀਟ ਕੀਮਤ 'ਤੇ ਕੁੱਲ 1137 ਕੁਇੰਟਲ ਖੰਡ 'ਤੇ 35 ਲੱਖ 24 ਹਜਾਰ 700 ਰੁਪਏ ਦਾ ਨੁਕਸਾਨ ਹੋਣ ਦਾ ਖੁਲਾਸਾ ਕੀਤਾ ਹੈ। ਇਸ ਦੇ ਲਈ ਆਡਿਟ ਰਿਪੋਰਟ ਵਿੱਚ ਮੌਜੂਦਾ ਪ੍ਰਿੰਸੀਪਲ ਮੈਨੇਜਰ ਰਾਹੁਲ ਯਾਦਵ, ਚੀਫ ਅਕਾਊਂਟ ਅਫਸਰ ਓਮਪ੍ਰਕਾਸ, ਮੈਨੇਜਰ ਕੈਮਿਸਟ ਐਮ.ਕੇ ਸਰਮਾ, ਲੇਖਾਕਾਰ ਮਹੀਪਾਲ ਸਿੰਘ, ਸੁਰੱਖਿਆ ਅਫਸਰ ਇੰਚਾਰਜ ਦਲਵੀਰ ਸਿੰਘ, ਵੇਅਰ ਹਾਊਸ ਕੀਪਰ ਗੁਲਾਬ ਸਿੰਘ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਇਹ ਰਕਮ ਉਨ੍ਹਾਂ ਤੋਂ ਨਿਯਮਾਂ ਅਨੁਸਾਰ ਵਸੂਲੀ ਜਾਣ ਦੀ ਉਮੀਦ ਹੈ। ਆਡਿਟ ਰਿਪੋਰਟ ਗੰਨਾ ਕਮਿਸਨਰ, ਡਿਪਟੀ ਡਾਇਰੈਕਟਰ ਸ਼ੂਗਰ ਮਿੱਲ ਐਸੋਸੀਏਸਨ, ਲਖਨਊ ਨੂੰ ਭੇਜ ਦਿੱਤੀ ਗਈ ਹੈ।

## ਲੁਧਿਆਣਾ ਸੀਟ 'ਤੇ ਹੋਵੇਗਾ ਦਿਲਚਸਪ ਮੁਕਾਬਲਾ

ਏਜੰਸੀਆਂ

ਲੁਧਿਆਣਾ 25 ਮਈ। ਸਤਲੁਜ ਦਰਿਆ ਦੇ ਕੰਢੇ ਵਸਿਆ ਲੁਧਿਆਣਾ ਜ਼ਿਲ੍ਹਾ ਪੰਜਾਬ ਦਾ ਸਭ ਤੋਂ ਇਤਿਹਾਸਕ ਜ਼ਿਲ੍ਹਾ ਹੈ, ਜਿਸ ਨੂੰ ਮੈਨਚੈਸਟਰ ਆਫ ਇੰਡੀਆ ਵੀ ਕਿਹਾ ਜਾਂਦਾ ਹੈ। ਇਸ ਸੀਟ 'ਤੇ ਲੋਕ ਸਭਾ ਚੋਣਾਂ ਦਾ ਮੁਕਾਬਲਾ ਬੇਹੱਦ ਦਿਲਚਸਪ ਹੋਵੇਗਾ। ਇਸ ਸੀਟ ਤੋਂ ਭਾਜਪਾ ਦੇ ਰਵਨੀਤ ਸਿੰਘ ਬਿੱਟੂ, ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਦਲ ਦੇ ਰਣਜੀਤ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਦੇ ਅਸ਼ੋਕ ਕੁਮਾਰ ਪਰਾਸ਼ਰ ਪੱਪੀ ਚੋਣ ਮੈਦਾਨ 'ਚ ਨਿੱਤਰੇ ਹਨ, ਜਦੋਂ ਕਿ ਬਹੁਜਨ ਸਮਾਜ ਪਾਰਟੀ ਨੇ ਇੱਥੋਂ ਦਵਿੰਦਰ ਸਿੰਘ ਪਨੇਸਰ ਨੂੰ ਖੜ੍ਹਾ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਰਾਜਾ ਵੜਿੰਗ ਦੇ ਨਾਲ ਕੰਮ ਕਰਨ ਵਾਲੇ ਰਵਨੀਤ ਸਿੰਘ ਬਿੱਟੂ ਥੋੜ੍ਹੀ ਦੇਰ ਪਹਿਲਾਂ ਹੀ ਭਾਜਪਾ 'ਚ ਜਾ ਚੁੱਕੇ ਹਨ ਅਤੇ ਰਾਜਾ ਵੜਿੰਗ ਦੇ ਸਾਹਮਣੇ ਮੈਦਾਨ 'ਚ ਖੜ੍ਹੇ ਹਨ, ਜਿਸ ਕਾਰਨ ਇਹ ਮੁਕਾਬਲਾ ਬੇਹੱਦ ਦਿਲਚਸਪ ਹੋਵੇਗਾ। ਲੁਧਿਆਣਾ ਲੋਕ ਸਭਾ ਹਲਕਾ ਚੋਣ ਕਮਿਸ਼ਨ ਦੇ ਹਲਕਿਆਂ ਦੀ ਸੂਚੀ 'ਚ 7ਵੇਂ ਨੰਬਰ 'ਤੇ ਆਉਂਦਾ ਹੈ। ਜੇਕਰ ਪਿਛਲੇ 5 ਸਾਲਾਂ



ਦੀ ਗੱਲ ਕੀਤੀ ਜਾਵੇ ਤਾਂ ਇਸ ਸੀਟ 'ਤੇ ਕਾਂਗਰਸ ਦਾ ਦਬਦਬਾ ਰਿਹਾ ਹੈ। 1999 ਤੋਂ ਬਾਅਦ ਹੁਣ ਤੱਕ ਹੋਈਆਂ 5 ਲੋਕ ਸਭਾ ਚੋਣਾਂ ਦੌਰਾਨ ਇੱਥੇ 4 ਵਾਰ ਕਾਂਗਰਸ ਜਿੱਤ ਹਾਸਲ ਕਰ ਚੁੱਕੀ ਹੈ, ਜਦੋਂ ਕਿ ਇਕ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੋਈ ਹੈ। 2 ਵਾਰ ਤਾਂ ਇੱਥੋਂ ਕਾਂਗਰਸ ਛੱਡ ਕੇ ਭਾਜਪਾ 'ਚ ਜਾਣ ਵਾਲੇ ਰਵਨੀਤ ਸਿੰਘ ਬਿੱਟੂ ਹੀ ਲੋਕ ਸਭਾ ਚੋਣ ਜਿੱਤ ਚੁੱਕੇ ਹਨ। ਲੁਧਿਆਣਾ ਲੋਕ ਸਭਾ ਹਲਕੇ 'ਚ 13 ਵਿਧਾਨ ਸਭਾ ਹਲਕੇ ਲੁਧਿਆਣਾ ਪੂਰਬੀ, ਲੁਧਿਆਣਾ ਦੱਖਣੀ, ਆਤਮ ਨਗਰ, ਲੁਧਿਆਣਾ ਕੇਂਦਰੀ, ਲੁਧਿਆਣਾ ਪੱਛਮੀ, ਲੁਧਿਆਣਾ ਉੱਤਰੀ, ਗਿੱਲ, ਦਾਖਾ, ਜਗਰਾਓਂ, ਸਾਹਨੇਵਾਲ, ਪਾਇਲ, ਖੰਨਾ, ਸਮਰਾਲਾ ਹਨ।

# ਦਿੱਲੀ ਸਮੇਤ 5 ਸੂਬਿਆਂ 'ਚ 26 ਮਈ ਤੱਕ ਜਾਰੀ ਰਹੇਗੀ ਤੇਜ ਗਰਮੀ, ਦੱਖਣ 'ਚ ਭਾਰੀ ਮੀਂਹ ਦੀ ਚਿਤਾਵਨੀ

ਏਜੰਸੀਆਂ

ਨਵੀਂ ਦਿੱਲੀ 25 ਮਈ। ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ ਕਿਹਾ ਕਿ ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ, ਪੰਜਾਬ, ਹਰਿਆਣਾ ਅਤੇ ਮੱਧ ਪ੍ਰਦੇਸ ਵਿੱਚ 26 ਮਈ ਤੱਕ ਭਿਆਨਕ ਗਰਮੀ ਜਾਰੀ ਰਹੇਗੀ, ਘੱਟੋ ਘੱਟ ਅਗਲੇ ਚਾਰ ਦਿਨਾਂ ਤੱਕ ਭਿਆਨਕ ਗਰਮੀ ਤੋਂ ਕੋਈ ਰਾਹਤ ਨਹੀਂ ਮਿਲੇਗੀ। ਬੀਤੇ ਬੁੱਧਵਾਰ ਨੂੰ ਕੜਾਕੇ ਦੀ ਗਰਮੀ ਨੇ ਦੇਸ ਦੇ ਵੱਡੇ ਹਿੱਸੇ ਨੂੰ ਝੁਲਸਾ ਦਿੱਤਾ, ਜਦਕਿ ਰਾਜਸਥਾਨ ਦੇ ਬਾੜਮੇਰ 'ਚ ਪਾਰਾ 48 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜੋ ਇਸ ਸਾਲ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ। ਅੱਜ ਜਾਰੀ ਕੀਤੇ ਗਏ ਆਈਐਮਡੀ ਦੇ ਤਾਜਾ ਮੌਸਮ ਬੁਲੇਟਿਨ ਅਨੁਸਾਰ, ਵੀਰਵਾਰ ਤੋਂ 26 ਅਪ੍ਰੈਲ ਤੱਕ ਪੂਰਬੀ ਅਤੇ ਪੱਛਮੀ ਰਾਜਸਥਾਨ, ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ ਦੇ ਕੁਝ ਹਿੱਸਿਆਂ ਵਿੱਚ ਲੂ ਤੋਂ ਲੈ ਕੇ ਗੰਭੀਰ ਗਰਮੀ ਲੂ ਦੀ ਲਹਿਰ ਚਲਣ ਦੀ ਸੰਭਾਵਨਾ ਹੈ। ਇਸ ਦੌਰਾਨ ਸੁੱਕਰਵਾਰ ਤੋਂ 26 ਅਪ੍ਰੈਲ ਤੱਕ ਦਿੱਲੀ ਅਤੇ ਮੱਧ ਪ੍ਰਦੇਸ 'ਚ ਸਖਤ ਗਰਮੀ ਰਹੇਗੀ। ਵੀਰਵਾਰ ਨੂੰ ਦਿੱਲੀ ਵਿੱਚ ਵੱਧ ਤੋਂ ਵੱਧ ਤਾਪਮਾਨ 43.4 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ ਔਸਤ ਨਾਲੋਂ ਤਿੰਨ ਡਿਗਰੀ ਵੱਧ ਹੈ, ਜਦੋਂ ਕਿ ਘੱਟੋ-ਘੱਟ ਤਾਪਮਾਨ 30.9 ਡਿਗਰੀ, ਆਮ ਨਾਲੋਂ ਚਾਰ ਡਿਗਰੀ ਵੱਧ ਰਹਿਣ ਦੀ ਸੰਭਾਵਨਾ ਹੈ। ਲਗਾਤਾਰ ਪੈ ਰਹੀ ਗਰਮੀ ਦੇ ਨਤੀਜੇ ਵਜੋਂ ਬੁੱਧਵਾਰ ਨੂੰ ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ, ਗੁਜਰਾਤ ਅਤੇ ਮੱਧ ਪ੍ਰਦੇਸ ਵਿੱਚ ਘੱਟੋ-ਘੱਟ 24 ਥਾਵਾਂ 'ਤੇ ਵੱਧ ਤੋਂ ਵੱਧ ਤਾਪਮਾਨ 45 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ



ਦਰਜ ਕੀਤਾ ਗਿਆ। ਸਭ ਤੋਂ ਵੱਧ ਤਾਪਮਾਨ ਰਾਜਸਥਾਨ ਦੇ ਬਾੜਮੇਰ ਵਿੱਚ 48 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਹਰਿਆਣਾ ਦਾ ਸਿਰਸਾ 47.7 ਡਿਗਰੀ, ਪੰਜਾਬ ਦਾ ਬਠਿੰਡਾ 46.6 ਡਿਗਰੀ ਨਾਲ ਦੂਜੇ ਨੰਬਰ 'ਤੇ ਰਿਹਾ। ਕਾਂਡਲਾ, ਗੁਜਰਾਤ ਵਿੱਚ 46.1 ਡਿਗਰੀ; ਮੱਧ ਪ੍ਰਦੇਸ ਦੇ ਰਤਲਾਮ ਅਤੇ ਉੱਤਰ ਪ੍ਰਦੇਸ ਦੇ ਝਾਂਸੀ ਵਿੱਚ ਤਾਪਮਾਨ 45 ਡਿਗਰੀ; ਅਤੇ ਅਕੋਲਾ, ਮਹਾਰਾਸਟਰ ਵਿੱਚ 44.8 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਰਾਜਸਥਾਨ, ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ ਲਈ ਰੈੱਡ ਅਲਰਟ ਜਾਰੀ ਕੀਤਾ ਹੈ, ਜਿਸ ਵਿੱਚ ਹਰ ਉਮਰ ਦੇ ਲੋਕਾਂ ਵਿੱਚ ਗਰਮੀ ਨਾਲ ਸਬੰਧਤ ਬਿਮਾਰੀਆਂ ਅਤੇ ਹੀਟਸਟ੍ਰੋਕ ਦੀ "ਬਹੁਤ ਉੱਚ ਸੰਭਾਵਨਾ" 'ਤੇ ਜੋਰ ਦਿੱਤਾ ਗਿਆ ਹੈ। ਆਈਐਮਡੀ ਨੇ ਵੀਰਵਾਰ ਨੂੰ ਕੇਰਲ, ਤਾਮਿਲਨਾਡੂ, ਕਰਨਾਟਕ ਅਤੇ ਪੁਡੂਚੇਰੀ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਨੇ ਵੀ ਅਗਲੇ ਸੱਤ ਦਿਨਾਂ ਤੱਕ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਕੇਰਲ ਵਿੱਚ ਭਾਰੀ ਮੀਂਹ ਦੇ ਨਤੀਜੇ ਵਜੋਂ, ਜੋ ਕਿ ਸਨੀਵਾਰ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ, ਮੌਸਮ ਦਫਤਰ ਨੇ ਪਠਾਨਮਥਿੱਟਾ, ਅਲਾਪੁੜਾ, ਕੋਟਾਯਮ, ਏਰਨਾਕੁਲਮ ਅਤੇ ਇਡੁੱਕੀ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਆਈਐਮਡੀ ਨੇ ਕਿਹਾ ਕਿ ਇਸ ਦੌਰਾਨ ਤਿਰੂਵਨੰਤਪੁਰਮ, ਕੋਲਮ, ਮਲਪੁਰਮ, ਕੋਜੀਕੋਡ ਅਤੇ ਵਾਇਨਾਡ ਸੰਤਰੀ ਅਲਰਟ ਦੇ ਅਧੀਨ ਹਨ, ਜਦੋਂ ਕਿ ਕੰਨੂਰ ਅਤੇ ਕਾਸਰਗੋਡ ਯੈਲੋ ਅਲਰਟ 'ਤੇ ਹਨ।

## ਘਰ ਬੈਠੇ ਮਿਲੇਗੀ ਪੋਲਿੰਗ ਬੂਥ 'ਤੇ ਲੱਗੀਆਂ ਕਤਾਰਾਂ ਦੀ ਜਾਣਕਾਰੀ

ਏਜੰਸੀਆਂ

ਚੰਡੀਗੜ੍ਹ 25 ਮਈ। ਪੰਜਾਬ ਦੇ ਵੋਟਰ ਵੋਟਾਂ ਵਾਲੇ ਦਿਨ 1 ਜੂਨ ਨੂੰ ਆਪਣੇ ਪੋਲਿੰਗ ਬੂਥ ਉੱਤੇ ਜਾਣ ਤੋਂ ਪਹਿਲਾਂ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਬੂਥ ਉੱਤੇ ਕਿੰਨੇ ਕੁ ਲੋਕ ਵੋਟ ਦੇਣ ਲਈ ਕਤਾਰ 'ਚ ਖੜ੍ਹੇ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਸ਼ਨਿਵਰਾਰ ਨੂੰ ਵੋਟਰਾਂ




ਦੀ ਸਹੂਲਤ ਨੂੰ ਧਿਆਨ 'ਚ ਰੱਖਦੇ ਹੋਏ 'ਵੋਟਰ ਕਿਊ ਇਨਫੋਰਮੇਸ਼ਨ ਸਿਸਟਮ' ਸ਼ੁਰੂ ਕੀਤਾ ਗਿਆ ਹੈ। ਇਹ ਸਿਸਟਮ ਐੱਨ.ਆਈ.ਸੀ. ਪੰਜਾਬ ਅਤੇ ਮੈਟਾ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸਿਬਿਨ ਸੀ ਨੇ ਦੱਸਿਆ ਕਿ ਵੋਟਰ ਕਿਊ ਇਨਫੋਰਮੇਸ਼ਨ ਸਿਸਟਮ ਨੂੰ ਵਰਤਣ ਲਈ ਵੋਟਰਾਂ ਨੂੰ ਇਕ ਵਟਸਐਪ ਨੰਬਰ 7447447217 ਉੱਤੇ 'ਵੋਟ' ਟਾਇਪ ਕਰਕੇ ਮੈਸੇਜ ਭੇਜਣਾ ਹੋਵੇਗਾ। ਇਸ ਤੋਂ ਬਾਅਦ ਇਕ ਲਿੰਕ ਪ੍ਰਾਪਤ ਹੋਵੇਗਾ ਜਿਸ 'ਤੇ ਕਲਿੱਕ ਕਰਨ ਮਗਰੋਂ 2 ਆਪਸ਼ਨ ; (1) ਲੋਕੇਸ਼ਨ ਵਾਈਜ਼ (2) ਬੂਥ ਵਾਈਜ਼ ਸਕਰੀਨ ਉੱਤੇ ਆਉਣਗੇ। ਉਨ੍ਹਾਂ ਦੱਸਿਆ ਕਿ ਲੋਕੇਸ਼ਨ ਵਾਈਜ਼ ਆਪਸ਼ਨ ਨੂੰ ਚੁਣਨ ਮਗਰੋਂ ਵੋਟਰ ਨੂੰ ਆਪਣੀ ਲੋਕੇਸ਼ਨ ਸ਼ੇਅਰ ਕਰਨੀ ਹੋਵੇਗੀ, ਜਿਸ ਤੋਂ ਬਾਅਦ ਮੋਬਾਇਲ ਦੀ ਸਕਰੀਨ 'ਤੇ ਵੋਟਰ ਦੇ ਘਰ ਨੇੜਲੇ ਪੋਲਿੰਗ ਬੂਥਾਂ ਦੀ ਸੂਚੀ ਆ ਜਾਵੇਗੀ। ਇਸ ਤੋਂ ਬਾਅਦ ਵੋਟਰ ਨੂੰ ਬੂਥ ਨੰਬਰ ਲਿਖ ਕੇ ਭੇਜਣਾ ਹੋਵੇਗਾ ਅਤੇ ਤੁਰੰਤ ਮੋਬਾਇਲ ਦੀ ਸਕਰੀਨ ਉੱਤੇ ਇਹ ਜਾਣਕਾਰੀ ਆ ਜਾਵੇਗੀ ਕਿ ਓਸ ਬੂਥ ਉੱਤੇ ਵੋਟ ਪਾਉਣ ਲਈ ਕਿੰਨੇ ਵੋਟਰ ਕਤਾਰ ਵਿੱਚ ਖੜ੍ਹੇ ਹਨ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਜੇਕਰ ਵੋਟਰ ਦੂਜਾ ਆਪਸ਼ਨ ਬੂਥ ਵਾਈਜ਼ ਚੁਣਦਾ ਹੈ ਤਾਂ ਉਸ ਨੂੰ ਪੰਜਾਬ ਸੂਬਾ ਚੁਣਨ ਤੋਂ ਬਾਅਦ ਆਪਣੇ ਜ਼ਿਲ੍ਹੇ ਨੂੰ ਚੁਣਨਾ ਹੋਵੇਗਾ ਅਤੇ ਉਸ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕੇ ਸਕਰੀਨ 'ਤੇ ਆ ਜਾਣਗੇ। ਆਪਣਾ ਵਿਧਾਨ ਸਭਾ ਹਲਕਾ ਚੁਣਨ ਤੋਂ ਬਾਅਦ ਸਬੰਧਤ ਬੂਥ ਨੰਬਰ ਭਰਨਾ ਹੋਵੇਗਾ, ਜਿਸ ਨਾਲ ਵੋਟਰ ਆਪਣੇ ਬੂਥ ਉੱਤੇ ਵੋਟ ਦੇਣ ਲਈ ਖੜ੍ਹੇ ਵੋਟਰਾਂ ਦੀ ਗਿਣਤੀ ਜਾਣ ਸਕੇਗਾ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਜਿੱਥੇ ਇਕ ਪਾਸੇ 1 ਜੂਨ ਨੂੰ ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਗਰਮੀ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ, ਉੱਥੇ ਹੀ ਇਸ ਵੋਟਿੰਗ ਕਿਊ ਸਿਸਟਮ ਜ਼ਰੀਏ ਵੋਟਰ ਆਪਣੇ ਹਿਸਾਬ ਨਾਲ ਉਸ ਸਮੇਂ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾ ਸਕੇਗਾ ਜਦੋਂ ਬੂਥ 'ਤੇ ਜ਼ਿਆਦਾ ਭੀੜ ਨਹੀਂ ਹੋਵੇਗੀ। ਇਸ ਨਾਲ ਵੋਟਰ ਗਰਮੀ ਤੋਂ ਵੀ ਬਚੇਗਾ ਅਤੇ ਉਸ ਦੇ ਸਮੇਂ ਦੀ ਵੀ ਬੱਚਤ ਹੋਵੇਗੀ।

## ਨਾਬਾਲਗ ਮੁੰਡੇ ਨੇ ਰੋਲੀ ਨਾਬਾਲਗਾ ਦੀ ਪੱਤ

ਚੰਡੀਗੜ੍ਹ 25 ਮਈ। ਨਾਬਾਲਗਾ ਨਾਲ ਜਬਰ-ਜ਼ਿਨਾਹ ਮਾਮਲੇ 'ਚ ਸਪੈਸਲ ਫਾਸਟ ਟ੍ਰੈਕ ਅਦਾਲਤ ਨੇ ਨਾਬਾਲਗ ਮੁੰਡੇ ਨੂੰ 20 ਸਾਲ ਦੀ ਸਜਾ ਸੁਣਾਈ ਹੈ। ਅਦਾਲਤ ਨੇ ਉਸ 'ਤੇ 30 ਹਜਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਘਟਨਾ ਸਮੇਂ ਉਸ ਦੀ ਉਮਰ 18 ਸਾਲ ਤੋਂ ਘੱਟ ਸੀ ਪਰ ਉਸ ਖ਼ਿਲਾਫ ਅਗਵਾ, ਜਬਰ-ਜ਼ਿਨਾਹ ਤੇ ਪੋਕਸੋ ਐਕਟ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਲਈ ਬਾਲਗ ਮੰਨਦਿਆਂ ਸਪੈਸਲ ਫਾਸਟ ਟਰੈਕ ਅਦਾਲਤ 'ਚ ਸੁਣਵਾਈ ਹੋਈ। ਸੈਕਟਰ-36 ਥਾਣੇ ਦੀ ਪੁਲਸ ਨੇ ਤਿੰਨ ਸਾਲ ਪਹਿਲਾਂ ਅਗਵਾ, ਜਬਰ-ਜ਼ਿਨਾਹ ਅਤੇ ਪੋਕਸੋ ਐਕਟ ਦੀ ਧਾਰਾ 4 ਤਹਿਤ ਮਾਮਲਾ ਦਰਜ ਕੀਤਾ ਸੀ।

## ਭਾਰਤ 'ਚ 11 ਦਿਨ ਤੋਂ ਲਾਪਤਾ ਬੰਗਲਾਦੇਸ਼ ਦੇ ਸੰਸਦ ਮੈਂਬਰ ਅਜੀਮ ਦਾ ਕੋਲਕਾਤਾ 'ਚ ਕਤਲ

ਕੋਲਕਾਤਾ 25 ਮਈ। ਭਾਰਤ ਇਲਾਜ ਕਰਵਾਉਣ ਆਏ ਬੰਗਲਾਦੇਸ਼ ਦੇ 56 ਸਾਲਾ ਸੰਸਦ ਮੈਂਬਰ ਅਨਵਾਰੂਲ ਅਜੀਮ ਅਨਾਰ ਦਾ ਕੋਲਕਾਤਾ ਵਿਚ ਕਤਲ ਕਰ ਦਿੱਤਾ ਗਿਆ ਹੈ। ਅਜੀਮ 12 ਮਈ ਨੂੰ ਭਾਰਤ ਪਹੁੰਚੇ ਸਨ ਅਤੇ 13 ਮਈ ਤੋਂ ਲਾਪਤਾ ਸਨ। ਬੰਗਲਾਦੇਸ਼ ਦੇ ਗ੍ਰਹਿ ਮੰਤਰੀ ਅਸਦੁਜਮਾਨ ਖਾਨ ਨੇ ਢਾਕਾ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ ਅਜੀਮ ਦਾ ਕਤਲ ਹੋਇਆ ਹੈ। ਇਹ ਯੋਜਨਾਬੱਧ ਕਤਲ ਹੈ। ਮਾਮਲੇ ਵਿਚ ਤਿੰਨ ਬੰਗਲਾਦੇਸ਼ੀਆਂ ਨੂੰ ਢਾਕਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੱਛਮੀ ਬੰਗਾਲ ਪੁਲਸ ਨੇ ਕਿਹਾ ਸੀ ਕਿ ਮਾਮਲੇ ਦੀ ਜਾਂਚ ਸੂਬੇ ਦੀ ਸੀ. ਆਈ. ਡੀ. ਕਰ ਰਹੀ ਹੈ। ਦੱਸ ਦੇਈਏ ਕਿ ਅਜੀਮ ਕੋਲਕਾਤਾ ਦੇ ਨਿਊ ਟਾਊਨ ਇਲਾਕੇ ਦੇ ਲਗਜਰੀ ਫਲੈਟ 'ਚ ਠਹਿਰੇ ਹੋਏ ਸਨ। ਉਨ੍ਹਾਂ ਨੂੰ ਜਿਸ ਡਰਾਈਵਰ ਨੇ ਇੱਥੇ ਛੱਡਿਆ ਸੀ, ਪੁਲਸ ਨੇ ਉਸ ਦੀ ਨਿਸ਼ਾਨਦੇਹੀ 'ਤੇ ਦਬਿਸ਼ ਦਿੱਤੀ ਤਾਂ ਉੱਥੇ ਅਜੀਮ ਨਹੀਂ ਮਿਲੇ ਪਰ ਕਤਲ ਦੇ ਕਈ ਸਬੂਤ ਮਿਲ ਗਏ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਜੀਮ ਦੇ ਇਕ ਦੋਸਤ ਨੇ ਹੀ ਉਨ੍ਹਾਂ ਦੇ ਕਤਲ ਲਈ 5 ਕਰੋੜ ਰੁਪਏ ਦੀ ਸੁਪਾਰੀ ਦਿੱਤੀ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਇਕ ਯੋਜਨਾਬੱਧ ਕਤਲ ਸੀ। ਸੰਸਦ ਮੈਂਬਰ ਦੇ ਪੁਰਾਣੇ ਦੋਸਤ ਨੇ ਉਨ੍ਹਾਂ ਨੂੰ ਮਾਰਨ ਲਈ ਵੱਡੀ ਰਕਮ (5 ਕਰੋੜ ਰੁਪਏ) ਦਾ ਭੁਗਤਾਨ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਅਵਾਮੀ ਲੀਗ ਦੇ ਸੰਸਦ ਮੈਂਬਰ ਦਾ ਦੋਸਤ ਅਮਰੀਕੀ ਨਾਗਰਿਕ ਹੈ ਅਤੇ ਉਸ ਕੋਲ ਕੋਲਕਾਤਾ ਵਿਚ ਇਕ ਫਲੈਟ ਹੈ। ਓਧਰ ਸੀ. ਆਈ. ਡੀ. ਦੇ ਆਈ. ਜੀ. ਅਖਿਲੇਸ਼ ਚਤੁਰਵੇਦੀ ਨੇ ਬੁੱਧਵਾਰ ਨੂੰ ਕਿਹਾ ਸੀ ਕਿ ਪੁਲਸ ਕੋਲ ਭਰੋਸੇਯੋਗ ਇਨਪੁੱਟ ਸਨ ਕਿ ਅਜੀਮ ਦਾ ਕਤਲ ਕਰ ਦਿੱਤਾ ਗਿਆ ਹੈ ਪਰ ਅਜੇ ਤਕ ਉਨ੍ਹਾਂ ਦੀ ਲਾਸ਼ ਬਰਾਮਦ ਨਹੀਂ ਹੋਈ ਹੈ।

# ਫਰੀਦਕੋਟ ਲੋਕ ਸਭਾ ਸੀਟ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ

ਸਰਦੂਲ ਸਿੰਘ

ਫਰੀਦਕੋਟ 25 ਮਈ। ਲੋਕ ਸਭਾ ਚੋਣਾਂ ਦੇ ਸੱਤਵੇਂ ਤੇ ਆਖਰੀ ਗੇੜ ਦੀਆਂ ਵੋਟਾਂ ਪੰਜਾਬ ਵਿਚ ਪਹਿਲੀ ਜੂਨ ਨੂੰ ਪੈਣੀਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਕਾਫੀ ਚਰਚਾ 'ਚ ਹਨ। ਇਸ ਦੌਰਾਨ ਜੇਕਰ ਫਰੀਦਕੋਟ ਦੀ ਗੱਲ ਕੀਤੀ ਜਾਵੇ ਤਾਂ ਉੱਤਰੀ ਭਾਰਤ ਦੇ ਸੂਬਾ ਪੰਜਾਬ ਦਾ ਫਰੀਦਕੋਟ 13 ਲੋਕ ਸਭਾ ਹਲਕਿਆਂ ਵਿੱਚੋਂ ਇੱਕ ਹੈ। ਇਸ 'ਚ ਪਿਛਲੇ 5 ਸਾਲ ਤੋਂ ਕਾਂਗਰਸ ਦੀ ਸੀਟ ਤੋਂ ਸੰਸਦ ਮੈਂਬਰ ਮਹੁੰਮਦ ਸਦੀਕ ਰਹੇ ਹਨ। ਇਸ ਸੀਟ 'ਤੇ ਇਸ ਵਾਰ ਮੁਕਾਬਲਾ ਪੰਜ ਕੋਣਾ ਹੁੰਦਾ ਜਾਪ ਰਿਹਾ ਹੈ, ਜਿਥੇ ਕਾਂਗਰਸ, ਆਪ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਉਮੀਦਵਾਰ ਲੜ ਰਹੇ ਹਨ। ਇਸ ਲੋਕ ਸਭਾ ਹਲਕੇ ਵਿਚ ਵੱਡੀਆਂ ਪਾਰਟੀਆਂ ਦੇ ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਕਾਂਗਰਸ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ ਨੂੰ ਮੈਦਾਨ ਵਿਚ ਉਤਾਰਿਆ ਹੈ। ਬੀਬੀ ਸਾਹੋਕੇ ਪਹਿਲਾਂ ਅਕਾਲੀ ਦਲ ਵਿਚ ਰਹਿ ਚੁੱਕੇ ਹਨ ਤੇ ਮੋਗਾ ਜ਼ਿਲ੍ਹੇ ਨਾਲ ਸਬੰਧਤ ਹਨ। ਉਹ ਜ਼ਿਲ੍ਹੇ ਦੀ ਪਹਿਲੀ ਮਹਿਲਾ ਉਮੀਦਵਾਰ ਹਨ। ਇਸ ਹਲਕੇ ਵਿਚ 'ਆਪ' ਨੇ ਕਰਮਜੀਤ ਅਨਮੋਲ, ਭਾਜਪਾ ਨੇ ਹੰਸ ਰਾਜ ਹੰਸ, ਸ੍ਰੋਮਣੀ ਅਕਾਲੀ ਦਲ (ਬਾਦਲ) ਨੇ ਰਾਜਵਿੰਦਰ ਸਿੰਘ ਧਰਮਕੋਟ ਅਤੇ ਬਸਪਾ ਨੇ ਗੁਰਬਖਸ਼ ਸਿੰਘ ਨੂੰ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਉਮੀਦਵਾਰਾਂ ਵਿੱਚੋਂ ਦੋ ਮਸ਼ਹੂਰ ਕਲਾਕਾਰ ਹਨ। ਇੱਥੇ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਅਤੇ 'ਆਪ' ਦੇ ਕਰਮਜੀਤ ਸਿੰਘ ਅਨਮੋਲ ਹਨ। ਹੁਣ



2024 'ਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਨੇ ਕਮਰ ਕੱਸ ਲਈ ਹੈ। ਫਰੀਦਕੋਟ ਲੋਕ-ਸਭਾ ਹਲਕਾ 1977 'ਚ ਹੋਂਦ 'ਚ ਆਇਆ ਸੀ ਅਤੇ ਉਸ ਸਮੇਂ ਇਸ 'ਚ ਫਰੀਦਕੋਟ, ਕੋਟਕਪੂਰਾ, ਪੰਜ-ਗਰਾਈ, ਮੋਗਾ, ਬਾਘਾਪੁਰਾਣਾ, ਮੁਕਤਸਰ, ਮਲੋਟ, ਗਿਦੜਬਾਹਾ ਅਤੇ ਲੰਬੀ ਵਿਧਾਨਸਭਾ ਦੇ 9 ਹਲਕੇ ਸ਼ਾਮਲ ਸਨ। 2009 ਦੀਆਂ ਚੋਣਾਂ ਸਮੇਂ ਫਰੀਦਕੋਟ ਲੋਕ-ਸਭਾ ਹਲਕਾ ਰੀਜਰਵ ਘੋਸ਼ਿਤ ਹੋ ਗਿਆ ਅਤੇ ਇਸ ਦੀ ਹੇਠਲੇ ਵਿਧਾਨਸਭਾ ਹਲਕਿਆਂ 'ਚ ਤਬਦੀਲੀ ਕਰ ਦਿੱਤੀ ਗਈ। ਹੁਣ ਇਹ ਲੋਕ-ਸਭਾ ਹਲਕਾ 9 ਵਿਧਾਨਸਭਾ ਹਲਕਿਆਂ 'ਚ ਵੰਡਿਆ ਹੋਇਆ ਹੈ- ਨਿਹਾਲ ਸਿੰਘ ਵਾਲਾ, ਬਾਗਾਪੁਰਾਣਾ, ਮੋਗਾ, ਧਰਮਕੋਟ, ਗਿੱਦੜਬਾਹਾ, ਫਰੀਦਕੋਟ, ਕੋਟਕਪੂਰਾ, ਜੈਤੋ, ਰਾਮਪੁਰਾ ਫੂਲ । ਫਰੀਦਕੋਟਲੋਕ ਸਭਾ ਸੀਟ ਚੋਣ ਕਮਿਸ਼ਨ ਦੇ ਹਲਕਿਆਂ ਦੀ ਸੂਚੀ ਵਿਚ ਹਲਕਾ ਨੰਬਰ 9। ਜੇਕਰ 1999 ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਇਸ ਹਲਕੇ ਵਿਚ 1999 ਦੀ ਗੱਲ ਕੀਤੀ ਜਾਵੇ ਤਾਂ ਕਾਂਗਰਸ ਤੋਂ ਜਗਮੀਤ ਸਿੰਘ ਬਰਾੜ੍ਹ ਨੇ ਆਪਣੇ ਪੈਰ ਜਮਾਏ ਸਨ। ਇਸੇ ਤਰ੍ਹਾਂ 2004 ਤੇ 2009 'ਚ ਲਗਾਤਾਰ ਯਾਨੀ 10 ਸਾਲ ਤੋਂ ਸ੍ਰੋਮਣੀ ਅਕਾਲੀ ਦਲ ਦਾ ਦਬਦਬਾ ਰਿਹਾ, ਜਿਸ 'ਚ 2004 'ਚ ਸੁਖਬੀਰ ਸਿੰਘ ਬਾਦਲ ਤੇ 2009 'ਚ ਪਰਮਜੀਤ ਕੌਰ ਗੁਲਸਨ ਸੰਸਦ ਮੈਂਬਰ ਹੋਏ। ਇਸ ਤੋਂ ਇਲਾਵਾ 2014 'ਚ ਆਮ ਆਦਮੀ ਪਾਰਟੀ ਤੋਂ ਸਾਧੂ ਸਿੰਘ ਨੇ ਜੀਤ ਹਾਸਲ ਕੀਤੀ ਸੀ ਅਤੇ ਪਿਛਲੇ 5 ਸਾਲਾਂ ਤੋਂ ਯਾਨੀ 2019 'ਚ ਸੀਟ 'ਤੇ ਦੁਬਾਰਾ ਕਾਂਗਰਸ ਪਾਰਟੀ ਸਾਹਮਣੇ ਆਏ, ਜਿਸ ਦੇ ਜੇਤੂ ਮੁਹੰਮਦ ਸਦੀਕ ਸਨ।

## ਗਰਮੀ ਕਢਾ ਰਹੀ ਲੋਕਾਂ ਦੇ ਵੱਟ, ਸਿਹਤ 'ਤੇ ਵੀ ਪੈ ਰਿਹਾ ਮਾੜਾ ਅਸਰ

ਕਪੂਰਥਲਾ 25 ਮਈ। ਜੇਠ ਮਹੀਨੇ ਦੀ ਗਰਮੀ ਨੇ ਜਨਜੀਵਨ 'ਤੇ ਬਹੁਤ ਮਾੜਾ ਪ੍ਰਭਾਵ ਪਾਇਆ ਹੈ। ਹਾਲਾਤ ਇਹ ਬਣ ਗਏ ਹਨ ਕਿ ਇਨ੍ਹੀਂ ਦਿਨੀਂ ਦਿਨ ਦਾ ਤਾਪਮਾਨ 48 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਿਆ ਹੈ, ਜੋਕਿ ਪਿਛਲੇ ਸਾਲਾਂ ਨਾਲੋਂ ਕਿਤੇ ਵੱਧ ਹੈ। ਵਧਦੀ ਗਰਮੀ ਅਤੇ ਚੱਲਣ ਵਾਲੀ ਲੂ ਦੇ ਥਪੇੜਿਆਂ ਦਾ ਸਾਹਮਣਾ ਕਰਕੇ ਲੋਕ ਆਪਣੇ ਕੰਮਕਾਜ ਵਾਲੇ ਥਾਵਾਂ 'ਤੇ ਪਹੁੰਚ ਰਹੇ ਹਨ। ਇਸ ਵਧਦੀ ਗਰਮੀ ਦੇ ਮੱਦੇਨਜਰ ਪੰਜਾਬ ਸਰਕਾਰ ਨੇ ਬੱਚਿਆਂ ਦੀ ਸਿਹਤ ਨੂੰ ਧਿਆਨ 'ਚ ਰੱਖਦਿਆਂ ਸਾਰੇ ਸਕੂਲਾਂ 'ਚ ਛੁੱਟੀ ਦਾ ਐਲਾਨ ਕੀਤਾ ਹੈ। ਹਾਲਾਤ ਇਹ ਬਣ ਗਏ ਹਨ ਕਿ ਹੁਣ 11 ਵਜੇ ਤੋਂ ਬਾਅਦ ਲੋਕ ਆਪਣੇ ਘਰਾਂ ਜਾਂ ਕੰਮ ਵਾਲੀਆਂ ਥਾਵਾਂ ਤੋਂ ਬਾਹਰ ਨਹੀਂ ਨਿਕਲਦੇ, ਜਿਸ ਕਾਰਨ ਜ਼ਿਆਦਾਤਰ ਬਾਜਾਰਾਂ ਅਤੇ ਮੁੱਖ ਸੜਕਾਂ 'ਤੇ ਆਵਾਜਾਈ ਆਮ ਨਾਲੋਂ ਬਹੁਤ ਘੱਟ ਹੈ। ਬਾਜਾਰਾਂ 'ਚ ਲੋਕਾਂ ਦੀ ਭੀੜ ਘੱਟ ਹੋਣ ਕਾਰਨ ਦੁਕਾਨਦਾਰਾਂ ਦਾ ਕਾਰੋਬਾਰ ਵੀ ਕਾਫੀ ਪ੍ਰਭਾਵਿਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਵਧਦੀ ਗਰਮੀ ਦੇ ਮੱਦੇਨਜਰ ਮੌਸਮ ਵਿਭਾਗ ਨੇ ਕੁਝ ਦਿਨਾਂ ਤੋਂ ਪਹਿਲਾਂ ਹੀ ਅਲਰਟ ਜਾਰੀ ਕਰਕੇ ਲੋਕਾਂ ਨੂੰ ਜਰੂਰੀ ਕੰਮਾਂ ਲਈ ਹੀ ਘਰਾਂ ਤੋਂ ਬਾਹਰ ਨਿਕਲਣ ਦੀ ਹਦਾਇਤ ਕੀਤੀ ਹੈ। ਅਜਿਹੇ 'ਚ ਲੋਕਾਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਅਜਿਹੀ ਅੱਤ ਦੀ ਗਰਮੀ ਤੇ ਚੱਲਣ ਵਾਲੀ ਲੂ ਜਿੱਥੇ ਲੋਕਾਂ ਦੀ ਸਿਹਤ 'ਤੇ ਬੁਰਾ ਅਸਰ ਪਾ ਰਹੀ ਹੈ, ਉੱਥੇ ਇਨ੍ਹੀਂ ਦਿਨੀਂ ਸਾਡੇ ਲਈ ਆਪਣੀ ਸਿਹਤ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੈ। ਇਸ ਦੇ ਨਾਲ ਹੀ ਮਨੁੱਖਤਾ ਦਾ ਫਰਜ ਨਿਭਾਉਂਦੇ ਹੋਏ ਸਾਨੂੰ ਆਪਣੇ ਘਰਾਂ ਦੀਆਂ ਛੱਤਾਂ 'ਤੇ ਪਾਣੀ ਨਾਲ ਭਰੇ ਮਿੱਟੀ ਦੇ ਬਰਤਨ ਰੱਖਣੇ ਚਾਹੀਦੇ ਹਨ